ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 50 | 21 December to 27 December 2022 | Ph.: (510) 240-5949 | Email: asrtimes@gmail.co m



**ਕੌਮਾਂਤਰੀ ਅੰਮ੍ਰਿਤਸਰ ਟਾਈਮਜ਼**
**ਵੱਲੋਂ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ**
**ਕੋਟਿਨ ਕੋਟ ਪ੍ਰਣਾਮ**



# ਧਰਨਿਆਂ ਤੇ ਗੈਂਗਸਟਰਾਂ ਕਾਰਨ ਧਰਮ ਸੰਕਟ ’ਚ ਪੰਜਾਬ ਸਰਕਾਰ

## ਜ਼ੀਰਾ ਸ਼ਰਾਬ ਫੈਕਟਰੀ ਵਿਵਾਦ ਦੌਰਾਨ ਪੁਲਿਸ ਤੇ ਧਰਨਾਕਾਰੀਆਂ ਵਿਚਾਲੇ ਹੋਈ ਝੜਪਾਂ ’ਚ ਕਈ ਕਿਸਾਨ ਤੇ ਪੁਲਿਸ ਮੁਲਾਜ਼ਮ ਜ਼ਖਮੀ, ਪੁਲਿਸ ਵੱਲੋਂ ਲਾਠੀਚਾਰਜ, ਬੈਰੀਕੇਡ ਤੋੜ ਕੇ ਧਰਨਾ ਸਥਾਨ ’ਤੇ ਪੁੱਜੇ ਕਿਸਾਨ

➢ਹਾਈਕੋਰਟ ਦਾ ਕਿਸਾਨ ਵਿਰੋਧੀ ਫੈਸਲਾ, ਪਹਿਲਾਂ ਧਰਨਾ ਖ਼ਤਮ ਕਰਨ ਕਿਸਾਨ ਤਾਂ ਹੀ ਮੰਗਾਂ ’ਤੇ ਵਿਚਾਰ ਲਈ ਗਠਿਤ ਹੋ ਸਕਦੀ ਹੈ ਕਮੇਟੀ
➢ ਟੋਲ ਪਲਾਜ਼ਿਆਂ ਖਿਲਾਫ ਕਿਸਾਨ ਅੰਦੋਲਨ ਛਿੜਿਆ ➢ ਲਤੀਫ਼ਪੁਰਾ ਉਜਾੜਾ : ਪੀੜਤਾਂ ਵੱਲੋਂ ਫਲੈਟਾਂ ’ਚ ਜਾਣ ਤੋਂ ਨਾਂਹ






ਫ਼ਿਰੋਜ਼ਪੁਰ/ਜ਼ੀਰਾ/ਏ.ਟੀ.ਨਿਊਜ਼ :- ਜਦੋਂ ਦੀ ਆਪ ਸਰਕਾਰ ਆਈ ਹੈ, ਉਹ ਲੋਕ ਮੁਜ਼ਾਹਰਿਆਂ ਕਾਰਨ ਧਰਮ ਸੰਕਟ ਵਿਚ ਘਿਰੀ ਹੋਈ ਹੈ। ਇਹ ਧਰਨੇ, ਮੁਜ਼ਾਹਰੇ ਤੇ ਜਲੂਸ ਉਸ ਸਮਾਜਿਕ ਬੇਚੈਨੀ ਦਾ ਪ੍ਰਤੀਕ ਹਨ ਜਿਸ ਨੇ ਪੰਜਾਬੀ ਸਮਾਜ ਨੂੰ ਕਈ ਦਹਾਕਿਆਂ ਤੋਂ ਗ੍ਰਸਿਆ ਹੋਇਆ ਹੈ। ਦਿਸ਼ਾਹੀਣ ਸਿੱਖਿਆ ਪ੍ਰਬੰਧ ਬੇਰੁਜ਼ਗਾਰਾਂ ਦੀ ਫ਼ੌਜ ਪੈਦਾ ਕਰ ਰਿਹਾ ਹੈ। ਇਸ ਵਿੱਦਿਅਕ ਢਾਂਚੇ ਤੋਂ ਸਿੱਖਿਆ ਪ੍ਰਾਪਤ ਕਰਦੇ ਨੌਜਵਾਨਾਂ ਕੋਲ ਡਿਗਰੀਆਂ ਤਾਂ ਹੁੰਦੀਆਂ ਹਨ ਪਰ ਪੰਜਾਬ ਦੇ ਆਰਥਿਕ ਢਾਂਚੇ ਕੋਲ ਉਨ੍ਹਾਂ ਨੂੰ ਦੇਣ ਲਈ ਨੌਕਰੀਆਂ ਨਹੀਂ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਕਾਂਡ ਜਿਸ ਨੇ ਅਕਾਲੀ ਸਰਕਾਰ ਸਮੇਤ ਤਿੰਨ ਸਰਕਾਰਾਂ ਹਜਮ ਕੀਤੀਆਂ, ਉਹ ਮਸਲਾ ਹਲ ਕਰਨ ਦਾ ਵਾਅਦਾ ਕਰਕੇ ਹੀ ਆਪ ਸਰਕਾਰ ਨੇ ਉਲਝਾਇਆ ਹੋਇਆ ਹੈ। ਪੰਜਾਬ ਗੈਂਗਸਟਰਾਂ ਤੇ ਕਰਾਈਮ ਦੀ ਧਰਤੀ ਬਣ ਚੁੱਕਾ ਹੈ ਤੇ ਬਿਜਨਸਮੈਨਾਂ ਤੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਕਤਲ ਹੋ ਰਹੇ ਹਨ। ਸਰਕਾਰ ਕੋਲ ਇਹ ਮਾਮਲੇ ਸੁਲਝੇ ਨਹੀਂ, ਪਰ ਉਸਦੀਆਂ ਰਾਜ ਮਦ ਵਾਲੀਆਂ ਨੀਤੀਆਂ ਨੇ ਉਸਨੂੰ ਲਤੀਫਪੁਰਾ ਜਲੰਧਰ ਵਿਚ ਗਰੀਬ ਸਿੱਖਾਂ ਦੇ ਘਰ ਉਜਾੜਨ ਕਾਰਨ ਤੇ ਜੀਰੇ ਦੀ ਸ਼ਰਾਬ ਫੈਕਟਰੀ ਜਿਸ ਨੇ ਆਲੇ ਦੁਆਲੇ ਪਿੰਡਾਂ ਦਾ ਪਾਣੀ ਤਬਾਹ ਕਰ ਦਿੱਤਾ, ਦੀ ਹਮਾਇਤ ਕਾਰਨ ਤੇ ਪੰਜਾਬ ਦੇ ਕਿਸਾਨਾਂ ਦੇ ਸੰਘਰਸ਼ ਨੂੰ ਸਟੇਟ ਦੇ ਡੰਡੇ ਨਾਲ ਕੁਚਲਣ ਕਾਰਨ ਪੰਜਾਬੀਆਂ ਦਾ ਵੱਡਾ ਵਿਰੋਧ ਸਹੇੜ ਬੈਠੀ ਹੈ ਤੇ ਬੁਰੀ ਤਰ੍ਹਾਂ ਧਰਮ ਸੰਕਟ ਵਿਚ ਫਸੀ ਹੋਈ ਹੈ। ਜ਼ੀਰੇ ਕੋਲ ਪਿੰਡ ਮਨਸੂਰਵਾਲ ਸ਼ਰਾਬ ਫੈਕਟਰੀ ਵਿਰੁੱਧ ਲਗਾਇਆ ਧਰਨਾ ਵੀ ਟਕਰਾਅ ਵਿਚ ਬਦਲ ਚੁੱਕਾ ਹੈ। ਪੁਲਿਸ ਵਲੋਂ ਧਰਨਾਕਾਰੀਆਂ ਨੂੰ ਹਟਾਉਣ ਲਈ ਕੀਤੀ ਗਈ ਕਾਰਵਾਈ ਤੋਂ ਬਾਅਦ ਭੜਕੇ ਲੋਕਾਂ ਨੇ ਰਾਸ਼ਟਰ ਰਾਜ ਮਾਰਗ ਜਾਮ ਕਰਨ ਦੀ (ਬਾਕੀ ਸਫ਼ਾ 34 ’ਤੇ)

## ਟੋਲ ਪਲਾਜ਼ਿਆਂ ਬਾਰੇ ਕਿਸਾਨੀ ਸੰਘਰਸ਼ ਮੁੜ ਭਖਿਆ



ਕਿਸਾਨਾਂ ਦੇ ਧਰਨਿਆਂ ਕਰਕੇ ਪੰਜਾਬ ਵਿੱਚ 18 ਟੋਲ ਪਲਾਜ਼ੇ ਫਰੀ ਹਨ। ਇੱਕ ਪਾਸੇ ਲੋਕ ਖੁਸ਼ ਹਨ ਪਰ ਦੂਜੇ ਪਾਸੇ ਟੋਲ ਕੰਪਨੀਆਂ ਵਸੂਲੀ ਬੰਦ ਹੋਣ ਕਰਕੇ ਕਾਫੀ ਪ੍ਰੇਸ਼ਾਨ ਹਨ। ਅਹਿਮ ਗੱਲ ਹੈ ਕਿ ਕਿਸਾਨ ਹੁਣ ਇਨ੍ਹਾਂ ਟੋਲ ਪਲਾਜ਼ਿਆਂ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਸਦਾ ਲਈ ਚੁੱਕਣ ਲਈ ਦਬਾਅ ਬਣਾ ਰਹੇ ਹਨ। ਟੋਲ ਪਲਾਜ਼ਿਆਂ ਖਿਲਾਫ ਅੰਦੋਲਨ ਖੜ੍ਹਾ ਹੋ ਚੁੱਕਾ ਹੈ।

ਕਿਸਾਨ ਲੀਡਰਾਂ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਲੱਗੇ ਟੋਲ ਪਲਾਜ਼ੇ ਗ਼ੈਰਕਾਨੂੰਨੀ ਹਨ ਕਿਉਂਕਿ ਜਦੋਂ ਕੋਈ ਵਿਅਕਤੀ ਵਾਹਨ ਖਰੀਦਦਾ ਹੈ ਤਾਂ ਉਹ ਪਹਿਲਾਂ ਹੀ ਰੋਡ ਟੈਕਸ ਭਰ ਦਿੰਦਾ ਹੈ, ਇਸ ਲਈ ਟੋਲ ਪਲਾਜ਼ਿਆਂ ਵੱਲੋਂ ਵਾਹਨ ਚਾਲਕਾਂ ਤੋਂ ਸੜਕਾਂ ਦੀ ਮੁਰੰਮਤ ਲਈ ਵਸੂਲਿਆ ਜਾਣ ਵਾਲਾ ਟੋਲ ਉਨ੍ਹਾਂ ਦੀ ਦੋਹਰੀ ਲੁੱਟ ਹੈ। ਉਨ੍ਹਾਂ ਕਿਹਾ ਕਿ ਇਹ (ਬਾਕੀ ਸਫ਼ਾ 34 ’ਤੇ)

## ਸੂਬੇ ਦੇ ਸਨਅਤਕਾਰ ਗੈਂਗਸਟਰਾਂ ਕਾਰਨ ਸਹਿਮੇ, ਧਰਨਿਆਂ ਦਾ ਮਾਹੌਲ ਪਰ ਮੁੱਖ ਮੰਤਰੀ ਬਾਹਰੋਂ ਨਿਵੇਸ਼ ਲਿਆਉਣ ’ਚ ਰੁੱਝੇ

ਜਲੰਧਰ : ਪੰਜਾਬ ਦੀ ਸਨਅੱਤ ਜੋ ਇਸ ਵੇਲੇ ਸੂਬੇ ਵਿਚਲੇ ਅੰਦੋਲਨਾਂ, ਧਰਨਿਆਂ, ਫਿਰੌਤੀਆਂ ਲਈ ਕਾਲਾਂ ਤੇ ਅਮਨ ਕਾਨੂੰਨ ਦੀਆਂ ਘਟਨਾਵਾਂ ਕਾਰਨ ਡਰ ’ਤੇ ਸਹਿਮ ਦੇ ਮਾਹੌਲ ’ਚੋਂ ਗੁਜਰ ਰਹੀ ਹੈ ਅਤੇ ਜਿਸ ਦਾ ਅਸਰ ਭਵਨ ਉਸਾਰੀ ਪ੍ਰਾਜੈਕਟਾਂ ਲਈ ਹੋ ਰਹੇ ਨਿਵੇਸ਼ ’ਤੇ ਅਚਾਨਕ ਲੱਗ ਰਹੀਆਂ ਬਰੇਕਾਂ ਤੋਂ ਵੀ ਨਜ਼ਰ ਆ ਰਿਹਾ ਹੈ, ਕੀ ਇਸ ਦੌਰਾਨ ਮੁੱਖ ਮੰਤਰੀ ਦੀਆਂ ਦੂਜੇ ਸੂਬਿਆਂ ਤੋਂ ਨਿਵੇਸ਼ ਲਿਆਉਣ ਦੀ ਕੋਸ਼ਿਸ਼ਾਂ ਨੂੰ ਬੂਰ ਪਵੇਗਾ? ਮੌਜੂਦਾ ਸਰਕਾਰ, ਜਿਸ ਵਲੋਂ ਆਪਣਾ ਪਲੇਠਾ ਨਿਵੇਸ਼ਕ ਸੰਮੇਲਨ 23-24 ਫਰਵਰੀ ਨੂੰ ਮੋਹਾਲੀ ਵਿਖੇ ਰੱਖੇ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਅਤੇ ਮੁੱਖ ਮੰਤਰੀ ਇਕ ਵਿਸ਼ੇਸ਼ ਚਾਰਟਡ ਜਹਾਜ਼ ਰਾਹੀਂ ਇਨ੍ਹਾਂ ਦਿਨਾਂ ਦੌਰਾਨ ਆਪਣੇ ਅਧਿਕਾਰੀਆਂ ਦੀ ਟੀਮ ਤੇ ਵਿਭਾਗੀ ਮੰਤਰੀ ਅਨਮੋਲ ਗਗਨ ਮਾਨ (ਬਾਕੀ ਸਫ਼ਾ 34 ’ਤੇ)

**ਮਾਮਲਾ ਗਰੀਬ ਸਿੱਖਾਂ ਦੇ ਉਜਾੜੇ ਦਾ**

## ਲਤੀਫਪੁਰਾ ਦੇ ਪੀੜਤਾਂ ਨੂੰ ਬਹੁਮੰਜ਼ਿਲੇ ਘਰ ਦੇਣ ਦੀ ਪੇਸ਼ਕਸ਼ ਮੁੜ ਵਸੇਬਾ ਕਮੇਟੀ ਨੇ ਠੁਕਰਾਈ

ਜਲੰਧਰ : ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਸ਼ਾਸਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ, ਡੀਸੀਪੀ ਜਗਮੋਹਨ ਸਿੰਘ ਨੇ ਲਤੀਫਪੁਰਾ ਜਾ ਕੇ ਮੁੜ ਵਸੇਬਾ ਕਮੇਟੀ ਨਾਲ ਗੱਲਬਾਤ ਕਰ ਕੇ ਬੀਬੀ ਭਾਨੀ ਕੰਪਲੈਕਸ ਵਿੱਚ ਫਲੈਟ ਦੇਣ ਦੀ ਪੇਸ਼ਕਸ਼ ਕੀਤੀ ਸੀ। ਪ੍ਰਸ਼ਾਸਨ ਵੱਲੋਂ ਗਏ ਅਧਿਕਾਰੀਆਂ ਨੇ ਉਜਾੜੇ ਵਾਲੀ ਥਾਂ ਜਾ ਕੇ ਮੁੜ ਵਸੇਬੇ ਲਈ ਬਣੀ 14 ਮੈਂਬਰੀ ਕਮੇਟੀ ਨਾਲ ਮੀਟਿੰਗ ਕੀਤੀ। ਕਮੇਟੀ ਆਗੂਆਂ ਨੇ ਸਰਕਾਰ ਵੱਲੋਂ ਹੋਰ ਥਾਂ ’ਤੇ ਫਲੈਟ ਦੇਣ ਦੀ ਪੇਸ਼ਕਸ਼ ਇਹ ਕਹਿੰਦਿਆਂ ਠੁਕਰਾ ਦਿੱਤੀ ਕਿ ਪੀੜਤ ਪਰਿਵਾਰਾਂ ਨੂੰ ਉਸ ਉਜਾੜੇ ਵਾਲੀ ਥਾਂ ’ਤੇ ਹੀ ਵਸਾਇਆ ਜਾਵੇ।

**ਸਰਕਾਰ ਬਹਿਬਲ ਕਲਾਂ ਦਾ ਇਨਸਾਫ ਨਾ ਦੇ ਸਕੀ**

## ਤਰਸ ਦੇ ਆਧਾਰ ’ਤੇ ਮਿਲੀ ਸਰਕਾਰੀ ਨੌਕਰੀ ਪ੍ਰਭਦੀਪ ਨੇ ਛੱਡੀ

ਕੋਟਕਪੂਰਾ/ਏ.ਟੀ.ਨਿਊਜ਼ :- ਬਹਿਬਲ ਕਲਾਂ ਗੋਲੀਕਾਂਡ ’ਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਛੋਟੇ ਪੁੱਤਰ ਪ੍ਰਭਦੀਪ ਸਿੰਘ ਨੇ ਪਿਤਾ ਦੀ ਮੌਤ ਲਈ ਇਨਸਾਫ਼ ਨਾ ਦਿਵਾਏ ਜਾਣ ਦੇ ਰੋਸ ਵਜੋਂ ਸਰਕਾਰ ਵੱਲੋਂ ਤਰਸ ਦੇ ਆਧਾਰ ’ਤੇ ਮਿਲੀ ਸਰਕਾਰੀ ਨੌਕਰੀ ਛੱਡ ਦਿੱਤੀ ਹੈ। ਇਹ ਐਲਾਨ ਉਸ ਵੱਲੋਂ ਬਹਿਬਲ ਕਲਾਂ ’ਚ ਆਪਣੇ ਭਰਾ ਸੁਖਰਾਜ ਸਿੰਘ ਨਿਆਮੀ ਵਾਲਾ ਦੀ ਅਗਵਾਈ ਹੇਠ ਚੱਲ ਰਹੇ ਇਨਸਾਫ਼ ਮੋਰਚੇ ਦੌਰਾਨ ਕੀਤਾ ਗਿਆ। ਪ੍ਰਭਦੀਪ ਸਿੰਘ ਨੂੰ 2015 ਵਿੱਚ ਹੋਈ ਉਸ ਦੇ ਪਿਤਾ ਦੀ ਮੌਤ ਮਗਰੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਬਲ ਕਲਾਂ ਵਿੱਚ ਕਰਲਕ ਦੀ ਨੌਕਰੀ ਮਿਲੀ ਸੀ। ਪ੍ਰਭਦੀਪ ਸਿੰਘ ਨੇ ਕਿਹਾ ਕਿ ਉਸ ਦੇ ਪਰਿਵਾਰ ਨੂੰ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਦਾ ਇਨਸਾਫ਼ ਚਾਹੀਦਾ ਹੈ ਤੇ ਇਸ ਦੇ ਇਵਜ਼ ਵਿੱਚ ਕੋਈ ਲਾਭ ਨਹੀਂ ਚਾਹੀਦਾ।

# ਭਾਰਤੀਆਂ ਦਾ ਅਮਰੀਕਨ ਗ੍ਰੀਨ ਕਾਰਡ ਹਾਸਲ ਕਰਨ ਦਾ ਸੁਪਨਾ ਫਿਰ ਚਕਨਾਚੂਰ ਹੋਇਆ, 'ਈਗਲ ਐਕਟ' ਖਾਰਿਜ

ਨਿਊਯਾਰਕ/ਏ.ਟੀ.ਨਿਊਜ਼ :- ਅਮਰੀਕਾ ਵਿਚ ਰਹਿ ਰਹੇ ਭਾਰਤੀਆਂ ਨੂੰ ਵੱਡਾ ਝਟਕਾ ਲੱਗਾ ਹੈ। ਉਨ੍ਹਾਂ ਦਾ ਗ੍ਰੀਨ ਕਾਰਡ ਹਾਸਲ ਕਰਨ ਦਾ ਸੁਪਨਾ ਫਿਰ ਚਕਨਾਚੂਰ ਹੋ ਗਿਆ ਹੈ। ਪ੍ਰਤੀਨਿਧ ਸਦਨ ਵਿੱਚ ਸਪੀਕਰ ਨੈਨਸੀ ਪੇਲੋਸੀ ਨੇ ਵੋਟਿੰਗ ਤੋ ਪਹਿਲਾਂ ਈਗਲ ਐਕਟ ਨੂੰ ਰੱਦ ਕਰ ਦਿੱਤਾ। ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀ ਦੇ ਨੇਤਾਵਾਂ ਦੇ ਵੱਡੇ ਹਿੱਸੇ ਨੇ ਇਸ ਦਾ ਵਿਰੋਧ ਕੀਤਾ। ਆਗੂਆਂ ਨੇ ਕਿਹਾ ਕਿ ਇਸ ਐਕਟ ਦੇ ਲਾਗੂ ਹੋਣ ਨਾਲ ਅਮਰੀਕਾ ਵਿੱਚ ਭਾਰਤੀਆਂ ਅਤੇ ਚੀਨੀ ਨਾਗਰਿਕਾਂ ਦਾ ਦਬਦਬਾ ਹੋਰ ਵਧੇਗਾ।




**ਕੀ ਹੈ ਈਗਲ ਐਕਟ ਬਾਰੇ ?**

ਹਰ ਦੇਸ਼ ਲਈ ਗ੍ਰੀਨ ਕਾਰਡਾਂ ਦਾ ਕਰਮਚਾਰੀ ਅਧਾਰਤ 7% ਕੋਟਾ ਤੈਅ ਹੈ। ਈਗਲ ਐਕਟ ਇਸ ਕੋਟੇ ਨੂੰ 15% ਕਰ ਦਿੰਦਾ ਹੈ। ਇਸ ਨਾਲ 'ਪਹਿਲਾਂ ਆਓ, ਪਹਿਲਾਂ ਪਾਓ' ਪ੍ਰਣਾਲੀ ਰਾਹੀਂ ਭਾਰਤ ਦੇ ਲੋਕ ਆਸਾਨੀ ਨਾਲ ਗ੍ਰੀਨ ਕਾਰਡ ਪ੍ਰਾਪਤ ਕਰ ਸਕਣਗੇ। ਇਸ ਸਮੇਂ ਭਾਰਤੀਆਂ ਲਈ ਗ੍ਰੀਨ ਕਾਰਡ ਲਈ ਉਡੀਕ ਸਮਾਂ 90 ਸਾਲ ਹੈ, ਜੋ 2030 ਤੱਕ ਵਧ ਕੇ 458 ਸਾਲ ਹੋ ਜਾਵੇਗਾ। ਅਜਿਹੇ 'ਚ ਇਸ ਐਕਟ ਦੇ ਰੱਦ ਹੋਣ ਨਾਲ ਅਮਰੀਕਾ 'ਚ ਭਾਰਤੀਆਂ ਦੀਆਂ ਮੁਸ਼ਕਿਲਾਂ ਵਧ ਜਾਣਗੀਆਂ।

**ਅਮਰੀਕੀ ਸੰਸਦ ਦੇ ਨੇਤਾਵਾਂ ਨੇ ਐਕਟ ਨੂੰ ਕੀਤਾ ਰੱਦ**

ਅਮਰੀਕੀ ਸੰਸਦ ਵਿਚ ਨੇਤਾਵਾਂ ਨੇ ਕਿਹਾ ਕਿ ਜੇਕਰ ਇਹ ਐਕਟ ਲਾਗੂ ਹੁੰਦਾ ਹੈ ਤਾਂ ਕਈ ਦੇਸ਼ਾਂ ਨੂੰ ਅਸਮਾਨਤਾ ਦਾ ਸਾਹਮਣਾ ਕਰਨਾ ਪਵੇਗਾ। ਜਿਨ੍ਹਾਂ ਦੇਸ਼ਾਂ ਵਿੱਚ ਮਜ਼ਦੂਰ ਵਰਗ ਕਮਜ਼ੋਰ ਹੈ, ਉਨ੍ਹਾਂ ਨੂੰ ਇੱਥੇ ਆਉਣ ਦਾ ਮੌਕਾ ਨਹੀਂ ਮਿਲੇਗਾ। ਰਿਪਬਲਿਕਨ ਨੇਤਾ ਰਿਪ ਜਿਮ ਬੈਂਕਸ ਨੇ ਕਿਹਾ ਕਿ ਘੁਸਪੈਠ ਕਰਨ ਵਾਲੇ ਪ੍ਰਵਾਸੀਆਂ ਨੂੰ ਪਹਿਲਾਂ ਰੋਕਿਆ ਜਾਣਾ ਚਾਹੀਦਾ ਹੈ, ਫਿਰ ਐਕਟ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਡੈਮੋਕ੍ਰੇਟਿਕ ਪਾਰਟੀ ਦੀ ਨੇਤਾ ਯਵੇਟ ਕਲਾਰਕ ਨੇ ਕਿਹਾ ਕਿ ਈਗਲ ਐਕਟ ਦੇ ਪਾਸ ਹੋਣ ਨਾਲ ਭਾਰਤ ਜਾਂ ਚੀਨ ਦੇ ਲੋਕਾਂ ਦੇ ਦਬਦਬੇ ਦਾ ਪਹਿਲਾਂ ਨਾਲੋਂ ਜ਼ਿਆਦਾ ਖ਼ਤਰਾ ਹੈ।

**ਲੋਕਾਂ ਨੇ ਬਿੱਲ ਦੇ ਸਮਰਥਕ ਨੇਤਾਵਾਂ 'ਤੇ ਲਗਾਏ ਦੋਸ਼**

ਜਿਵੇਂ ਹੀ ਬਿੱਲ ਨੂੰ ਰੱਦ ਕਰਨ ਦਾ ਫ਼ੈਸਲਾ ਆਇਆ ਤਾਂ ਲੋਕਾਂ ਨੇ ਇਸ ਬਿੱਲ ਦਾ ਸਮਰਥਨ ਕਰਨ ਵਾਲੇ ਨੇਤਾਵਾਂ 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ। ਇਮੀਗ੍ਰੇਸ਼ਨ ਵਾਇਸ ਨਾਮ ਦੇ ਸੰਗਠਨ ਨੇ ਬਿੱਲ ਦੇ ਜਾਣੇ-ਪਛਾਣੇ ਸਮਰਥਕ, ਡੈਮੋਕ੍ਰੇਟਿਕ ਨੇਤਾ ਜੋਈ ਲੋਫਗ੍ਰੇਨ 'ਤੇ ਬਿੱਲ ਦੀ ਸ਼ੁਰੂਆਤ ਵਿਚ ਜਾਣਬੁੱਝ ਕੇ ਦੇਰੀ ਕਰਨ ਦਾ ਦੋਸ਼ ਲਗਾਇਆ ਤਾਂ ਜੋ ਸਦਨ ਦਾ ਸੈਸ਼ਨ ਖ਼ਤਮ ਹੋ ਸਕੇ। ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਪੇਲੋਸੀ ਦੀ ਕਰੀਬੀ ਦੋਸਤ ਵੀ ਹੈ।

**ਬਿੱਲ ਪਾਸ ਹੋਣ ਨਾਲ ਤਕਨੀਕੀ ਕੰਪਨੀਆਂ ਨੂੰ ਨੁਕਸਾਨ**

ਇਕ ਸੂਤਰ ਨੇ ਇਮੀਗ੍ਰੇਸ਼ਨ ਵਾਇਸ ਨੂੰ ਦੱਸਿਆ ਕਿ ਵੱਡੀਆਂ ਤਕਨੀਕੀ ਕੰਪਨੀਆਂ ਨਹੀਂ ਚਾਹੁੰਦੀਆਂ ਕਿ ਬਿੱਲ ਪਾਸ ਹੋਵੇ। ਉਹ ਵੀਜ਼ਾ 'ਤੇ ਭਾਰਤੀਆਂ ਨੂੰ ਘੱਟ ਤਨਖ਼ਾਹ ਵਾਲੀਆਂ ਨੌਕਰੀਆਂ 'ਤੇ ਰੱਖਦੇ ਹਨ। ਗ੍ਰੀਨ ਕਾਰਡ ਦਿਵਾਉਣ ਦਾ ਲਾਲਚ ਵੀ ਦਿੰਦੀਆਂ ਹਨ। ਪਰ ਜੇਕਰ ਇਨ੍ਹਾਂ ਮੁਲਾਜ਼ਮਾਂ ਨੂੰ ਗ੍ਰੀਨ ਕਾਰਡ ਮਿਲ ਜਾਂਦਾ ਹੈ ਤਾਂ ਉਨ੍ਹਾਂ ਦੀਆਂ ਤਨਖ਼ਾਹਾਂ ਵਿੱਚ ਵਾਧਾ ਕਰਨਾ ਪਵੇਗਾ। ਨਾਲ ਹੀ, ਉਹ ਆਸਾਨੀ ਨਾਲ ਕਿਸੇ ਹੋਰ ਕੰਪਨੀ ਵਿੱਚ ਜਾ ਸਕਣਗੇ।

## ਭਾਰਤੀਆਂ ਨੇ ਬਾਈਡਨ ਤੋਂ ਆਰਡੀਨੈਂਸ ਲਿਆਉਣ ਦੀ ਕੀਤੀ ਮੰਗ



ਅਮਰੀਕਾ ਵਿੱਚ ਰਹਿ ਰਹੇ ਭਾਰਤੀ ਰਾਸ਼ਟਰਪਤੀ ਜੋਅ ਬਾਈਡਨ ਤੋਂ ਈਗਲ ਐਕਟ ਨੂੰ ਆਰਡੀਨੈਂਸ ਵਜੋਂ ਲਿਆਉਣ ਦੀ ਮੰਗ ਕਰ ਰਹੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਮਾਮਲਾ ਅਦਾਲਤ ਵਿੱਚ ਵੀ ਜਾ ਸਕਦਾ ਹੈ। ਡਾਕਟਰ ਵਜੋਂ ਕੰਮ ਕਰਨ ਵਾਲੇ ਰਾਜ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਭਾਰਤੀਆਂ ਨਾਲ ਬਹੁਤ ਵਿਤਕਰਾ ਹੁੰਦਾ ਹੈ। ਹੁਣ ਮੈਂ ਕੈਨੇਡਾ ਜਾਂ ਇੰਡੀਆ ਜਾਣ ਦਾ ਮਨ ਬਣਾ ਲਿਆ ਹੈ।



# ਮਾਂ ਤੋਂ ਜ਼ਿਆਦਾ ਪਿਤਾ ਤੋਂ ਨਰਾਜ਼ ਹੁੰਦੀਆਂ ਹਨ ਧੀਆਂ

## 14 ਸਾਲ ਦੀ ਉਮਰ ਤੋਂ ਬਾਅਦ ਬੱਚਿਆਂ ਤੇ ਮਾਤਾ-ਪਿਤਾ ਦੇ ਰਿਸ਼ਤੇ ਵਿੱਚ ਆ ਜਾਂਦੀ ਏ ਦੂਰੀ

### ਅਮਰੀਕਾ ਵਿਚ ਹਰ ਚੌਥਾ ਨੌਜਵਾਨ ਆਪਣੇ ਪਿਤਾ ਤੋਂ ਦੂਰ ਸਟੱਡੀ ਫਾਇੰਡ ਆਰਗ ਕੈਲੀਫੋਰਨੀਆ ਦੀ ਵਿਸ਼ੇਸ਼ ਰਿਪੋਰਟ

ਵਾਸ਼ਿੰਗਟਨ/ਏ.ਟੀ.ਨਿਊਜ਼ :-ਇੱਕ ਬਹੁਤ ਪੁਰਾਣੀ ਕਹਾਵਤ ਹੈ, ਧੀਆਂ ਪਿਤਾ ਦੀਆਂ ਲਾਡਲੀਆਂ ਹੁੰਦੀਆਂ ਹਨ ਅਤੇ ਧੀਆਂ ਦਾ ਪਹਿਲਾ ਨਾਇਕ ਉਨ੍ਹਾਂ ਦਾ ਪਿਤਾ ਹੁੰਦਾ ਹੈ। ਇਸ ਦੇ ਬਾਵਜੂਦ, ਵਧਦੀ ਉਮਰ ਅਤੇ ਜਵਾਨੀ ਵਿੱਚ ਇੱਕ ਸਮਾਂ ਅਜਿਹਾ ਆਉਂਦਾ ਹੈ, ਜਦੋਂ ਧੀਆਂ ਆਪਣੇ ਪਿਤਾ ਤੋਂ ਦੂਰ ਹੋ ਜਾਂਦੀਆਂ ਹਨ। ਉਹ ਆਪਣੇ ਮਨ ਦੀ ਗੱਲ ਕਰਨੀ ਬੰਦ ਕਰ ਦਿੰਦੀਆਂ ਹਨ। ਉਹ ਆਪਣੇ ਪਿਤਾ ਦੀ ਸਲਾਹ ਨੂੰ ਪਸੰਦ ਨਹੀਂ ਕਰਦੀਆਂ ਅਤੇ ਕਈ ਵਾਰ ਬਾਗੀ ਰਵੱਈਆ ਅਪਣਾ ਲੈਂਦੀਆਂ ਹਨ।ਇਹ ਖ਼ੁਲਾਸਾ ਅਮਰੀਕਾ ਦੀ ਓਹੀਓ ਸਟੇਟ ਯੂਨੀਵਰਸਿਟੀ ਨੇ ਹੁਣੇ ਕੀਤੀ ਇੱਕ ਖੋਜ ਵਿੱਚ ਕੀਤਾ ਹੈ।ਇਸ ਖ਼ੋਜ ਤਹਿਤ ਪਤਾ ਲੱਗਾ ਹੈ ਕਿ 14 ਤੋਂ 22 ਸਾਲ ਦੀ ਉਮਰ ਦੇ 26% ਨੌਜਵਾਨ ਕਿਸੇ ਨਾ ਕਿਸੇ ਮੁੱਦੇ ’ਤੇ ਆਪਣੇ ਪਿਤਾ ਤੋਂ ਵੱਖ ਹੋ ਜਾਂਦੇ ਹਨ। ਪਰ, ਇਹ ਲੰਬੇ ਸਮੇਂ ਤੱਕ ਨਹੀਂ ਚੱਲਦਾ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਬੱਚੇ ਇਸ ਪਾੜੇ ਨੂੰ ਪੂਰਾ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਸ ਮਾਮਲੇ ਵਿੱਚ ਵੀ ਧੀਆਂ ਅੱਗੇ ਹਨ। ਉਹ ਪੁੱਤਰਾਂ ਨਾਲੋਂ 22% ਵੱਧ ਆਪਣੇ ਪਿਓ ਨਾਲ ਗੁੱਸੇ ਹੁੰਦੀਆਂ ਹਨ। ਜੇਕਰ ਅਸੀਂ ਮਾਂ ਤੋਂ ਦੂਰੀ ਹੋਣ ਜਾਂ ਨਰਾਜ਼ ਹੋਣ ਦੀ ਗੱਲ ਕਰੀਏ, ਤਾਂ ਪਿਤਾ ਦੇ ਮੁਕਾਬਲੇ ਪੁੱਤਰ ਅਤੇ ਧੀਆਂ ਦੋਵਾਂ ਦੀ ਮਾਂ ਤੋਂ ਦੂਰ ਹੋਣ ਦੀ ਸੰਭਾਵਨਾ ਸਿਰਫ 6% ਹੈ।



**ਆਪਸੀ ਸਹਿਮਤੀ ਦੀ ਘਾਟ ਕਾਰਨ ਵਧ ਜਾਂਦੀ ਹੈ ਦੂਰੀ**

ਓਹੀਓ ਸਟੇਟ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਦੇ ਪ੍ਰੋਫ਼ੈਸਰ ਰਿਨ ਰਾਜ਼ੇਕ ਦਾ ਕਹਿਣਾ ਹੈ ਕਿ ਕਿਸ਼ੋਰ ਅਵਸਥਾ ਦੌਰਾਨ ਬਹੁਤ ਸਾਰੀਆਂ ਸਰੀਰਕ, ਮਾਨਸਿਕ ਅਤੇ ਸਮਾਜਿਕ ਤਬਦੀਲੀਆਂ ਹੁੰਦੀਆਂ ਹਨ, ਜਿਵੇਂ ਕਿ ਸਕੂਲ ਤੋਂ ਕਾਲਜ, ਨੌਕਰੀ, ਵਿਆਹ ਆਦਿ। ਇਨ੍ਹਾਂ ਤਬਦੀਲੀਆਂ ਦੇ ਫੈਸਲੇ ਵਿਚ ਪਿਤਾ ਦੀ ਸੋਚ ਨਾਲ ਸਹਿਮਤ ਨਾ ਹੋਣਾ ਦੂਰੀ ਪੈਦਾ ਕਰਦਾ ਹੈ।ਖੋਜ ਨੇ ਦਿਖਾਇਆ ਹੈ ਕਿ ਬੱਚਿਆਂ ਦੇ ਪਿਤਾ ਤੋਂ ਵੱਖ ਹੋਣ ਦੀ ਔਸਤ ਉਮਰ 23 ਸਾਲ ਹੈ, ਜਦੋਂ ਕਿ ਮਾਂ ਤੋਂ ਵੱਖ ਹੋਣ ਦੀ ਔਸਤ ਉਮਰ 26 ਸਾਲ ਹੈ।ਵਿਆਹੇ ਹੋਏ ਅਤੇ ਤਲਾਕਸ਼ੁਦਾ ਪੁੱਤਰ-ਧੀਆਂ ਆਪਣੇ ਮਾਪਿਆਂ ਤੋਂ ਦੂਰੀ ਬਣਾ ਲੈਂਦੇ ਹਨ। ਪਰ ਜਦੋਂ ਉਨ੍ਹਾਂ ਦੇ ਆਪਣੇ ਬੱਚੇ ਹੁੰਦੇ ਹਨ ਤਾਂ ਉਨ੍ਹਾਂ ਦੀ ਸੋਚ ਬਦਲ ਜਾਂਦੀ ਹੈ। ਅਜਿਹੇ ਵੇਲੇ ਨਵੇਂ ਮਾਪਿਆਂ ਦੀ ਆਪਣੇ ਮਾਪਿਆਂ ਨਾਲ ਨੇੜਤਾ ਵਧ ਜਾਂਦੀ ਹੈ।

ਦੂਰੀ ਤੋਂ ਬਾਅਦ ਜਦੋਂ ਫਿਰ ਨੇੜਤਾ ਬਣ ਜਾਂਦੀ ਹੈ ਤਾਂ ਧੀ ਮਾਂ ਨਾਲ ਅਤੇ ਪੁੱਤਰ ਪਿਤਾ ਨਾਲ ਹੋਰ ਡੂੰਘੀ ਸਾਂਝ ਮਹਿਸੂਸ ਕਰਦੇ ਹਨ। ਪ੍ਰੋਫ਼ੈਸਰ ਰੇਜ਼ਾਕ ਦੀ ਖੋਜ ਦੱਸਦੀ ਹੈ ਕਿ 87% ਸਮਲਿੰਗੀ ਬੱਚੇ ਆਪਣੇ ਪਿਤਾ ਤੋਂ ਦੂਰ ਹੋ ਜਾਂਦੇ ਹਨ। ਕਈ ਮਾਮਲਿਆਂ ਵਿੱਚ, ਉਨ੍ਹਾਂ ਦਾ ਇੱਕ ਦੂਜੇ ਨਾਲ ਵਿਚਾਰ,ਸੰਚਾਰ ਅਤੇ ਗੱਲਬਾਤ ਵੀ ਪੂਰੀ ਤਰ੍ਹਾਂ ਬੰਦ ਹੋ ਜਾਂਦੀ ਹੈ।

ਇਸ ਮੌਕੇ ’ਤੇ ਜੇਕਰ ਪਿਤਾ ਬੱਚਿਆਂ ਨਾਲ ਥੋੜੀ ਜਿਹੀ ਸਮਝਦਾਰੀ ਨਾਲ ਗੱਲ ਕਰ ਲੈਣ ਤਾਂ ਦੂਰੀਆਂ ਘੱਟ ਹੋ ਜਾਂਦੀਆਂ ਹਨ।

ਪ੍ਰੋਫ਼ੈਸਰ ਰੇਜ਼ਾਕ ਦਾ ਕਹਿਣਾ ਹੈ ਕਿ ਇਨ੍ਹਾਂ ਦੂਰੀਆਂ ਨੂੰ ਖਤਮ ਕਰਨ ਲਈ ਬੱਚਿਆਂ ਅਤੇ ਮਾਪਿਆਂ ਦੋਵਾਂ ਨੂੰ ਕੋਸ਼ਿਸ਼ ਕਰਨੀ ਪੈਂਦੀ ਹੈ। ਪੜ੍ਹੇ-ਲਿਖੇ ਅਤੇ ਨੌਕਰੀਪੇਸ਼ਾ ਪਿਤਾ ਇਸ ਦੂਰੀ ਨੂੰ ਆਸਾਨੀ ਨਾਲ ਘਟਾ ਸਕਦੇ ਹਨ।

ਇਸ ਦੇ ਲਈ ਜ਼ਰੂਰੀ ਹੈ ਕਿ ਪਿਤਾ ਆਪਣੇ ਬੱਚਿਆਂ ਨਾਲ ਗੱਲ ਕਰਨ। ਆਪਣੇ ਫੈਸਲੇ ਬੱਚਿਆਂ ’ਤੇ ਥੋਪੇ ਨਾ ਜਾਣ ਅਤੇ ਉਨ੍ਹਾਂ ਨਾਲ ਉਨ੍ਹਾਂ ਸਾਰੇ ਵਿਸ਼ਿਆਂ ’ਤੇ ਗੱਲ ਕੀਤੀ ਜਾਵੇ ਭਾਵੇਂ ਬੱਚਿਆਂ ਦੇ ਉਸ ਵਿਸ਼ੇ ’ਤੇ ਵਿਚਾਰ ਵੱਖੋ-ਵੱਖਰੇ ਕਿਉਂ ਨਾ ਹੋਣ। ਉਨ੍ਹਾਂ ਦੇ ਵਿਚਾਰ ਸੁਣਨ ਦੀ ਲੋੜ ਹੈ। ਕਈ ਮਸਲਿਆਂ ਵਿਚ ਬੱਚਿਆਂ ਦਾ ਕਹਿਣਾ ਮੰਨਣ ਵਿਚ ਕੋਈ ਹਰਜ਼ ਨਹੀਂ ਹੁੰਦਾ।

# ਚੀਨ ’ਚ ਭਿਆਨਕ ਰੂਪ ਧਾਰਨ ਸਕਦੈ ਕੋਰੋਨਾ, 20 ਲੱਖ ਲੋਕਾਂ ਦੀ ਹੋ ਸਕਦੀ ਹੈ ਮੌਤ

## ਇੱਕ ਵਿਅਕਤੀ 22 ਲੋਕਾਂ ਵਿੱਚ ਵਾਇਰਸ ਦਾ ਸੰਚਾਰ ਕਰ ਸਕਦਾ: ਸਿਹਤ ਮਾਹਿਰ

ਹਾਂਗਕਾਂਗ/ਏ.ਟੀ.ਨਿਊਜ਼ :- ਚੀਨ ਵਿੱਚ ਕੋਰੋਨਾ ਵਾਇਰਸ ਨੂੰ ਲੈ ਕੇ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਕਈ ਸੂਬਿਆਂ ਵਿੱਚ ਮਾਮਲੇ ਅਜੇ ਵੀ ਵਧ ਰਹੇ ਹਨ। ਰਿਪੋਰਟਾਂ ਦੀ ਮੰਨੀਏ ਤਾਂ ਹੁਣ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਭੀੜ ਲੱਗੀ ਹੋਈ ਹੈ। ਇਸ ਦੌਰਾਨ ਹਾਂਗਕਾਂਗ ਦੇ ਖੋਜਕਰਤਾਵਾਂ ਨੇ ਇਕ ਖੋਜ ਕੀਤੀ ਹੈ, ਜਿਸ ਕਾਰਨ ਚੀਨ ਵਿਚ ਡਰ ਦਾ ਮਾਹੌਲ ਪੈਦਾ ਹੋ ਸਕਦਾ ਹੈ। ਖੋਜਕਰਤਾਵਾਂ ਦੇ ਇੱਕ ਨਵੇਂ ਅਧਿਐਨ ਦੇ ਅਨੁਸਾਰ, ਕੋਵਿਡ -19 ਨਾਲ ਚੀਨ ਵਿੱਚ 20 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਸਕਦੀ ਹੈ, ਕਿਉਂਕਿ ਸਰਕਾਰ ਤੇਜ਼ੀ ਨਾਲ ਕੋਰੋਨਾ ਪਾਬੰਦੀਆਂ ਨੂੰ ਖ਼ਤਮ ਕਰ ਰਹੀ ਹੈ।

ਖੋਜਕਰਤਾਵਾਂ ਨੇ ਰਿਪੋਰਟ ਵਿੱਚ ਲਿਖਿਆ ਹੈ ਕਿ ਜੇਕਰ ਚੀਨ ਨੂੰ ਜਨਵਰੀ 2023 ਤੱਕ ਨਹੀਂ ਖੋਲਿਆ ਜਾਂਦਾ ’ਤੇ



ਐਂਟੀਵਾਇਰਲ ਦਵਾਈਆਂ ਤੱਕ ਪਹੁੰਚ ਹੁੰਦੀ ਹੈ, ਤਾਂ ਮੌਤਾਂ ਦੀ ਗਿਣਤੀ ਵਿੱਚ 26% ਦੀ ਕਮੀ ਆ ਸਕਦੀ ਹੈ।

**ਚੀਨ ਵਿੱਚ ਕੋਰੋਨਾ ਦਾ ਪ੍ਰਕੋਪ**

ਜ਼ਿਕਰਯੋਗ ਹੈ ਕਿ ਸਿਰਫ਼ ਇੱਕ ਹਫ਼ਤਾ ਪਹਿਲਾਂ ਹੀ ਚੀਨ ਨੇ ਜ਼ੀਰੋ ਕੋਵਿਡ ਨੀਤੀ ਵਿੱਚ ਕਾਫ਼ੀ ਹੱਦ ਤੱਕ ਢਿੱਲ ਦਿੱਤੀ ਹੈ। ਇਸ ਤੋਂ ਨਾਗਰਿਕਾਂ ਨੂੰ ਬੇਸ਼ੱਕ ਰਾਹਤ ਮਿਲੀ ਹੈ ਪਰ ਹੁਣ ਹਾਲਾਤ ਪਹਿਲਾਂ ਨਾਲੋਂ ਵੀ ਬਦਤਰ ਹੁੰਦੇ ਜਾ ਰਹੇ ਹਨ। ਬੀਜਿੰਗ ਦੇ ਸਿਹਤ ਕਮਿਸ਼ਨ ਦੇ ਬੁਲਾਰੇ ਲੀ ਐਂਗ ਨੇ ਕਿਹਾ, ਬੀਜਿੰਗ ਵਿੱਚ ਮਹਾਂਮਾਰੀ ਦੇ ਤੇਜ਼ੀ ਨਾਲ ਫੈਲਣ ਦਾ ਮੌਜੂਦਾ ਰੁਝਾਨ ਅਜੇ ਵੀ ਮੌਜੂਦ ਹੈ।ਬੁਖ਼ਾਰ ਤੇ ਫਲੂ ਵਰਗੇ ਮਾਮਲਿਆਂ ਤੋਂ ਬਾਅਦ ਕਲੀਨਿਕ ਦੇ ਦੌਰੇ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ, ’ਤੇ ਐਮਰਜੈਂਸੀ ਕਾਲਾਂ ਦੀ ਗਿਣਤੀ ਵਿੱਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ।ਦੱਸ ਦੇਈਏ ਕਿ ਸਿਹਤ ਸਲਾਹਕਾਰ ਝੋਂਗ ਨੇ ਚੀਨ ਦੀ ਸਰਕਾਰ ਨੂੰ ਕੋਰੋਨਾ ਨੂੰ ਲੈ ਕੇ ਚੇਤਾਵਨੀ ਦਿੱਤੀ ਹੈ। ਉਸਨੇ ਕਿਹਾ, ਮੌਜੂਦਾ ਸਮੇਂ ਵਿੱਚ ਓਮਿਕਰੋਨ ਪਰਿਵਰਤਨ ਬਹੁਤ ਛੂਤਕਾਰੀ ਹੈ ਅਤੇ ਇੱਕ ਵਿਅਕਤੀ 22 ਲੋਕਾਂ ਵਿੱਚ ਵਾਇਰਸ ਦਾ ਸੰਚਾਰ ਕਰ ਸਕਦਾ ਹੈ ਚੋਟੀ ਦੇ ਸਿਹਤ ਅਧਿਕਾਰੀ ਨੇ ਅੱਗੇ ਕਿਹਾ,ਇਸ ਸਮੇਂ ਚੀਨ ਵਿੱਚ ਮਹਾਂਮਾਰੀ ਤੇਜ਼ੀ ਨਾਲ ਫੈਲ ਰਹੀ ਹੈ, ’ਤੇ ਅਜਿਹੇ ਹਾਲਾਤ ਵਿੱਚ, ਭਾਵੇਂ ਕਿੰਨੀ ਵੀ ਮਜ਼ਬੂਤ ਰੋਕਥਾਮ ਅਤੇ ਨਿਯੰਤਰਣ ਕਿਉਂ ਨਾ ਹੋਵੇ, ਪ੍ਰਸਾਰਣ ਲੜੀ ਨੂੰ ਪੂਰੀ ਤਰ੍ਹਾਂ ਨਾਲ ਕੱਟਣਾ ਮੁਸ਼ਕਲ ਹੋਵੇਗਾ।

# ਬਾਹਰਲੇ ਵਿਅਕਤੀ ਕੈਨੇਡਾ ’ਚ ਹੁਣ ਨਹੀਂ ਖ਼ਰੀਦ ਸਕਣਗੇ ਘਰ

## 1 ਜਨਵਰੀ ਤੋਂ ਲਾਗੂ ਕੀਤਾ ਜਾਵੇਗਾ ਫ਼ੈਸਲਾ

ਐਡਮਿੰਟਨ/ਏ.ਟੀ.ਨਿਊਜ਼ :- ਕੈਨੇਡਾ ਸਰਕਾਰ ਵੱਲੋਂ ਘਰਾਂ ਦੀਆਂ ਵਧ ਰਹੀਆਂ ਕੀਮਤਾਂ ਨੂੰ ਠੱਲ੍ਹ ਪਾਉਣ ਲਈ ਹੁਣ ਇਕ ਸਖ਼ਤ ਫ਼ੈਸਲਾ ਕੀਤਾ ਗਿਆ ਹੈ, ਜਿਸ ਨੂੰ 1 ਜਨਵਰੀ ਤੋਂ ਲਾਗੂ ਕੀਤਾ ਜਾਵੇਗਾ।



ਕੈਨੇਡਾ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਕੈਨੇਡਾ ਵਿਚ ਕੇਵਲ ਉਹ ਸ਼ਖ਼ਸ ਘਰ ਦੀ ਖ਼ਰੀਦ ਕਰ ਸਕਦਾ ਹੈ ਜੋ ਕੈਨੇਡਾ ਦੀ ਧਰਤੀ ਉੱਤੇ ਪੱਕਾ ਵਸਨੀਕ ਹੈ ਜਾਂ ਕਿਸੇ ਸਕੀਮ ਤਹਿਤ ਉਹ ਕੰਮ ਕਰਕੇ ਕੈਨੇਡਾ ਸਰਕਾਰ ਨੂੰ ਟੈਕਸ ਦੇ ਰਿਹਾ ਹੈ। ਸਰਕਾਰ ਦਾ ਮੰਨਣਾ ਹੈ ਕਿ ਦੇਸ਼ ਤੋਂ ਬਾਹਰ ਬੈਠੇ ਲੋਕ ਆਪਣਾ ਪੈਸਾ ਕੈਨੇਡਾ ਵਿਚ ਖ਼ਰਚ ਕਰਕੇ ਘਰ ਖ਼ਰੀਦ ਕੇ ਅੱਗੇ ਕਿਰਾਏ ’ਤੇ ਦਿੰਦੇ ਹਨ ਤੇ ਉਸ ਨਾਲ ਘਰਾਂ ਦੀਆਂ ਕੀਮਤਾਂ ਆਸਮਾਨ ’ਤੇ ਪਹੁੰਚ ਗਈਆਂ ਹਨ। ਇਸ ਨੂੰ ਰੋਕਣ ਲਈ ਹੁਣ ਇਹ ਕਦਮ ਚੁੱਕਿਆ ਗਿਆ ਜੋ 1 ਜਨਵਰੀ ਤੋਂ ਲਾਗੂ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਵਾਹੀਯੋਗ ਜ਼ਮੀਨ ਜਾਂ ਮਾਲ ਜਾਂ ਵੱਡੀਆਂ ਇਮਾਰਤਾਂ ਪਹਿਲਾਂ ਵਾਂਗ ਹੀ ਖ਼ਰੀਦ ਸਕਦੇ ਹਨ। ਉਸ ’ਤੇ ਹਾਲੇ ਤੱਕ ਕੋਈ ਰੋਕ ਨਹੀਂ ਲੱਗੀ।

# ਸੈਲਾਨੀਆਂ ਉਪਰ ਇਸ ਵਾਰ ਪਵੇਗੀ ਮਹਿੰਗਾਈ ਦੀ ਮਾਰ

## ਛੁੱਟੀਆਂ ਵਿਚ ਖਾਣ ਪੀਣ ਦੇ ਸਮਾਨ ਉਪਰ ਕਰਨਾ ਪਵੇਗਾ ਵੱਧ ਖਰਚ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਇਸ ਵਾਰ ਛੁੱਟੀਆਂ ਦੌਰਾਨ ਸੈਲਾਨੀਆਂ ਉਪਰ ਮਹਿੰਗਾਈ ਦੀ ਮਾਰ ਪਵੇਗੀ ਤੇ ਉਨਾਂ ਨੂੰ ਆਪਣੀ ਪਸੰਦ ਦੇ ਖਾਣ ਪੀਣ ਦੇ ਸਮਾਨ ਉਪਰ ਵੱਧ ਖਰਚ ਕਰਨਾ ਪਵੇਗਾ। ਬਿਊਰੋ ਆਫ ਲੇਬਰ ਸਟੈਟਿਸਟਿਕਸ ਦੇ ਅੰਕੜਿਆਂ ਅਨੁਸਾਰ ਹਾਲਾਂਕਿ ਮਹਿੰਗਾਈ ਘਟਣੀ ਸ਼ੁਰੂ ਹੋਈ ਪ੍ਰੰਤੂ 2021 ਦੇ ਛੁੱਟੀਆਂ ਦੇ ਸੀਜ਼ਨ ਦੀ ਤੁਲਨਾ ਵਿਚ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਕਿਤੇ ਜਿਆਦਾ ਹਨ। ਪਿਛਲੇ ਸਾਲ ਦੀ ਤੁਲਨਾ ਵਿਚ ਕਰਿਆਨੇ ਦੀਆਂ ਕੀਮਤਾਂ 12% ਜਿਆਦਾ ਹਨ। ਨਵੰਬਰ 2021 ਤੋਂ ਨਵੰਬਰ 2022 ਦਰਮਿਆਨ ਆਟਾ 25%, ਬਰੈਡ 16%, ਕੁਕੀਜ਼ 19%, ਸਮੋਸਾ, ਕਚੌਰੀ ਤੇ ਪੇਸਟਰੀ 19%, ਸੂਰ ਦਾ ਮਾਸ 8%, ਟਰਕੀ ਤੇ ਮੁਰਗੇ ਸਮੇਤ ਪੰਛੀਆਂ ਦਾ ਕੱਚਾ ਮਾਸ 18%, ਆਂਡੇ 49%, ਦੁੱਧ 15%, ਆਲੂ 16%, ਖੰਡ ਤੇ ਮਠਿਆਈਆਂ 13% ਤੇ ਮੱਖਣ 27% ਮਹਿੰਗਾ ਹੋਇਆ ਹੈ। ਮਾਰਕਿਟ ਰਿਸਚਰ ਫਰਮ ਡੈਟਾਸੈਂਬਲੀ ਦੀ ਇਕ ਨਵੀਂ ਰਿਪੋਰਟ ਅਨੁਸਾਰ ਛੁੱਟੀਆਂ ਮਨਾਉਣ ਜਾ ਰਹੇ ਪਰਿਵਾਰਾਂ ਨੂੰ ਪਿਛਲੇ ਸਾਲ ਦੀ ਤੁਲਨਾ ਵਿਚ ਤਕਰੀਬਨ 16% ਵੱਧ ਖਰਚ ਕਰਨਾ ਪਵੇਗਾ। ਇਹ ਰਿਪੋਰਟ ਵਧ ਖਾਧੀਆਂ ਜਾਣ ਵਾਲੀਆਂ 13 ਵਸਤਾਂ ਦੀਆਂ ਕੀਮਤਾਂ ਉਪਰ ਆਧਾਰਤ ਹੈ।

# ਰਿਸ਼ਵਤ ਲੈਣ ਦੇ ਮਾਮਲੇ ’ਚ ਭਾਰਤੀ ਅਮਰੀਕੀ ਡਾਕਟਰ ਨੂੰ 5 ਸਾਲ ਦੀ ਸਜ਼ਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਭਾਰਤੀ ਅਮਰੀਕੀ ਨਿਊਰੋ ਸਰਜਨ ਨੂੰ ਮਰੀਜ਼ਾਂ ਦੀਆਂ ਸਰਜਰੀਆਂ ਕਰਨ ਬਦਲੇ ਤਕਰੀਬਨ 33 ਲੱਖ ਡਾਲਰ ਦੀ ਰਿਸ਼ਵਤ ਲੈਣ ਦੇ ਦੋਸ਼ਾਂ ਤਹਿਤ 5 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸੇਨ ਡੀਏਗੋ ਵਾਸੀ 55 ਸਾਲਾ ਡਾਕਟਰ ਲੋਕੇਸ਼ ਐਸ ਤੰਤੂਵਾਇਆ ਲਾਂਗ ਬੀਚ ਦੇ ਇਕ ਹਸਪਤਾਲ ਵਿਚ ਮਰੀਜ਼ਾਂ ਦੀ ਗੋਡ ਦੀ ਹੱਡੀ ਦੀ ਸਰਜਰੀ ਕਰਦਾ ਸੀ ਜਿਸ ਦੇ ਬਦਲੇ ਵਿਚ ਉਹ ਮੋਟੀ ਰਕਮ ਲੈਂਦਾ ਸੀ। ਨਿਆਂ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਯੂ ਐਸ ਡਿਸਟ੍ਰਿਕਟ ਜੱਜ ਜੋਸਫਾਈਨ ਐਲ ਸਟੇਟਨ ਨੇ ਸਜ਼ਾ ਸੁਣਾਉਂਦਿਆਂ 33 ਲੱਖ ਡਾਲਰ ਜ਼ਬਤ ਕਰਨ ਦਾ ਆਦੇਸ਼ ਵੀ ਦਿੱਤਾ ਹੈ। ਤੰਤੂਵਾਇਆ ਨੂੰ ਇਸ ਸਾਲ 1 ਸਤੰਬਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਪ੍ਰੀਟਰਾਇਲ ਰਿਹਾਈ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਕਾਰਨ ਤੰਤੂਵਾਇਆ ਮਈ 2021 ਤੋਂ ਸੰਘੀ ਹਿਰਾਸਤ ਵਿਚ ਹੈ। ਤੰਤੂਵਾਇਆ ਨੇ ਲਾਂਗ ਬੀਚ ਦੇ ਪੈਸਫਿਕ ਹਸਪਤਾਲ ਦੇ ਮਾਲਕ ਮਾਈਕਲ ਡਰੋਬੋਟ ਤੋਂ 2010 ਤੋਂ 2013 ਦਰਮਿਆਨ ਮਰੀਜ਼ਾਂ ਦੀਆਂ ਸਰਜਰੀਆਂ ਕਰਨ ਲਈ ਪੈਸਾ ਲਿਆ। ਡਰੋਬੋਟ ਨੇ ਹਰ ਮਾਮਲੇ ਵਿਚ ਰਿਸ਼ਵਤ ਦੀ



(ਬਾਕੀ ਸਫ਼ਾ 34 ’ਤੇ)

# ਸਿੱਖ ਨੌਜਵਾਨ ਨੇ ਮਸਜਿਦ ਲਈ ਲੱਖਾਂ ਦੀ ਥਾਂ ਦਾਨ ’ਚ ਦਿੱਤੀ

## ਮੁਸਲਿਮ ਭਾਈਚਾਰੇ ’ਤੇ ਲੋਕਾਂ ਵੱਲੋਂ ਨੌਜਵਾਨ ਦੀ ਸੋਚ ਦੀ ਸ਼ਲਾਘਾ

ਬਰਨਾਲਾ/ਏ.ਟੀ.ਨਿਊਜ਼ :-ਬਰਨਾਲਾ ਦੇ ਪਿੰਡ ਬਖਤਗੜ ਵਿਖੇ ਇੱਕ ਸਿੱਖ ਪਰਿਵਾਰ ਵੱਲੋਂ ਭਾਈਚਾਰਕ ਸਾਂਝ ਦੀ ਵੱਡੀ ਮਿਸਾਲ ਪੇਸ਼ ਕੀਤੀ ਗਈ ਹੈ। ਪੜ੍ਹੇ ਲਿਖੇ ਇਸ ਸਿੱਖ ਨੌਜਵਾਨ ਅਮਨਦੀਪ ਸਿੰਘ ਵੱਲੋਂ ਮੁਸਲਿਮ ਭਾਈਚਾਰੇ ਨੂੰ ਮਸਜਿਦ ਲਈ ਜ਼ਮੀਨ ਦਾਨ ਕੀਤੇ ਜਾਣ ਦੀ ਚਾਰੇ ਪਾਸੇ ਚਰਚਾ ਹੈ। ਜ਼ਿਕਰਯੋਗ ਹੈ ਕਿ ਪਿੰਡ ਵਿੱਚ ਗੁਰਦਵਾਰਾ ਸਾਹਿਬ ਸਮੇਤ ਕਈ ਧਾਰਮਿਕ ਸਥਾਨ ਹਨ ਪਰ ਮੁਸਲਿਮ ਭਾਈਚਾਰੇ ਨੂੰ ਨਮਾਜ਼ ਅਦਾ ਕਰਨ ਲਈ ਨੇੜਲੇ ਪਿੰਡ ਚੂੰਘਾ ਵਿਖੇ ਜਾਣਾ ਪੈਂਦਾ ਹੈ। ਸੇਵਾ ਮੁਕਤ ਮੁੱਖ ਅਧਿਆਪਕ ਕਰਨੈਲ ਸਿੰਘ ਦੇ ਸਪੁੱਤਰ ਅਮਨਦੀਪ ਸਿੰਘ ਰਵੀ ਨੇ ਕਿਹਾ ਕਿ ਉਸ ਨੇ ਇਹ ਜਗ੍ਹਾਂ ਪਿੰਡ ਦੀ ਮਹਾਨ ਸ਼ਖ਼ਸੀਅਤ ਸੇਵਾ ਸਿੰਘ ਕਿਰਪਾਨ ਬਹਾਦਰ ਦੀਆਂ ਸਿੱਖਿਆਵਾਂ ‘ਤੇ ਚੱਲਦਿਆਂ ਦਾਨ ਕੀਤੀ ਹੈ। ਅਮਨਦੀਪ ਸਿੰਘ ਨੇ ਪੰਜਾਬ ਦੀਆਂ ਅਨੋਖੀਆਂ ਜਾਣਕਾਰੀਆਂ ਸਬੰਧੀ ਇੱਕ ਪੁਸਤਕ ‘ਵਚਿੱਤਰ ਸੰਸਾਰ’ ਵੀ ਲਿਖੀ ਹੋਈ ਹੈ। ਇਸ ਪਿੰਡ ਵਿੱਚ ਮੁਸਲਿਮ ਭਾਈਚਾਰੇ



ਦੇ ਇੱਕ ਦਰਜਨ ਤੋਂ ਵੱਧ ਪਰਿਵਾਰ ਹਨ। ਪਿੰਡ ਦੇ ਮੁਸਲਿਮ ਪਰਿਵਾਰਾਂ ਦੀ ਪਿਛਲੇ ਕਈ ਦਹਾਕਿਆਂ ਤੋਂ ਪਿੰਡ ਵਿੱਚ ਮਸਜਿਦ ਬਣਾਉਣ ਦੀ ਇੱਛਾ ਸੀ,ਪਰ ਉਹ ਕੋਈ ਜ਼ਮੀਨ ਖ਼ਰੀਦਣ ਤੋਂ ਅਸਮਰਥ ਸਨ। ਮੁਸਲਿਮ ਭਾਈਚਾਰੇ ਦੀ ਭਾਵਨਾ ਨੂੰ ਸਮਝਦਿਆਂ ਅਮਨਦੀਪ ਸਿੰਘ ਰਵੀ ਨੇ ਪਿੰਡ ਵਿੱਚ ਪਏ ਆਪਣੇ 8 ਮਰਲੇ ਦੇ ਪਲਾਟ ਨੂੰ ਮੁਸਲਿਮ ਭਾਈਚਾਰੇ ਨੂੰ ਮਸਜਿਦ ਬਣਾਉਣ ਲਈ ਦਾਨ ਕਰ ਦਿੱਤਾ ਹੈ, ਜਿਸਦੀ ਕੀਮਤ ਲਗਭਗ 7 ਲੱਖ ਰੁਪਏ ਹੈ।ਇਸ ਸਬੰਧੀ ਮੁਸਲਿਮ ਭਾਈਚਾਰੇ ਦੇ ਆਗੂਆਂ ਭੋਲਾ ਖਾਨ, ਗੁਲਜ਼ਾਰ ਖਾਨ, ਰੋਸ਼ਨ ਖਾਨ ਅਤੇ ਮੁਹੰਮਦ ਨਿਜ਼ਾਮੂਦੀਨ ਨੇ ਕਿਹਾ ਕਿ ਉਹ ਬਹੁਤ ਖ਼ੁਸ਼ ਹਨ ਕਿ ਇੱਕ ਸਿੱਖ ਪਰਿਵਾਰ ਨੇ ਉਹਨਾਂ ਨੂੰ ਇਹ ਜਗ੍ਹਾਂ ਦਾਨ ਕੀਤੀ ਹੈ। ਉਹਨਾਂ ਕਿਹਾ ਕਿ ਨਮਾਜ਼ ਅਦਾ ਕਰਨ ਲਈ ਨੇੜਲੇ ਪਿੰਡ ਆਉਣ-ਜਾਣ ਦੀ ਵੱਡੀ ਸਮੱਸਿਆ ਸੀ। ਪੰਜਾਬ ਜਮਹੂਰੀ ਮੋਰਚਾ ਦੇ ਕਨਵੀਨਰ ਜਗਰਾਜ ਸਿੰਘ ਟੱਲੇਵਾਲ ਨੇ ਕਿਹਾ ਕਿ ਅਮਨਦੀਪ ਸਿੰਘ ਰਵੀ ਦਾ ਇਹ ਕਦਮ ਭਾਈਚਾਰਕ ਏਕਤਾ ਦੀ ਇੱਕ ਅਨੋਖੀ ਮਿਸਾਲ ਹੈ।

## 6 ਸਾਲ ਦੇ ਬੱਚੇ ਦੀ ਲਾਸ਼ ਘਰ ਵਿਚ ਦੱਬੀ ਮਿਲੀ, ਮਾਂ ਤੇ ਇਕ ਹੋਰ ਵਿਅਕਤੀ ਗ੍ਰਿਫ਼ਤਾਰ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਮੈਮਫਿਸ, ਟੈਨੇਸੀ ਦੇ ਪੱਛਮ ਵਿਚ ਤਕਰਬੀਨ 70 ਮੀਲ ਦੂਰ ਮੋਰੋ (ਅਰਕਨਸਾਸ) ਦੇ ਇਕ ਘਰ ਵਿਚ 6 ਸਾਲਾ ਬੱਚੇ ਦੀ ਲਾਸ਼ ਮਿਲਣ ਉਪਰੰਤ ਬੱਚੇ ਦੀ ਮਾਂ ਤੇ ਇਕ ਹੋਰ ਵਿਅਕਤੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਅਰਕਨਸਾਸ ਸਟੇਟ ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ 28 ਸਾਲਾ ਮਾਂ ਐਸ਼ਲੇ ਰੋਲੈਂਡ ਤੇ 33 ਸਾਲਾ ਨਾਥਨ ਬਰਿਜ ਇਸ ਵੇਲੇ ਲੀ ਕਾਊਂਟੀ ਦੀ ਜੇਲ੍ਹ ਵਿਚ ਬੰਦ ਹਨ। ਦੋਨਾਂ ਵਿਰੁੱਧ ਫਸਟ ਡਿਗਰੀ ਕਤਲ ਤੋਂ ਇਲਾਵਾ ਲਾਸ਼ ਨਾਲ ਦੁਰਵਿਵਹਾਰ ਕਰਨ ਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਦੋਸ਼ ਹਨ।

*ਮਾਮਲਾ ਭਾਰਤ ਵਿਚ ਫਰਾਂਸੀਸੀ ਦੂਤਾਵਾਸ ਵਿਚ ਧੋਖਾਧੜੀ ਦਾ*

# ਫਰਾਂਸੀਸੀ ਦੂਤਾਵਾਸ ਦੇ ਦੋ ਸਾਬਕਾ ਕਰਮਚਾਰੀਆਂ ਸਮੇਤ ਕਈ ਲੋਕਾਂ ਦੇ ਖਿਲਾਫ ਸੀਬੀਆਈ ਵੱਲੋਂ ਮਾਮਲਾ ਦਰਜ

## 64 ਲੋਕਾਂ ਦੇ ਸ਼ੈਨੇਗਨ ਵੀਜ਼ਾ ਦਸਤਾਵੇਜ਼ ਗਵਾਚੇ

ਨਵੀਂ ਦਿੱਲੀ/ਏ.ਟੀ.ਨਿਊਜ਼ :- ਹਿੰਦੁਸਤਾਨ ਟਾਈਮਜ਼ ਦੀ ਖਬਰ ਅਨੁਸਾਰ ਫਰੈਂਚ ਦੂਤਾਵਾਸ ਤੋਂ ਅਜਿਹੇ 64 ਲੋਕਾਂ ਦੀਆਂ ਸ਼ੈਨੇਗਨ ਵੀਜ਼ਾ ਨਾਲ ਸਬੰਧਤ ਫਾਈਲਾਂ ‘ਗਾਇਬ’ ਹੋ ਗਈਆਂ ਹਨ ਜਿਨ੍ਹਾਂ ਨੂੰ ਕਥਿਤ ਤੌਰ ’ਤੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ ’ਤੇ ਵੀਜ਼ਾ ਜਾਰੀ ਕੀਤੇ ਗਏ ਸਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਸੀਬੀਆਈ ਨੇ ਵੀਜ਼ਾ ਧੋਖਾਧੜੀ ਦੇ ਇੱਕ ਕਥਿਤ ਮਾਮਲੇ ਵਿੱਚ ਇੱਥੇ ਫਰਾਂਸੀਸੀ ਦੂਤਾਵਾਸ ਦੇ ਦੋ ਸਾਬਕਾ ਕਰਮਚਾਰੀਆਂ ਸਮੇਤ ਕਈ ਲੋਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਸੀ।




ਏਜੰਸੀ ਨੇ ਦੋਸ਼ ਲਾਇਆ ਸੀ ਕਿ ਦੂਤਾਵਾਸ ਦੇ ਵੀਜ਼ਾ ਵਿਭਾਗ ਦੇ ਸਾਬਕਾ ਕਰਮਚਾਰੀ ਸ਼ੁਭਮ ਸ਼ੌਕੀਨ ਅਤੇ ਆਰਤੀ ਮੰਡਲ ਨੇ ਜਨਵਰੀ ਤੋਂ ਮਈ ਦਰਮਿਆਨ ਹੋਰ ਲੋਕਾਂ ਨਾਲ ਮਿਲ ਕੇ ਉਨ੍ਹਾਂ ਲੋਕਾਂ ਨੂੰ ਧੋਖੇ ਨਾਲ ਵੀਜ਼ਾ ਜਾਰੀ ਕਰਨ ਦੀ ਸਾਜ਼ਿਸ਼ ਰਚੀ ਜੋ ਇਸ ਲਈ ਯੋਗ ਨਹੀਂ ਸਨ। ਉਸ ਨੇ ਕਥਿਤ ਤੌਰ ’ਤੇ ਵੀਜ਼ਾ ਕਲੀਅਰੈਂਸ ਦਿਵਾਉਣ ਲਈ ਲੋਕਾਂ ਤੋਂ ਪ੍ਰਤੀ ਵੀਜ਼ਾ 50,000 ਰੁਪਏ ਲਏ ਅਤੇ 32,00,000 ਰੁਪਏ ਕਮਾਏ।

ਅਧਿਕਾਰੀਆਂ ਨੇ ਦੱਸਿਆ ਕਿ ਸ਼ੌਕੀਨ ਅਤੇ ਮੰਡਲ ਨੇ 1 ਜਨਵਰੀ ਤੋਂ 6 ਮਈ ਦਰਮਿਆਨ 484 ਵੀਜ਼ਾ-ਸਬੰਧਤ ਫਾਈਲਾਂ ਨੂੰ ਸੰਭਾਲਿਆ, ਜਿਨ੍ਹਾਂ ਵਿੱਚੋਂ 64 ਉਨ੍ਹਾਂ ਲੋਕਾਂ ਨਾਲ ਸਬੰਧਿਤ ਸਨ, ਜਿਨ੍ਹਾਂ ਨੂੰ ਕਥਿਤ ਤੌਰ ’ਤੇ ਦੇਸ਼ ਛੱਡਣ ਦਾ ਖ਼ਤਰਾ ਜ਼ਿਆਦਾ ਸੀ। ਇਨ੍ਹਾਂ ਵਿੱਚ ਪੰਜਾਬ ਦੇ ਨੌਜਵਾਨ ਕਿਸਾਨ ਜਾਂ ਬੇਰੁਜ਼ਗਾਰ ਲੋਕ ਸ਼ਾਮਲ ਹਨ ਜਿਨ੍ਹਾਂ ਨੇ ਪਹਿਲਾਂ ਕਦੇ ਵੀ ਵਿਦੇਸ਼ ਯਾਤਰਾ ਨਹੀਂ ਕੀਤੀ ਅਤੇ ਜੋ ਸ਼ੈਨੇਗਨ ਵੀਜ਼ਾ ਪ੍ਰਾਪਤ ਕਰਨ ਦੇ ਯੋਗ ਨਹੀਂ ਸਨ।

ਏਜੰਸੀ ਨੂੰ ਸ਼ੱਕ ਹੈ ਕਿ ਮੰਡਲ ਅਤੇ ਸ਼ੌਕੀਨ ਨੇ ਕਥਿਤ ਤੌਰ ’ਤੇ ਵੀਜ਼ਾ ਵਿਭਾਗ ਦੇ ਦਸਤਾਵੇਜ਼ਾਂ ਅਤੇ ਫਾਈਲਾਂ ਨੂੰ ਨਸ਼ਟ ਕਰ ਦਿੱਤਾ ਹੈ ਤਾਂ ਜੋ ਉਨ੍ਹਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੇ ਸਬੂਤ ਨਸ਼ਟ ਕੀਤੇ ਜਾ ਸਕਣ।

ਸੀਬੀਆਈ ਨੇ ਇਸ ਸਬੰਧ ਵਿੱਚ ਪਿਛਲੇ ਹਫਤੇ ਦਿੱਲੀ, ਪਟਿਆਲਾ, ਗੁਰਦਾਸਪੁਰ ਅਤੇ ਜੰਮੂ ਵਿੱਚ ਛਾਪੇਮਾਰੀ ਕੀਤੀ ਸੀ। ਇਸ ਦੌਰਾਨ ਕਈ ਦਸਤਾਵੇਜ਼, ਇਲੈਕਟ੍ਰਾਨਿਕ ਸਬੂਤ ਜਿਵੇਂ ਕਿ ਲੈਪਟਾਪ, ਮੋਬਾਈਲ ਫੋਨ ਅਤੇ ਸ਼ੱਕੀ ਪਾਸਪੋਰਟ ਆਦਿ ਬਰਾਮਦ ਕੀਤੇ ਗਏ।

ਐਫ ਆਈ ਆਰ ਵਿੱਚ ਏਜੰਸੀ ਨੇ ਜੰਮੂ-ਕਸ਼ਮੀਰ ਦੇ ਨਵਜੋਤ ਸਿੰਘ, ਪੰਜਾਬ ਦੇ ਚੇਤਨ ਸ਼ਰਮਾ ਅਤੇ ਸਤਵਿੰਦਰ ਸਿੰਘ ਪੁਰੇਵਾਲ ’ਤੇ ਜਾਅਲੀ ਦਸਤਾਵੇਜ਼ ਦੇ ਕੇ ਵੀਜ਼ਾ ਹਾਸਲ ਕਰਨ ਦਾ ਦੋਸ਼ ਲਗਾਇਆ ਹੈ।ਸੀਬੀਆਈ ਦੇ ਬੁਲਾਰੇ ਨੇ ਇਹ ਦੋਸ਼ ਲਗਾਇਆ ਗਿਆ ਹੈ ਕਿ ਉਕਤ ਅਪਰਾਧਿਕ ਸਾਜ਼ਿਸ਼ ਦੇ ਤਹਿਤ, ਪੰਜਾਬ ਅਤੇ ਜੰਮੂ ਦੇ ਬਿਨੈਕਾਰਾਂ ਨੇ ਕਥਿਤ ਤੌਰ ’ਤੇ ਬੇਂਗਲੁਰੂ ਸਥਿਤ ਇੱਕ ਕੰਪਨੀ ਦੁਆਰਾ ਤਿਆਰ ਕੀਤੇ ਜਾਅਲੀ ਪੱਤਰ ਬੇਂਗਲੁਰੂ ਵਿਚ ਫਰਾਂਸ ਦੇ ਕੌਂਸਲੇਟ ਜਨਰਲ ਨੂੰ ਪੇਸ਼ ਕੀਤੇ ਤਾਂ ਜੋ ਉਨ੍ਹਾਂ ਨੂੰ ਫਰਾਂਸ ਦੇ ਪੋਰਟ-ਲੇ-ਹਾਰਵੇ, ਫਰਾਂਸ ਵਿੱਚ ਨੌਕਰੀ ਕਰਨ ਲਈ ਦਾਖਲਾ ਵੀਜ਼ਾ ਜਾਰੀ ਕੀਤਾ ਜਾ ਸਕੇ।

ਏਜੰਸੀ ਨੇ ਦੋਸ਼ ਲਾਇਆ ਕਿ ਸ਼ੌਕੀਨ ਅਤੇ ਮੰਡਲ ਨੇ ਫਰਾਂਸੀਸੀ ਦੂਤਾਵਾਸ ਦੇ ਵੀਜ਼ਾ ਵਿਭਾਗ ਦੇ ਮੁਖੀ ਨੂੰ ਬਿਨਾਂ ਦੱਸੇ ਅਤੇ ਪ੍ਰਵਾਨਗੀ ਲਏ ਬਿਨਾਂ ਵੀਜ਼ਾ ਜਾਰੀ ਕੀਤਾ ਅਤੇ ਹਰੇਕ ਵੀਜ਼ੇ ਲਈ 50,000 ਰੁਪਏ ਵਸੂਲੇ।

# ਉੱਤਰੀ ਕੈਲੀਫੋਰਨੀਆ ’ਚ ਆਏ ਜ਼ਬਰਦਸਤ ਭੂਚਾਲ ਕਾਰਨ 2 ਮੌਤਾਂ 12 ਤੋਂ ਵੱਧ ਜ਼ਖ਼ਮੀ

## ਹਜ਼ਾਰਾਂ ਘਰਾਂ ਦੀ ਬਿਜਲੀ ਬੰਦ, ਘਰਾਂ, ਸੜਕਾਂ ਤੇ ਹੋਰ ਬੁਨਿਆਦੀ ਢਾਂਚੇ ਨੂੰ ਪੁੱਜਾ ਨੁਕਸਾਨ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਉੱਤਰੀ ਕੈਲੀਫੋਰਨੀਆ ਵਿਚ 6.4 ਤੀਬਰਤਾ ਨਾਲ ਆਏ ਜਬਰਦਸਤ ਭੂਚਾਲ ਕਾਰਨ 2 ਵਿਅਕਤੀਆਂ ਦੀ ਮੌਤ ਹੋਈ ਗਈ ਅਤੇ 12 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਇਹ ਜਾਣਕਾਰੀ ਸਥਾਨਕ ਅਧਿਕਾਰੀਆਂ ਨੇ ਦਿੱਤੀ ਹੈ। ਇਹ ਗਿਣਤੀ ਵਧ ਸਕਦੀ ਹੈ। ਸਾਨਫਰਾਂਸਿਸਕੋ ਤੋਂ ਤਕਰੀਬਨ 250 ਮੀਲ ਦੂਰ ਉੱਤਰ ਵਿਚ ਹਮਬੋਲਡਟ ਕਾਊਂਟੀ ਦੇ ਆਸ-ਪਾਸ ਭੂਚਾਲ ਨੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਤੇ ਹਜਾਰਾਂ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਗੁਲ ਹੋ ਗਈ। ਯੂ ਐਸ ਜਿਓਲੌਜੀਕਲ ਸਰਵੇ ਅਨੁਸਾਰ ਭੂਚਾਲ ਤੜਕਸਾਰ 2.34 ਵਜੇ ਆਇਆ ਜਿਸ ਦਾ ਕੇਂਦਰ ਬਿੰਦੂ ਫਰਨਡੇਲ ਦੇ ਪੱਛਮ ਵਿਚ ਤਕਰੀਬਨ ਸਾਢੇ 7 ਮੀਲ ਦੂਰ ਪ੍ਰਸ਼ਾਂਤ ਮਹਾਸਾਗਰ ਰਿਹਾ ਜਿਸ ਦੀ ਡੂੰਘਾਈ 16 ਮੀਲ ਤੋਂ ਵਧ ਰਹੀ। ਇਹ ਸ਼ਹਿਰ ਕੈਲੀਫੋਰਨੀਆ ਤੇ ਉਰੇਗੋਨ ਸਟੇਟ ਲਾਈਨ ਦੇ ਨੇੜੇ ਈਊਰੇਕਾ ਦੇ ਦੱਖਣ ਵਿਚ ਤਕਰੀਬਨ 19 ਮੀਲ ਦੀ ਦੂਰੀ ’ਤੇ ਸਥਿਤ ਹੈ। ਫਰਨਡੇਲ ਵਿਚ ਇਕ ਪੁਲ ਨੂੰ ਪੁੱਜੇ ਨੁਕਸਾਨ ਕਾਰਨ ਉਸ ਨੂੰ ਬੰਦ ਕਰ ਦਿੱਤਾ ਗਿਆ ਹੈ। ਜਿਓਲੌਜੀਕਲ ਸਰਵੇ ਨੇ ਚਿਤਾਵਨੀ ਦਿੱਤੀ ਹੈ ਕਿ ਛੋਟੀ ਤੀਬਰਤਾ ਵਾਲੇ ਹੋਰ ਭੂਚਾਲ ਵੀ ਆ ਸਕਦੇ ਹਨ ਜਿਨਾਂ ਦੀ ਤੀਬਰਤਾ 4 ਤੱਕ ਹੋ ਸਕਦੀ ਹੈ। ਹਮਬੋਲਡਟ ਕਾਊਂਟੀ ਦੇ ਸ਼ੈਰਿਫ ਵਿਲੀਅਮ ਹੋਨਸਲ ਅਨੁਸਾਰ ਮਾਰ ਗਏ ਵਿਅਕਤੀਆਂ ਦੀ ਉਮਰ 72 ਤੇ 83 ਸਾਲ ਸੀ। ਇਕ ਮੌਤ ਰੀਓ ਡੈਲ ਵਿਚ ਹੋਈ ਹੈ ਜਦ ਕਿ ਦੂਸਰੀ ਮੌਤ ਦਾ ਸਥਾਨ ਸਪੱਸ਼ਟ ਨਹੀਂ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਇਹ ਮੌਤਾਂ ਭੂਚਾਲ ਕਾਰਨ ਪੈਦਾ ਹੋਈ ਹੰਗਾਮੀ ਸਥਿਤੀ ਦੇ ਮੱਦੇਨਜ਼ਰ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਹੋਈਆਂ ਹਨ। ਉਨ੍ਹਾਂ ਕਿਹਾ ਹੈ ਕਿ ਅਜੇ ਤੱਕ ਕੁਲ 12 ਲੋਕਾਂ ਦੀ ਜ਼ਖਮੀ ਹੋਣ ਦੀ ਰਿਪੋਰਟ ਹੈ ਪ੍ਰੰਤੂ ਇਹ ਗਿਣਤੀ ਵਧ ਸਕਦੀ ਹੈ। ਹਮਬੋਲਡਟ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਐਲਾਨ ਕੀਤਾ ਹੈ ਕਿ ਸਮੁੱਚੀ ਕਾਊਂਟੀ ਵਿਚ ਘਰਾਂ ਤੇ ਸੜਕਾਂ ਨੂੰ ਨੁਕਸਾਨ ਪੁੱਜਾ ਹੈ ਜਿਸ ਕਾਊਂਟੀ ਦੀ ਕੁਲ ਅਬਾਦੀ ਤਕਰੀਬਨ 1,36,000 ਹੈ। ਰਾਜ ਦੀ ਟਰਾਂਸਪੋਰਟੇਸ਼ਨ ਏਜੰਸੀ ਦੇ ਡਾਇਰੈਕਟਰ ਟੋਨੀ ਟਾਵੇਰਸ ਨੇ ਜਾਣਕਾਰੀ ਦਿੱਤੀ ਹੈ ਕਿ ਫਰਨਡੇਲ ਤੋਂ ਯੂ ਐਸ 101 ਨੂੰ ਜੋੜਦੇ ਫਰਨਪੁਲ ਨੂੰ ਕਾਫੀ ਨੁਕਸਾਨ ਪੁੱਜਾ ਹੈ ਤੇ ਇਸ ਉਪਰ ਆਵਾਜਾਈ ਸੰਭਵ ਨਹੀਂ ਹੈ ਇਸ ਲਈ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ। ਫਰਨਡੇਲ ਤੋਂ ਇਲਾਵਾ ਜਿਆਦਾਤਰ ਨੁਕਸਾਨ ਰੀਓ ਡੈਲ, ਫੋਰਟੂਨਾ ਤੇ (**ਬਾਕੀ ਸਫ਼ਾ 34 ’ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot KaurDesigner: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਪੰਜਾਬ 'ਚ ਵਗਿਆ ਨਸ਼ਿਆਂ ਦਾ ਛੇਵਾਂ ਦਰਿਆ, ਸਤਲੁਜ ਤੇ ਬਿਆਸ ਦਰਿਆਵਾਂ ਦੇ ਕੰਢੇ ਬਣੇ ਤਸਕਰਾਂ ਦੇ ਅੱਡੇ

## ਸੁਪਰੀਮ ਕੋਰਟ ਦੇ ਹੁਕਮਾਂ ਨੂੰ ਪੰਜਾਬ ਸਰਕਾਰ ਨੇ ਕੀਤਾ ਅਣਗੌਲਿਆ



*ਸਤਲੁਜ ਤੇ ਬਿਆਸ ਦਰਿਆਵਾਂ ਦੇ ਕੰਢਿਆਂ ਨਾਲ ਲੱਗਦੇ ਕਈ ਜ਼ਿਲ੍ਹੇ ਸ਼ਰਾਬ ਤਸਕਰਾਂ ਦੇ ਅੱਡੇ ਬਣ ਗਏ ਹਨ ਅਤੇ ਇਹ ਕਾਰੋਬਾਰ ਬੇਰੋਕ ਜਾਰੀ ਹੈ। ਸ਼ਰਾਬ ਮਾਫੀਆ ਦਸੂਹਾ ਵਿਚ ਪੈਂਦੇ ਕਠਾਣਾ ਦੇ ਜੰਗਲ ਵਿਚ ਨਾਜਾਇਜ਼ ਸ਼ਰਾਬ ਬਣਾਉਣ ਵਿਚ ਦਿਨ-ਰਾਤ ਲੱਗਾ ਹੋਇਆ ਹੈ ਪਰ ਅੱਜ ਤੱਕ ਐਕਸਾਈਜ਼ ਵਿਭਾਗ ਅਤੇ ਪੁਲਿਸ ਇਹਨਾਂ ਸ਼ਰਾਬ ਕਾਰੋਬਾਰੀਆਂ ਤੱਕ ਨਹੀਂ ਪਹੁੰਚ ਸਕੀ। ਕਰੀਬ 200 ਤੋਂ 300 ਏਕੜ ਵਿੱਚ ਇਹ ਜੰਗਲ ਬਿਆਸ ਦਰਿਆ ਦੇ ਵਿਚਕਾਰ ਇੱਕ ਟਾਪੂ ਦੀ ਸ਼ਕਲ ਵਿੱਚ ਫੈਲਿਆ ਹੋਇਆ ਹੈ।*

ਸੁਪਰੀਮ ਕੋਰਟ ਨੇ ਦੋ ਹਫਤੇ ਪਹਿਲਾਂ ਪੰਜਾਬ ਵਿਚ ਨਕਲੀ ਸ਼ਰਾਬ ਦੀ ਵਿਕਰੀ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਝਾੜ ਪਾਈ ਸੀ। ਮਸਲੇ ਬਾਰੇ ਮਾਣਯੋਗ ਕੋਰਟ ਦਾ ਕਹਿਣਾ ਸੀ ਕਿ ਜੇਕਰ ਨਕਲੀ ਸ਼ਰਾਬ ਦੀ ਵਿਕਰੀ 'ਤੇ ਰੋਕ ਨਾ ਲਗਾਈ ਗਈ ਤਾਂ ਪੰਜਾਬ ਦੀ ਜਵਾਨੀ ਖ਼ਤਮ ਹੋ ਜਾਏਗੀ। ਪਰ ਇਸ ਦੇ ਬਾਵਜੂਦ ਸਰਕਾਰ ਨਕਲੀ ਸ਼ਰਾਬ ਕਾਰੋਬਾਰੀਆਂ ਨੂੰ ਠੱਲ੍ਹ ਨਹੀਂ ਪਾ ਸਕੀ।

ਢਾਈ ਸਾਲ ਪਹਿਲਾਂ ਨਕਲੀ ਸ਼ਰਾਬ ਕਾਰਨ 131 ਮੌਤਾਂ ਹੋਣ ਦੇ ਬਾਵਜੂਦ ਪੰਜਾਬ ਵਿੱਚ ਨਕਲੀ ਸ਼ਰਾਬ ਦੀ ਵਿਕਰੀ ਆਮ ਹੈ। ਅੱਖਾਂ ਦੀ ਰੌਸ਼ਨੀ ਗੁਆ ਚੁੱਕੇ 15 ਲੋਕਾਂ ਨੂੰ ਅਜੇ ਤੱਕ ਇਨਸਾਫ ਨਹੀਂ ਮਿਲਿਆ। ਮੁਆਵਜ਼ੇ ਦੇ ਅਜਿਹੇ ਹੀ ਇੱਕ ਮਾਮਲੇ ਵਿਚ ਮਾਣਯੋਗ ਸੁਪਰੀਮ ਕੋਰਟ ਨੇ ਸੂਬੇ ਵਿਚ ਗੈਰ-ਕਾਨੂੰਨੀ ਸ਼ਰਾਬ ਨੂੰ ਲੈ ਕੇ ਮੌਜੂਦਾ ਸਥਿਤੀ 'ਤੇ ਸਖ਼ਤ ਟਿੱਪਣੀ ਕੀਤੀ ਸੀ। ਅਦਾਲਤ ਨੇ ਕਿਹਾ ਹੈ ਕਿ ਹਰ ਇਲਾਕੇ ਵਿੱਚ ਸ਼ਰਾਬ ਦੀਆਂ ਭੱਠੀਆਂ ਚੱਲ ਰਹੀਆਂ ਹਨ। ਇਸ ਨੂੰ ਰੋਕਣ ਲਈ ਕੀ ਕੀਤਾ ਗਿਆ ਸੀ ? ਇਸ ਸੰਬੰਧੀ ਕਿੰਨੇ ਕੇਸ ਚੱਲੇ, ਕਿੰਨੇ ਲੋਕਾਂ ਦੀ ਗ੍ਰਿਫਤਾਰੀ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇ।



ਨਕਲੀ ਜਾਂ ਘਟੀਆ ਸ਼ਰਾਬ ਪੀ ਕੇ ਮਰਨ ਵਾਲਿਆਂ 'ਚ ਯੂਪੀ ਮਗਰੋਂ ਦੂਜਾ ਨੰਬਰ ਪੰਜਾਬ ਦਾ ਆਉਂਦਾ ਹੈ। ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਸਮੇਤ 15 ਜ਼ਿਲਿਆਂ ਵਿੱਚ ਨਾਜਾਇਜ਼ ਸ਼ਰਾਬ ਸਬੰਧੀ ਜ਼ਮੀਨੀ ਹਕੀਕਤ ਜਾਣਨ 'ਤੇ ਪਤਾ ਲੱਗਾ ਕਿ ਤਰਨਤਾਰਨ ਕੇਸ ਦਾ ਮਾਸਟਰ ਮਾਈਂਡ ਰਸ਼ਪਾਲ ਸਿੰਘ 18 ਕੇਸ ਦਰਜ ਹੋਣ ਦੇ ਬਾਵਜੂਦ ਜ਼ਮਾਨਤ 'ਤੇ ਰਿਹਾਅ ਹੋ ਚੁੱਕਾ ਹੈ। ਇਸ ਕੇਸ 'ਚ ਮੁਅੱਤਲ ਕੀਤੇ ਦੋ ਡੀਐਸਪੀ, ਚਾਰ ਐਸਐਚਓ ਅਤੇ ਸੱਤ ਐਕਸਾਈਜ਼ ਮੁਲਾਜ਼ਮਾਂ ਨੂੰ ਕੁਝ ਮਹੀਨਿਆਂ ਬਾਅਦ ਹੀ ਬਹਾਲ ਕਰ ਦਿੱਤਾ ਗਿਆ। ਕਈ ਪੀੜਤਾਂ ਨੂੰ 5 ਰੁਪਏ ਦੀ ਬਜਾਏ ਸਿਰਫ਼ 2 ਲੱਖ ਰੁਪਏ ਹੀ ਮਿਲੇ ਹਨ। 2016 ਵਿੱਚ 15 ਜ਼ਿਲਿਆਂ ਵਿੱਚ ਕਾਰਵਾਈ ਦੇ ਨਾਂ 'ਤੇ ਅਪ੍ਰੈਲ ਤੋਂ ਨਵੰਬਰ ਤੱਕ ਕੇਸ ਦਰਜ ਕੀਤੇ ਗਏ ਅਤੇ 1998 ਗ੍ਰਿਫਤਾਰੀਆਂ ਹੋਈਆਂ। ਇਸ ਤਹਿਤ 126040 ਲੀਟਰ ਸ਼ਰਾਬ ਜ਼ਬਤ ਕੀਤੀ ਗਈ ਅਤੇ 115 ਭੱਠੀਆਂ ਨਸ਼ਟ ਕੀਤੀਆਂ ਗਈਆਂ। ਇਸ ਕੇਸ 'ਚ ਨਕਲੀ ਸ਼ਰਾਬ ਕਾਂਡ ਦਾ ਮਾਸਟਰਮਾਈਂਡ ਗ੍ਰਿਫ਼ਤਾਰ ਹੋਇਆ ਪਰ ਜਲਦੀ ਰਿਹਾਅ ਹੋ ਗਿਆ।

ਸਤਲੁਜ ਤੇ ਬਿਆਸ ਦਰਿਆਵਾਂ ਦੇ ਕੰਢਿਆਂ ਨਾਲ ਲੱਗਦੇ ਕਈ ਜ਼ਿਲ੍ਹੇ ਸ਼ਰਾਬ ਤਸਕਰਾਂ ਦੇ ਅੱਡੇ ਬਣ ਗਏ ਹਨ ਅਤੇ ਇਹ ਕਾਰੋਬਾਰ ਬੇਰੋਕ ਜਾਰੀ ਹੈ। ਸ਼ਰਾਬ ਮਾਫੀਆ ਦਸੂਹਾ ਵਿਚ ਪੈਂਦੇ ਕਠਾਣਾ ਦੇ ਜੰਗਲ ਵਿਚ ਨਾਜਾਇਜ਼ ਸ਼ਰਾਬ ਬਣਾਉਣ ਵਿਚ ਦਿਨ-ਰਾਤ ਲੱਗਾ ਹੋਇਆ ਹੈ ਪਰ ਅੱਜ ਤੱਕ ਐਕਸਾਈਜ਼ ਵਿਭਾਗ ਅਤੇ ਪੁਲਿਸ ਇਹਨਾਂ ਸ਼ਰਾਬ ਕਾਰੋਬਾਰੀਆਂ ਤੱਕ ਨਹੀਂ ਪਹੁੰਚ ਸਕੀ। ਕਰੀਬ 200 ਤੋਂ 300 ਏਕੜ ਵਿੱਚ ਇਹ ਜੰਗਲ ਬਿਆਸ ਦਰਿਆ ਦੇ ਵਿਚਕਾਰ ਇੱਕ ਟਾਪੂ ਦੀ ਸ਼ਕਲ ਵਿੱਚ ਫੈਲਿਆ ਹੋਇਆ ਹੈ। ਦਸੂਹਾ ਆਬਕਾਰੀ ਵਿਭਾਗ ਅਤੇ ਗੁਰਦਾਸਪੁਰ ਪੁਲਿਸ ਦੀ ਸਾਂਝੀ ਟੀਮ ਜਦੋਂ ਇਲਾਕੇ ਵਿੱਚ ਛਾਪੇਮਾਰੀ ਕਰਦੀ ਹੈ ਤਾਂ ਉਹਨਾਂ ਦੇ ਹੱਥ ਕੁਝ ਨਹੀਂ ਲੱਗਦਾ। ਜੰਗਲ ਵਿਚ ਜਾਣ ਲਈ ਕਿਸ਼ਤੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਆਬਕਾਰੀ ਵਿਭਾਗ ਦੀ ਲਾਈਟ ਇੰਸਪੈਕਟਰ ਮਨਜੀਤ ਕੌਰ ਨੇ ਦੱਸਿਆ ਕਿ ਸ਼ਰਾਬ ਮਾਫੀਆ ਵੱਲੋਂ ਸਥਾਪਿਤ ਭੱਠੀਆਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਪਿੰਡ ਬੇਗਪੁਰ, ਭੀਖੋਵਾਲ, ਟੇਰਕੀਆਣਾ ਸ਼ਰਾਬ ਮਾਫੀਆ ਦੇ ਕੇਂਦਰ ਬਣੇ ਹੋਏ ਹਨ। ਕਰੀਬ 80 ਕੇਸ ਮਾਫੀਆ ਖ਼ਿਲਾਫ਼ ਦਰਜ ਹਨ।

ਫ਼ਿਰੋਜ਼ਪੁਰ : ਸਤਲੁਜ ਦਰਿਆ ਦਾ ਇਲਾਕਾ ਸਾਲਾਂ ਤੋਂ ਕੱਚੀ ਸ਼ਰਾਬ ਤਿਆਰ ਕਰਨ ਵਾਲਿਆਂ ਲਈ ਸੁਰੱਖਿਅਤ ਪਨਾਹਗਾਹ ਬਣਿਆ ਹੋਇਆ ਹੈ। ਕਿਉਂਕਿ ਦਰਿਆ ਦੀ ਜ਼ਮੀਨ 'ਚੋਂ ਲਾਹਣ ਮਿਲਣ 'ਤੇ ਪੁਲਿਸ ਕਿਸੇ ਨੂੰ ਨਾਮਜ਼ਦ ਨਹੀਂ ਕਰ ਸਕੀ। ਨਾਜਾਇਜ਼ ਸ਼ਰਾਬ ਕਾਰੋਬਾਰੀਆਂ ਨੂੰ ਸਜ਼ਾ ਨਾ ਹੋਣ ਕਾਰਨ ਲੋਕਾਂ ਵਿੱਚੋਂ ਪੁਲਿਸ ਦਾ ਡਰ ਖ਼ਤਮ ਹੋ ਚੁੱਕਾ ਹੈ। ਦਰਿਆ ਦੇ ਆਲੇ-ਦੁਆਲੇ 15 ਤੋਂ ਵੱਧ ਅਜਿਹੇ ਪਿੰਡ ਹਨ ਜਿੱਥੋਂ ਹੋਰ ਖੇਤਰਾਂ ਨੂੰ ਵੀ ਸਪਲਾਈ ਕੀਤੀ ਜਾਂਦੀ ਹੈ। ਜ਼ਿਲ੍ਹੇ ਵਿੱਚ 411 ਕੇਸ ਦਰਜ ਕਰਕੇ 532 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਡੇਢ ਦਰਜਨ ਤੋਂ ਵੱਧ ਪਿੰਡ ਅਜਿਹੇ ਹਨ ਜਿੱਥੇ ਇੱਕ ਬੋਤਲ 100 ਤੋਂ 120 ਰੁਪਏ ਵਿੱਚ ਮਿਲਦੀ ਹੈ। ਲੋਕਾਂ ਕੋਲ ਰੁਜ਼ਗਾਰ ਨਾ ਹੋਣ ਦੇ ਬਾਵਜੂਦ ਇਸ ਨੂੰ ਰੋਕਿਆ ਨਹੀਂ ਜਾ ਰਿਹਾ। ਸ਼ਰਾਬ ਦੇ ਠੇਕੇਦਾਰ ਨੀਰਜ ਕੁਮਾਰ ਨੇ ਦੱਸਿਆ ਕਿ ਅਸੀਂ ਵਿਭਾਗ ਅਤੇ ਪੁਲਿਸ ਟੀਮ ਨਾਲ ਛਾਪੇਮਾਰੀ ਕਰਦੇ ਹਾਂ ਪਰ ਕਾਨੂੰਨ ਦੀ ਸਖ਼ਤੀ ਨਾ ਹੋਣ ਕਾਰਨ ਲੋਕ ਮਾਮੂਲੀ ਜੁਰਮਾਨਾ ਦੇ ਕੇ ਚਲੇ ਜਾਂਦੇ ਹਨ।

ਫਾਜ਼ਿਲਕਾ: ਪਿੰਡ ਮਹਾਲਮ ਵਿੱਚ ਨਸ਼ਾ ਤਸਕਰੀ ਨੂੰ ਰੋਕਣਾ ਇੱਕ ਵੱਡੀ ਚੁਣੌਤੀ ਹੈ। ਪਿੰਡ ਵਿੱਚ 20 ਸਾਲਾਂ ਤੋਂ ਨਸ਼ਿਆਂ ਦਾ ਨਾਜਾਇਜ਼ ਧੰਦਾ ਚੱਲ ਰਿਹਾ ਹੈ। ਪੁਲਿਸ ਅਤੇ ਆਬਕਾਰੀ ਵਿਭਾਗ ਵੱਲੋਂ ਪਿੰਡ ਵਿੱਚ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਪਿੰਡ ਵਿੱਚ ਘਰਾਂ, ਖੇਤਾਂ ਆਦਿ ਵਿੱਚ ਭੱਠੀਆਂ 'ਤੇ ਤਿਆਰ ਕੀਤੀ ਨਾਜਾਇਜ਼ ਸ਼ਰਾਬ ਨੂੰ ਨਸ਼ਟ ਕੀਤਾ ਗਿਆ ਹੈ। 1500 ਦੀ ਆਬਾਦੀ ਵਾਲੇ ਇਸ ਪਿੰਡ ਵਿੱਚ ਬਹੁਤੇ ਪਰਿਵਾਰਾਂ ਦੇ ਮੈਂਬਰਾਂ ਖ਼ਿਲਾਫ਼ ਕੇਸ ਦਰਜ ਹਨ। ਜਲਾਲਾਬਾਦ ਪੁਲਿਸ ਅਨੁਸਾਰ ਸਾਲ 2022 ਵਿੱਚ 47 ਸ਼ਰਾਬ ਦੇ ਕੇਸ ਦਰਜ ਹੋਏ ਹਨ।

ਇਸ ਪਾਸੇ ਸਾਰੀਆਂ ਸਿਆਸੀ ਧਿਰਾਂ ਵੱਲੋਂ ਰਲ਼ ਕੇ ਹੰਭਲਾ ਮਾਰਨ ਦੀ ਲੋੜ ਹੈ, ਕਿਉਂਕਿ ਇਹ ਸ਼ਰਾਬ ਹਰ ਰੋਜ਼ ਘਰਾਂ ਦੇ ਘਰ ਉਜਾੜ ਰਹੀ ਹੈ, ਬੱਚੇ ਯਤੀਮ ਹੋ ਰਹੇ ਹਨ ਔਰਤਾਂ ਵਿਧਵਾਵਾਂ ਹੋ ਰਹੀਆਂ ਹਨ 'ਤੇ ਸ਼ਰਾਬ ਕਾਰਨ ਬਹੁਤ ਲੋਕ ਸਰੀਰਕ ਤੌਰ 'ਤੇ ਨਕਾਰਾ ਹੋ ਰਹੇ ਹਨ।





ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਡਿਸਟੀਲਰੀ ਵਿਚ ਤਿਆਰ ਕੀਤੀ ਗਈ ਸ਼ਰਾਬ, ਮਨੁੱਖੀ ਜੀਵਨ ਲਈ ਨੁਕਸਾਨਦੇਹ ਹੈ ਤਾਂ ਨਕਲੀ ਸ਼ਰਾਬ ਕਿੰਨੀ ਘਾਤਕ ਹੋਵੇਗੀ ? ਜਿਸਦੀ ਕੋਈ ਡਿਗਰੀ ਨਹੀਂ, ਕੋਈ ਮਾਪਦੰਡ ਨਹੀਂ, ਕੋਈ ਨਿਗਰਾਨ ਨਹੀਂ।

## ਮਿਥਾਇਲ ਅਲਕੋਹਲ ਜ਼ਹਿਰੀਲੀ ਸ਼ਰਾਬ ਨਾਲ ਹੁੰਦੀਆਂ ਨੇ ਮੌਤਾਂ




ਸ਼ਰਾਬ ਨੂੰ ਹੋਰ ਨਸ਼ੀਲਾ ਬਣਾਉਣ ਲਈ ਇਸ ਵਿੱਚ ਆਕਸੀਟੋਸਿਨ ਮਿਲਾਇਆ ਜਾਂਦਾ ਹੈ, ਜੋ ਮੌਤ ਦਾ ਕਾਰਨ ਬਣਦਾ ਹੈ। ਹਾਲ ਹੀ ਦੇ ਸਾਲਾਂ ਵਿੱਚ, ਆਕਸੀਟੋਸਿਨ ਬਾਰੇ ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਆਕਸੀਟੋਸਿਨ ਨਪੁੰਸਕਤਾ ਅਤੇ ਦਿਮਾਗ਼ੀ ਪ੍ਰਣਾਲੀ ਨਾਲ ਸਬੰਧਿਤ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਇਸ ਨੂੰ ਖਾਣ ਨਾਲ ਅੱਖਾਂ ਵਿੱਚ ਜਲਨ, ਖੁਜਲੀ, ਪੇਟ ਵਿੱਚ ਜਲਣ ਹੋ ਸਕਦੀ ਹੈ ਅਤੇ ਲੰਬੇ ਸਮੇਂ ਤੱਕ ਇਸ ਨਾਲ ਅੱਖਾਂ ਦੀ ਰੌਸ਼ਨੀ ਵੀ ਖ਼ਤਮ ਹੋ ਸਕਦੀ ਹੈ। ਕੱਚੀ ਸ਼ਰਾਬ ਵਿੱਚ ਯੂਰੀਆ ਅਤੇ ਆਕਸੀਟੋਸਿਨ ਵਰਗੇ ਰਸਾਇਣਾਂ ਦੇ ਮਿਲਾਨ ਕਾਰਨ ਮਿਥਾਇਲ ਅਲਕੋਹਲ ਬਣ ਜਾਂਦੀ ਹੈ ਜੋ ਲੋਕਾਂ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਵਿਗਿਆਨੀਆਂ ਅਨੁਸਾਰ ਮਿਥਾਇਲ ਸਰੀਰ ਵਿੱਚ ਦਾਖ਼ਲ ਹੁੰਦੇ ਹੀ ਰਸਾਇਣਿਕ ਕਿਰਿਆ ਤੇਜ਼ ਹੋ ਜਾਂਦੀ ਹੈ। ਇਸ ਕਾਰਨ ਸਰੀਰ ਦੇ ਅੰਦਰੂਨੀ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਤੁਰੰਤ ਮੌਤ ਹੋ ਜਾਂਦੀ ਹੈ। ਕੁਝ ਲੋਕਾਂ ਦੇ ਸਰੀਰ ਵਿੱਚ, ਇਹ ਰਸਾਇਣਿਕ ਪ੍ਰਕਿਰਿਆ ਹੌਲੀ-ਹੌਲੀ ਹੁੰਦੀ ਹੈ, ਇਸ ਲਈ ਉਹ ਬਚ ਜਾਂਦੇ ਹਨ।

## ਭਾਰਤੀ ਮੀਡੀਆ ਤੇ ਪੱਤਰਕਾਰੀ ਦਾ ਅਸਲ ਸੱਚ

# ਪੱਤਰਕਾਰਾਂ ਲਈ ਖ਼ਤਰਨਾਕ ਦੇਸ਼ ਭਾਰਤ








ਸਰਬਜੀਤ ਕੌਰ ਸਰਬ

ਮੌਜੂਦਾ ਸਮੇਂ 'ਚ ਜੋ ਹਾਲਾਤ ਪੱਤਰਕਾਰੀ ਤੇ ਮੀਡੀਆ ਦੇ ਚੱਲ ਰਹੇ ਹਨ ਉਨ੍ਹਾਂ ਨੂੰ ਦੇਖ ਕੇ ਕਿਆਸ ਲਾਇਆ ਜਾ ਸਕਦਾ ਹੈ ਕਿ ਪੈਸੇ ਦੀ ਦੌੜ ਵਿਚ ਦੁਨੀਆਂ ਆਪਣੇ ਅਸਲ ਵਜੂਦ ਨੂੰ ਮਨੋਵਿਸਾਰ ਰਹੀ ਹੈ, ਚਾਰੇ ਪਾਸੇ ਝੂਠ ਦਾ ਬੋਲਬਾਲਾ ਹੈ ਤੇ ਅਜਿਹੀ ਪ੍ਰਸਥਿਤੀ 'ਚ ਲੋਕਪੱਖੀ ਗੱਲ ਕਰਨ ਵਾਲਾ ਪੱਤਰਕਾਰ ਇਕੱਲਾ ਰਹਿ ਜਾਂਦਾ ਹੈ ਜਿਸ ਦੀ ਸਪੱਸ਼ਟ ਉਦਾਹਰਣ ਉੱਘੇ ਪੱਤਰਕਾਰ ਰਵੀਸ਼ ਕੁਮਾਰ ਹਨ ਜਿਨ੍ਹਾਂ ਨੇ ਕਿਸੇ ਸੇਠ ਦੇ ਦਬਾਅ ਹੇਠ ਪੱਤਰਕਾਰੀ ਕਰਨ ਤੋਂ ਮਨ੍ਹਾ ਕਰ ਦਿੱਤਾ। ਰਵੀਸ਼ ਕੁਮਾਰ ਨੇ ਜਿਸ ਲਹਿਜੇ ਨਾਲ ਭਾਰਤੀ ਪੱਤਰਕਾਰੀ ਉਤੇ ਸੇਠਾਂ ਦੇ ਕਬਜ਼ੇ ਦੀ ਗੱਲ ਕੀਤੀ ਜਿਸ ਵਿਚ ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਕਿਵੇਂ ਸੇਠਾਂ ਦੇ ਇਸ਼ਾਰੇ ਉਤੇ ਕਰ ਕੇ ਸੱਚ ਉੱਤੇ ਝੂਠ ਦਾ ਪਰਦਾ ਪਾ ਕੇ ਕਿਵੇਂ ਵਾਹੋ ਵਾਹੀ ਕਰਵਾਈ ਜਾ ਰਹੀ ਹੈ। ਰਵੀਸ਼ ਕੁਮਾਰ ਨੇ ਇਸ ਸੱਚ-ਝੂਠ ਦੀ ਖੇਡ ਤੋਂ ਪਰਦੇ ਨੂੰ ਹਟਾ ਕੇ ਅਸਲ ਸੱਚ ਨੂੰ ਸਾਹਮਣੇ ਲਿਆ ਕੇ ਰੱਖ ਦਿੱਤਾ ਹੈ ਤੇ ਇਸ ਦਾ ਫ਼ੈਸਲਾ ਆਮ ਲੋਕਾਂ ਦੀ ਕਚਹਿਰੀ ਵਿਚ ਲਿਆਂਦਾ ਹੈ ਜਿਸ ਵਿੱਚ ਉਸ ਦਾ ਮਕਸਦ ਆਮ ਲੋਕਾਂ ਨੂੰ ਉਜਾਗਰ ਕਰਨਾ ਹੈ ਤੇ ਹੱਕਾਂ ਦੇ ਪ੍ਰਤੀ ਸੂਝਵਾਨ ਹੋ ਕੇ ਸਿਆਸਤੀ ਲੋਕਾਂ ਨੂੰ ਕਚਹਿਰੀ ਵਿੱਚ ਲੈ ਕੇ ਆਉਣਾ ਹੈ ਜਿੱਥੇ ਉਨ੍ਹਾਂ ਕੋਲੋਂ ਇਹ ਸਵਾਲ ਜਵਾਬ ਕੀਤੇ ਜਾਣ ਜੋ ਉਨ੍ਹਾਂ ਨੇ ਵੋਟਾਂ ਦੇ ਸਮੇਂ ਆਮ ਲੋਕਾਂ ਨੂੰ ਦਿਲਾਸਾ ਦੇਣ ਲਈ ਵੱਡੇ-ਵੱਡੇ ਵਾਅਦੇ ਕੀਤੇ ਸਨ। ਪਰ ਅਫਸੋਸ ਭਾਰਤ ਦੇ ਪੱਤਰਕਾਰਾਂ ਵਿਚ ਨਾ ਹੀ ਉਹ ਜਜ਼ਬਾ ਰਿਹਾ ਹੈ ਤੇ ਨਾ ਹੀ ਪੱਤਰਕਾਰੀ ਨੂੰ ਸਮਰਪਤ ਕੋਈ ਕੰਮ ਕੀਤਾ ਜਾ ਰਿਹਾ ਹੈ। ਅਜੋਕੇ ਸਮੇਂ ਦੇ ਵਿਚ ਸਿਰਫ ਇਹ ਇੱਕ ਪੈਸਾ ਕਮਾਉਣ ਦਾ ਜ਼ਰੀਆ ਬਣ ਗਿਆ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਮੀਡੀਆ ਵਿਕਾਊ ਬਣ ਰਿਹਾ ਹੈ। ਪੱਤਰਕਾਰੀ ਦੇ ਖੇਤਰ 'ਤੇ ਕੁਝ ਕੁ ਲੋਕਾਂ ਨੇ ਕਬਜ਼ਾ ਕਰ ਲਿਆ ਹੈ। ਪੱਤਰਕਾਰੀ ਨੂੰ ਆਪਣੀ ਜੇਬ 'ਚ ਰੱਖਣ ਵਾਲੇ ਇਹ ਸੇਠ ਭਾਰਤ ਦੀ ਸਿਆਸਤ ਨੂੰ ਵੀ ਚਲਾ ਰਹੇ ਹਨ। ਭਾਰਤੀ ਗੋਦੀ ਮੀਡੀਆ ਸਰਕਾਰ ਦੀ ਰਖ਼ੇਲ ਬਣ ਕੇ ਕੰਮ ਕਰ ਰਿਹਾ ਹੈ, ਲੋਕਾਂ ਨੂੰ ਉਹ ਚੀਜ਼ਾਂ ਦਿਖਾਈਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਦੇਖ ਕੇ ਉਹ ਆਪਣਾ ਮਨ ਪ੍ਰਚਾਵਾ ਤਾਂ ਕਰ ਸਕਦੇ ਹਨ, ਪਰ ਖੁਦ ਕੋਈ ਫ਼ੈਸਲਾ ਨਹੀਂ ਲੈ ਸਕਦੇ। ਭਾਵ ਲੋਕਾਂ ਵਿੱਚੋਂ ਉਨ੍ਹਾਂ ਦੀ ਅਸਲ ਪਾਵਰ ਨੂੰ ਬੇਤੁਕੀਆਂ ਗੱਲਾਂ ਰਾਹੀਂ ਖਤਮ ਕੀਤਾ ਜਾ ਰਿਹਾ ਹੈ। ਮੀਡੀਆ ਸਾਰਾ ਦਿਨ ਸਿਰਫ ਲੋਕਾਂ ਦੇ ਆਪਸੀ ਝਗੜੇ, ਕਲੇਸ਼ ਤੇ ਧਰਮ ਦੇ ਨਾਮ ਉੱਤੇ ਪੈਂਦੀਆਂ ਵੰਡੀਆਂ ਜਾਂ ਫਿਰ ਧਰਮ ਦੇ ਨਾਮ ਉੱਤੇ ਸਿਆਸਤ ਹੀ ਦਿਖਾਉਂਦਾ ਹੈ। ਅਜਿਹੇ ਹਾਲਾਤਾਂ ਦੇ ਚੱਲਦੇ ਹੋਏ ਹੀ ਵਰਲਡ ਪ੍ਰੈਸ ਫਰੀਡਮ ਦੀ 2021 ਦੀ ਰਿਪੋਰਟ ਵਿਚ ਭਾਰਤੀ ਪੱਤਰਕਾਰੀ ਬਾਰੇ ਜੋ ਬਿਆਨ ਦਿੱਤਾ ਗਿਆ ਸੀ ਉਸ ਨੂੰ ਦੇਖ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਭਾਰਤ ਵਿਚ ਪੱਤਰਕਾਰੀ ਦਾ ਕੀ ਹਾਲ ਹੈ।

**2021 ਵਰਲਡ ਪ੍ਰੈਸ ਫਰੀਡਮ ਰਿਪੋਰਟ**

2021 ਵਰਲਡ ਪ੍ਰੈਸ ਫਰੀਡਮ ਇੰਡੈਕਸ ਦੇ ਅਨੁਸਾਰ, ਭਾਰਤ ਨੂੰ ਚੰਗੀ ਪੱਤਰਕਾਰੀ ਲਈ 'ਮਾੜੇ' ਮੰਨੇ ਜਾਣ ਵਾਲੇ ਦੇਸ਼ਾਂ ਵਿੱਚ ਸੂਚੀਬੱਧ ਕੀਤਾ ਗਿਆ ਹੈ ਅਤੇ ਸੱਚ ਬੋਲਣ ਤੇ ਲਿਖਣ ਵਾਲੇ ਪੱਤਰਕਾਰਾਂ ਲਈ ਦੁਨੀਆ ਦੇ ਸਭ ਤੋਂ ਖਤਰਨਾਕ ਸਥਾਨਾਂ ਵਿੱਚੋਂ ਮੰਨਿਆ ਗਿਆ ਹੈ।

ਭਾਰਤ ਦੇ ਗੁਆਂਢੀਆਂ ਵਿੱਚੋਂ, ਨੇਪਾਲ 106ਵੇਂ, ਸ੍ਰੀਲੰਕਾ 127ਵੇਂ ਅਤੇ ਮਿਆਂਮਾਰ, ਫੌਜੀ ਤਖ਼ਤਾ ਪਲਟਣ ਤੋਂ ਪਹਿਲਾਂ, 140ਵੇਂ ਸਥਾਨ 'ਤੇ ਹੈ। ਹਾਲਾਂਕਿ, ਪਾਕਿਸਤਾਨ ਅਤੇ ਬੰਗਲਾਦੇਸ਼ ਸੂਚੀ ਵਿੱਚ ਕ੍ਰਮਵਾਰ 145 ਅਤੇ 152ਵੇਂ ਸਥਾਨ 'ਤੇ ਹਨ। ਫਿਰ ਵੀ, ਨਾਰਵੇ, ਉਸ ਤੋਂ ਬਾਅਦ ਫਿਨਲੈਂਡ ਅਤੇ ਡੈਨਮਾਰਕ, ਕ੍ਰਮਵਾਰ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਦੇ ਹੋਏ ਸਿਖਰ 'ਤੇ ਉੱਭਰੇ ਹਨ। ਇਰੀਟ੍ਰੀਆ ਸਭ ਤੋਂ ਹੇਠਲੇ ਸਥਾਨ 180ਵੇਂ 'ਤੇ ਹੈ। ਉਸ ਤੋਂ ਹੇਠਲੇ ਦੇਸ਼ਾਂ ਵਿਚ ਚੀਨ (177), ਉੱਤਰੀ ਕੋਰੀਆ (179) ਅਤੇ ਤੁਰਕਮੇਨਿਸਤਾਨ (178) ਹਨ।

ਭਾਰਤ ਨੂੰ ਪੱਤਰਕਾਰੀ ਲਈ 'ਮਾੜੇ' ਅਤੇ ਪੱਤਰਕਾਰਾਂ ਲਈ ਖਤਰਨਾਕ ਦੇਸ਼ਾਂ ਵਿੱਚ ਸ਼੍ਰੇਣੀਬੱਧ ਕਰਨ ਦੇ ਕਾਰਨਾਂ ਦੀ ਵਿਆਖਿਆ ਕਰਦੇ ਹੋਏ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਸਮਰਥਕਾਂ ਅਤੇ ਹਿੰਦੂਤਵ ਵਿਚਾਰਧਾਰਾ ਨੇ ਆਮ ਲੋਕਾਂ ਪ੍ਰਤੀ ਬੋਲਣ ਵਾਲੇ ਪੱਤਰਕਾਰਾਂ ਲਈ ਡਰਾਉਣ ਦਾ ਮਾਹੌਲ ਬਣਾਇਆ ਹੈ ਜੋ ਸਰਕਾਰ ਦੀ ਆਲੋਚਨਾ ਕਰਦੇ ਹਨ। ਉਨ੍ਹਾਂ ਨੂੰ 'ਰਾਸ਼ਟਰੀ' ਜਾਂ 'ਰਾਜ ਵਿਰੋਧੀ' ਵਜੋਂ ਲੇਬਲ ਕੀਤਾ ਹੈ। ਰਿਪੋਰਟ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਰਕਾਰ ਦੇ ਮੁਖੀ ਵਜੋਂ ਵੀ ਵਿਸ਼ੇਸ਼ ਤੌਰ 'ਤੇ ਵਰਣਨ ਕੀਤਾ ਗਿਆ ਹੈ, ਜਿਸ ਨੇ 'ਮੀਡੀਆ' 'ਤੇ ਆਪਣੀ ਪਕੜ ਮਜ਼ਬੂਤ ਕੀਤੀ ਹੋਈ ਹੈ।




ਡਿਜੀਟਲ ਨਿਊਜ਼ ਮੀਡੀਆ ਪਲੇਟਫਾਰਮਾਂ 'ਤੇ ਸਮੱਗਰੀ ਨੂੰ ਨਿਯੰਤ੍ਰਿਤ ਕਰਨ ਲਈ ਭਾਰਤ ਦੇ ਸਖ਼ਤ ਨਵੇਂ ਸੂਚਨਾ ਤਕਨਾਲੋਜੀ ਨਿਯਮਾਂ 'ਤੇ, RSF ਦੀ ਰਿਪੋਰਟ ਕਹਿੰਦੀ ਹੈ: 2021 'ਚ ਡਿਜੀਟਲ ਸਮੱਗਰੀ ਪ੍ਰਦਾਤਾਵਾਂ ਦੇ ਨਾਲ, ਭਾਰਤ ਦੁਆਰਾ ਆਨਲਾਈਨ ਨਿਊਜ਼ ਪਲੇਟਫਾਰਮਾਂ ਨੂੰ 'ਨਿਯੰਤ੍ਰਿਤ' ਕਰਨ ਲਈ ਨਵੇਂ ਨਿਯਮ ਲਿਆਉਣ ਤੋਂ ਪਹਿਲਾਂ ਸੂਚਕਾਂਕ 'ਤੇ ਕੰਮ ਕੀਤਾ ਗਿਆ ਸੀ ਜਿਸ ਨਾਲ ਦੇਸ਼ ਵਿੱਚ ਪ੍ਰੈਸ ਅਜ਼ਾਦੀ ਦੀ ਸਥਿਤੀ ਹੋਰ ਵਿਗੜ ਗਈ ਹੈ। ਸੂਚਨਾ ਤਕਨਾਲੋਜੀ (ਵਿਚੋਲੇ ਅਤੇ ਡਿਜੀਟਲ ਮੀਡੀਆ ਨੈਤਿਕਤਾ ਕੋਡ ਲਈ ਦਿਸ਼ਾ-ਨਿਰਦੇਸ਼) ਨਿਯਮ, 2021 ਦੀ ਵਿਆਪਕ ਤੌਰ 'ਤੇ ਆਲੋਚਨਾ ਕੀਤੀ ਗਈ ਹੈ, ਜੋ ਸੰਪੰਨ ਡਿਜੀਟਲ ਨਿਊਜ਼ ਮੀਡੀਆ ਸਪੇਸ ਵਿੱਚ ਰੁਕਾਵਟ ਪੈਦਾ ਕਰਨ ਲਈ ਹੈ।

ਹਿੰਦੂਤਵ ਦੀ ਹਮਾਇਤ ਕਰਨ ਵਾਲੇ ਭਾਰਤੀ, ਕੱਟੜਪੰਥੀ ਸੱਜੇ-ਪੱਖੀ ਹਿੰਦੂ ਰਾਸ਼ਟਰਵਾਦ ਨੂੰ ਜਨਮ ਦੇਣ ਵਾਲੀ ਵਿਚਾਰਧਾਰਾ, ਜਨਤਕ ਬਹਿਸ ਤੋਂ 'ਰਾਸ਼ਟਰ ਵਿਰੋਧੀ' ਸੋਚ ਦੇ ਸਾਰੇ ਪ੍ਰਗਟਾਵੇ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੋਸ਼ਲ ਨੈਟਵਰਕਸ 'ਤੇ ਉਨ੍ਹਾਂ ਪੱਤਰਕਾਰਾਂ ਦੇ ਖਿਲਾਫ ਤਾਲਮੇਲ ਨਾਲ ਨਫ਼ਰਤ ਮੁਹਿੰਮ ਚਲਾਈ ਗਈ ਹੈ ਜੋ ਹਿੰਦੂਤਵ ਦੇ ਪੈਰੋਕਾਰਾਂ ਨੂੰ ਨਾਰਾਜ਼ ਕਰਨ ਵਾਲੇ ਵਿਸ਼ਿਆਂ ਉਤੇ ਬੋਲਣ ਜਾਂ ਲਿਖਣ ਦੀ ਹਿੰਮਤ ਕਰਦੇ ਹਨ ਅਤੇ ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਅਜਿਹੇ ਪੱਤਰਕਾਰਾਂ ਨੂੰ ਕਤਲ ਕੀਤੇ ਜਾਣ ਦੀ ਮੰਗ ਵੀ ਸ਼ਾਮਲ ਹੈ।

ਰਿਪੋਰਟ ਵਿੱਚ ਵਿਸ਼ੇਸ਼ ਤੌਰ 'ਤੇ ਇਹ ਵੀ ਦੱਸਿਆ ਗਿਆ ਹੈ ਕਿ ਕਿਵੇਂ 2020 ਵਿੱਚ ਭਾਰਤ ਸਰਕਾਰ ਨੇ ਪ੍ਰੈਸ ਦੀ ਅਜ਼ਾਦੀ ਨੂੰ ਦਬਾਉਣ ਲਈ ਕੋਵਿਡ-19 ਮਹਾਂਮਾਰੀ ਦਾ ਫਾਇਦਾ ਉਠਾਇਆ। ਇਸ ਨੇ ਇਹ ਵੀ ਨੋਟ ਕੀਤਾ ਹੈ ਕਿ ਕਸ਼ਮੀਰ ਵਿੱਚ ਸਥਿਤੀ 'ਅਜੇ ਵੀ ਬਹੁਤ ਚਿੰਤਾਜਨਕ' ਹੈ, ਕਿਉਂਕਿ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੁਆਰਾ ਪੱਤਰਕਾਰਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। 2021 ਦੀ ਰਿਪੋਰਟ 'ਦਿਖਾਉਂਦੀ ਹੈ ਕਿ ਪੱਤਰਕਾਰੀ, ਵਿਗਾੜ ਦੇ ਵਿਰੁੱਧ ਮੁੱਖ ਟੀਕਾ, ਸੰਗਠਨ ਦੁਆਰਾ ਦਰਜਾਬੰਦੀ ਵਾਲੇ 180 ਦੇਸ਼ਾਂ ਵਿੱਚੋਂ 73% ਵਿੱਚ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਬਲੌਕ ਕੀਤਾ ਗਿਆ ਹੈ'। ਇਸ ਨੇ ਅੱਗੇ ਨੋਟ ਕੀਤਾ ਹੈ ਕਿ 'ਸੂਚਕਾਂਕ ਦੇ 180 ਦੇਸ਼ਾਂ ਵਿੱਚੋਂ ਸਿਰਫ਼ 12 (7%) ਪੱਤਰਕਾਰੀ ਲਈ ਅਨੁਕੂਲ ਮਾਹੌਲ ਪੇਸ਼ ਕਰਨ ਦਾ ਦਾਅਵਾ ਕਰ ਸਕਦੇ ਹਨ'।

ਉਪਰੋਕਤ ਤੋਂ ਪਤਾ ਚਲ ਜਾਂਦਾ ਹੈ ਕਿ ਭਾਰਤੀ ਪੱਤਰਕਾਰੀ ਸਿਆਸਤਦਾਨਾਂ ਦੇ ਅਨੁਸਾਰ ਚਲਦੀ ਹੈ ਜਿਸ 'ਚ ਧਨਾਢ ਲੋਕ ਫ਼ਾਇਦਾ ਚੁੱਕ ਰਹੇ ਹਨ, ਗਰੀਬ ਲੋਕ ਮਿਹਨਤ ਮਜ਼ਦੂਰੀ ਕਰਕੇ ਵੀ ਆਪਣਾ ਜੀਵਨ ਸਹੀ ਤਰੀਕੇ ਨਾਲ ਬਤੀਤ ਨਹੀਂ ਕਰ ਰਹੇ ਹਨ। ਭਾਰਤੀ ਅਖ਼ਬਾਰ ਤੇ ਮੀਡੀਆ ਸਿਰਫ਼ ਸਰਕਾਰਾਂ ਪ੍ਰਤੀ ਆਪਣੀ ਬਿਹਤਰੀ ਦਾ ਪ੍ਰਦਰਸ਼ਨ ਕਰ ਰਹੇ ਹਨ, ਆਮ ਲੋਕਾਂ ਪ੍ਰਤੀ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਉਨ੍ਹਾਂ ਨੂੰ ਉਦੋਂ ਤੱਕ ਨਜ਼ਰ ਨਹੀਂ ਆਉਂਦੀਆਂ ਜਦੋਂ ਤੱਕ ਉਨ੍ਹਾਂ ਦੇ ਖ਼ੁਦ ਆਪਣੇ ਹੱਕਾਂ ਉੱਤੇ ਹਮਲਾ ਨਾ ਹੋਵੇ।

# ਦੁਨੀਆ ਭਰ ਵਿੱਚ 363 ਪੱਤਰਕਾਰ ਸਲਾਖ਼ਾਂ ਪਿੱਛੇ

- ➢ ਈਰਾਨ, ਚੀਨ, ਮਿਆਂਮਾਰ, ਤੁਰਕੀ ਅਤੇ ਬੇਲਾਰੂ ਪੱਤਰਕਾਰਾਂ ਨੂੰ ਕੈਦ ਕਰਨ ਦੇ ਮਾਮਲੇ ਵਿੱਚ ਚੋਟੀ ਦੇ ਪੰਜ ਦੇਸ਼ਾ 'ਚ ਸ਼ਾਮਲ
- ➢ ਆਸਿ.ਫ ਸੁਲਤਾਨ, ਸੱਜਾਦ ਗੁਲ, ਗੌਤਮ ਨਵਲੱਖਾ, ਮਨਾਨ ਡਾਰ, ਸਿੱਦੀਕ ਕਪਤਾਨ, ਫਹਾਦ ਸ਼ਾਹ ਅਤੇ ਰੁਪੇਸ਼ ਕੁਮਾਰ ਸਿੰਘ ਵਰਗੇ ਸੱਤ ਪੱਤਰਕਾਰ ਭਾਰਤੀ ਜੇਲ੍ਹ 'ਚ

*ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਾਨੂੰਨ ਪਬਲਿਕ ਸੇ.ਫਟੀ ਐਕਟ ਦੀ ਵਰਤੋਂ ਤਹਿਤ ਕਸ਼ਮੀਰੀ ਪੱਤਰਕਾਰਾਂ ਆਸਿ.ਫ ਸੁਲਤਾਨ, ਫਹਾਦ ਸ਼ਾਹ ਅਤੇ ਸੱਜਾਦ ਗੁਲ ਖ਼ਿਲਾ.ਫ ਕਾਰਵਾਈ ਕੀਤੀ ਗਈ। ਵੱਖ-ਵੱਖ ਮਾਮਲਿਆਂ ਵਿੱਚ ਅਦਾਲਤ ਦੁਆਰਾ ਜ਼ਮਾਨਤ ਦਿੱਤੇ ਜਾਣ ਦੇ ਬਾਵਜੂਦ ਵੀ ਪੱਤਰਕਾਰਾਂ ਨੂੰ ਜੇਲਾਂ ਵਿੱਚ ਰੱਖਣ ਲਈ ਪਬਲਿਕ ਸੇ.ਫਟੀ ਐਕਟ ਦੀ ਦੁਰਵਰਤੋਂ ਕੀਤੀ ਗਈ ਹੈ। ਜੇਲਾਂ ਵਿਚ ਬੰਦ ਸੱਤ ਪੱਤਰਕਾਰਾਂ ਵਿੱਚੋਂ ਛੇ 'ਤੇ ਅੱਤਵਾਦ ਵਿਰੋਧੀ .ਗੈਰਕਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਤਹਿਤ ਜਾਂਚ ਕੀਤੀ ਜਾ ਰਹੀ ਹੈ ਜਾਂ ਬ.ਗਾਵਤ ਦੇ ਦੋਸ਼ ਲਗਾਏ ਗਏ ਹਨ।*



ਨਵੀਂ ਦਿੱਲੀ: ਪੱਤਰਕਾਰਾਂ ਦੀ ਸੁਰੱਖਿਆ ਲਈ ਕਮੇਟੀ (ਸੀ.ਪੀ.ਜੇ.) ਨੇ ਰਿਪੋਰਟ ਦਿੱਤੀ ਹੈ ਕਿ ਦੁਨੀਆ ਭਰ ਵਿੱਚ ਆਪਣੇ ਪੇਸ਼ੇ ਲਈ ਜੇਲਾਂ ਵਿੱਚ ਬੰਦ ਪੱਤਰਕਾਰਾਂ ਦੀ ਗਿਣਤੀ ਇਸ ਸਾਲ ਉੱਚ ਪੱਧਰ 'ਤੇ ਪਹੁੰਚ ਗਈ ਹੈ। ਰਿਪੋਰਟ ਅਨੁਸਾਰ ਸੀਪੀਜੇ ਨੇ ਕਿਹਾ ਕਿ 1 ਦਸੰਬਰ 2022 ਤੱਕ , ਦੁਨੀਆ ਭਰ ਵਿੱਚ 363 ਪੱਤਰਕਾਰ ਜੇਲਾਂ ਵਿਚ ਹਨ। ਸੀ.ਪੀ.ਜੇ.ਨੇ ਕਿਹਾ ਕਿ ਇਹ ਅੰਕੜਾ ਵਿਸ਼ਵ ਪੱਧਰ ਉਪਰ ਉੱਚ ਪੱਧਰ ਦਾ ਹੈ। ਇਹ ਪਿਛਲੇ ਸਾਲ ਦੇ ਅੰਕੜੇ ਤੋਂ 20% ਵੱਧ ਹੈ। ਸੀ.ਪੀ.ਜੇ.ਨੇ ਕਿਹਾ ਕਿ ਇਹ ਵਿਗੜ ਰਹੇ ਮੀਡੀਆ ਲੈਂਡਸਕੇਪ ਦੀ ਗੰਭੀਰ ਸਥਿਤੀ ਨੂੰ ਦਰਸਾਉਂਦਾ ਹੈ। ਸੀ.ਪੀ.ਜੇ. ਇੱਕ ਗੈਰ-ਲਾਭਕਾਰੀ ਸੰਸਥਾ ਹੈ ਜੋ ਪੱਤਰਕਾਰਾਂ ਦੀ ਸੁਰੱਖਿਆ ਤੇ ਅਧਿਕਾਰਾਂ ਲਈ ਕੰਮ ਕਰਦੀ ਹੈ। ਇਸ ਨੇ ਪਿਛਲੇ ਹ.ਫਤੇ ਆਪਣੀ ਸਾਲਾਨਾ ਜੇਲ ਜਨਗਣਨਾ ਜਾਰੀ ਕੀਤੀ ਸੀ। ਇਸ ਰਿਪੋਰਟ ਮੁਤਾਬਕ ਇਸ ਸਾਲ ਪੱਤਰਕਾਰਾਂ ਨੂੰ ਕੈਦ ਕਰਨ ਦੇ ਮਾਮਲੇ ਵਿੱਚ ਚੋਟੀ ਦੇ ਪੰਜ ਦੇਸ਼ ਈਰਾਨ, ਚੀਨ, ਮਿਆਂਮਾਰ, ਤੁਰਕੀ ਅਤੇ ਬੇਲਾਰੂਸ ਸ਼ਾਮਲ ਸਨ। ਸੀ.ਪੀ.ਜੇ. ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਦੇ ਦੋਹਰੇ ਸੰਕਟ ਅਤੇ ਯੂਕਰੇਨ ਉੱਤੇ ਰੂਸੀ ਹਮਲੇ ਦੇ ਵਿਚਾਲੇ ਤਾਨਾਸ਼ਾਹੀ ਸਰਕਾਰਾਂ ਮੀਡੀਆ ਦੀ ਅਵਾਜ਼ ਨੂੰ ਦਬਾਉਣ ਲਈ ਦਮਨਕਾਰੀ ਢੰਗ ਵਰਤ ਰਹੀਆਂ ਹਨ। ਸੀ.ਪੀ.ਜੇ.ਨੇ: ਰਿਪੋਰਟ ਮੁਤਾਬਕ ਇਸ ਸਮੇਂ ਭਾਰਤ ਵਿੱਚ ਸੱਤ ਪੱਤਰਕਾਰ।ਜੇਲਾਂ ਵਿੱਚ ਹਨ,ਜਿਹਨਾਂ ਵਿੱਚ ਕਸ਼ਮੀਰ ਦੇ ਨਾਰੇਟਰ ਆਸਿ.ਫ ਸੁਲਤਾਨ, ਸੱਜਾਦ ਗੁਲ, ਗੌਤਮ ਨਵਲੱਖਾ, ਮਨਾਨ ਡਾਰ, ਸਿੱਦੀਕ ਕਪਤਾਨ, ਫਹਾਦ ਸ਼ਾਹ ਅਤੇ ਰੂਪੇਸ਼ ਕੁਮਾਰ ਸਿੰਘ ਸ਼ਾਮਲ ਹਨ। ਸੀ.ਪੀ.ਜੇ. ਨੇ ਇਹ ਜਨਗਣਨਾ 1992 ਵਿੱਚ ਸ਼ੁਰੂ ਕੀਤੀ ਸੀ। ਹੁਣ ਇਹ ਦੂਜੀ ਵਾਰੀ ਹੈ। 2008 ਤੋਂ ਲਗਾਤਾਰ ਭਾਰਤ ਵਿੱਚ ਪੱਤਰਕਾਰਾਂ ਨਾਲ ਸਰਕਾਰੀ ਧੱਕਾ ਵੱਧ ਰਿਹਾ ਹੈ।

ਸੀ.ਪੀ.ਜੇ.ਦੇ ਅੰਕੜਿਆਂ ਅਨੁਸਾਰ, ਪਿਛਲੇ ਸਾਲ ਵੀ ਭਾਰਤ ਵਿੱਚ ਸੱਤ ਪੱਤਰਕਾਰਾਂ ਨੂੰ ਜੇਲਾਂ ਵਿੱਚ ਬੰਦ ਕੀਤਾ ਗਿਆ ਸੀ। ਸੀ.ਪੀ.ਜੇ. ਨੇ ਕਿਹਾ ਕਿ ਭਾਰਤ ਸਰਕਾਰ ਮੀਡੀਆ ਨਾਲ ਧੱਕਾ ਕਰ ਰਹੀ ਹੈ ਤੇ ਉਹਨਾਂ ਖ਼ਿਲਾ.ਫ ਸਖ਼ਤ ਕਨੂੰਨ ਪਬਲਿਕ ਸੇ.ਫਟੀ ਐਕਟ ਦੀ ਦੁਰਵਰਤੋਂ ਕਰ ਰਹੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਾਨੂੰਨ ਪਬਲਿਕ ਸੇ.ਫਟੀ ਐਕਟ ਦੀ ਵਰਤੋਂ ਤਹਿਤ ਕਸ਼ਮੀਰੀ ਪੱਤਰਕਾਰਾਂ ਆਸਿ.ਫ ਸੁਲਤਾਨ, ਫਹਾਦ ਸ਼ਾਹ ਅਤੇ ਸੱਜਾਦ ਗੁਲ ਖ਼ਿਲਾ.ਫ ਕਾਰਵਾਈ ਕੀਤੀ ਗਈ। ਵੱਖ-ਵੱਖ ਮਾਮਲਿਆਂ ਵਿੱਚ ਅਦਾਲਤ ਦੁਆਰਾ ਜ਼ਮਾਨਤ ਦਿੱਤੇ ਜਾਣ ਦੇ ਬਾਵਜੂਦ ਵੀ ਪੱਤਰਕਾਰਾਂ ਨੂੰ ਜੇਲਾਂ ਵਿੱਚ ਰੱਖਣ ਲਈ ਪਬਲਿਕ ਸੇ.ਫਟੀ ਐਕਟ ਦੀ ਦੁਰਵਰਤੋਂ ਕੀਤੀ ਗਈ ਹੈ। ਜੇਲਾਂ ਵਿਚ ਬੰਦ ਸੱਤ ਪੱਤਰਕਾਰਾਂ ਵਿੱਚੋਂ ਛੇ 'ਤੇ ਅੱਤਵਾਦ ਵਿਰੋਧੀ .ਗੈਰਕਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਤਹਿਤ ਜਾਂਚ ਕੀਤੀ ਜਾ ਰਹੀ ਹੈ ਜਾਂ ਬ.ਗਾਵਤ ਦੇ ਦੋਸ਼ ਲਗਾਏ ਗਏ ਹਨ। ਇਹਨਾਂ ਸੱਤਾਂ ਵਿੱਚੋਂ ਤਿੰਨ ਇੱਕ ਸਾਲ ਤੋਂ ਵੱਧ ਸਮੇਂ ਤੋਂ ਜੇਲਾਂ ਵਿੱਚ ਹਨ। ਜੰਮੂ-ਕਸ਼ਮੀਰ ਵਿੱਚ 'ਕਸ਼ਮੀਰ ਨਰੇਟਰ' ਦਾ ਰਿਪੋਰਟਰ ਆਸਿ.ਫ ਸੁਲਤਾਨ 27 ਅਗਸਤ 2018 (4 ਸਾਲ 3 ਮਹੀਨੇ) ਤੋਂ ਜੇਲ੍ਹ ਵਿੱਚ ਹੈ। ਉਸ ਨੂੰ ਪਹਿਲਾਂ



ਯੂ.ਏ.ਪੀ.ਏ. ਕੇਸ ਵਿੱਚ ਗ੍ਰਿ.ਫਤਾਰ ਕੀਤਾ ਗਿਆ ਸੀ, ਪਰ ਕੇਸ ਵਿੱਚ ਜ਼ਮਾਨਤ ਮਿਲਣ ਤੋਂ ਬਾਅਦ, ਉਸ ਨੂੰ ਇਸ ਸਾਲ ਅਪ੍ਰੈਲ ਵਿੱਚ ਪੀ.ਐਸ.ਏ. ਦੇ ਤਹਿਤ ਮੁੜ ਗ੍ਰਿ.ਫਤਾਰ ਕੀਤਾ ਗਿਆ ਸੀ। ਕੇਰਲ ਦੇ ਪੱਤਰਕਾਰ ਸਿੱਦੀਕ ਕਪਾਨ ਨੂੰ ਉੱਤਰ ਪ੍ਰਦੇਸ਼ ਪੁਲਿਸ ਨੇ 5 ਅਕਤੂਬਰ 2020 ਨੂੰ ਗ੍ਰਿ.ਫਤਾਰ ਕੀਤਾ ਸੀ ਅਤੇ ਉਹ 2 ਸਾਲ 2 ਮਹੀਨਿਆਂ ਤੋਂ ਜੇਲ੍ਹ ਵਿਚ ਹੈ। ਮਾਣਯੋਗ ਸੁਪਰੀਮ ਕੋਰਟ ਨੇ ਹਾਥਰਸ ਬਲਾਤਕਾਰ ਦੇ ਖ਼ਿਲਾ.ਫ ਪ੍ਰਦਰਸ਼ਨਾਂ ਨਾਲ ਜੁੜੇ ਇੱਕ ਕਥਿਤ ਵੱਡੇ ਸਾਜ਼ਿਸ਼ ਦੇ ਮਾਮਲੇ ਵਿੱਚ ਉਸਨੂੰ ਜ਼ਮਾਨਤ ਦੇ ਦਿੱਤੀ ਸੀ, ਪਰ ਉਹ ਇਸ ਸਮੇਂ ਮਨੀ ਲਾਂਡਰਿੰਗ ਦੇ ਇੱਕ ਕੇਸ ਵਿੱਚ ਜੇਲ੍ਹ ਵਿੱਚ ਹੈ। ਪਾਤਰਾ ਗੌਤਮ ਨਵਲੱਖਾ ਨੂੰ ਪੁਣੇ ਪੁਲਿਸ ਨੇ 14 ਅਪ੍ਰੈਲ, 2020 ਨੂੰ ਐਲਗਾਰ ਪ੍ਰੀਸ਼ਦ ਮਾਮਲੇ ਦੇ ਸਬੰਧ ਵਿੱਚ ਗ੍ਰਿ.ਫਤਾਰ ਕੀਤਾ ਸੀ। ਸੁਪਰੀਮ ਕੋਰਟ ਦੁਆਰਾ ਨਜ਼ਰਬੰਦ ਕੀਤੇ ਜਾਣ ਤੋਂ ਪਹਿਲਾਂ ਉਸਨੇ 30 ਮਹੀਨਿਆਂ ਤੋਂ ਵੱਧ ਜੇਲ੍ਹ ਵਿੱਚ ਬਿਤਾਏ। ਇੱਕ ਹੋਰ ਪੱਤਰਕਾਰ ਮਨਨ ਡਾਰ ਨੂੰ 10 ਅਕਤੂਬਰ, 2021 ਨੂੰ ਜੰਮੂ ਅਤੇ ਕਸ਼ਮੀਰ ਵਿੱਚ ਗ੍ਰਿ.ਫਤਾਰ ਕੀਤਾ ਗਿਆ ਸੀ। ਡਾਰ ਅੱਤਵਾਦੀ ਸਾਜ਼ਿਸ਼ ਮਾਮਲੇ 'ਚ ਸ਼ਾਮਲ ਹੋਣ ਦੇ ਦੋਸ਼ 'ਚ 1 ਸਾਲ 2 ਮਹੀਨੇ ਜੇਲ੍ਹ ਕੱਟ ਚੁੱਕੇ ਹਨ। ਕਸ਼ਮੀਰ ਵਾਲਾ ਮੈਗਜ਼ੀਨ ਦੇ ਸੱਜਾਦ ਗੁਲ ਇਸ ਸਾਲ ਜਨਵਰੀ ਤੋਂ ਜੇਲ੍ਹ 'ਚ ਹਨ। ਉਸ ਨੂੰ ਪਹਿਲਾਂ ਵਿਰੋਧ ਪ੍ਰਦਰਸ਼ਨ ਦਾ ਵੀਡੀਓ ਟਵੀਟ ਕਰਨ ਲਈ ਗ੍ਰਿ.ਫਤਾਰ ਕੀਤਾ ਗਿਆ ਸੀ। ਮਾਮਲੇ ਵਿੱਚ ਜ਼ਮਾਨਤ ਮਿਲਣ ਤੋਂ ਬਾਅਦ ਉਸ ਨੂੰ ਪੀਐਸਏ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ। .ਫਹਾਦ ਸ਼ਾਹ ਕਸ਼ਮੀਰ ਵਾਲਾ ਨਾਲ ਵੀ ਸਬੰਧਤ ਹੈ। ਉਸ ਨੂੰ ਇਸ ਸਾਲ ਫਰਵਰੀ ਵਿਚ ਉਸ ਸਮੇਂ ਗ੍ਰਿ.ਫਤਾਰ ਕੀਤਾ ਗਿਆ ਸੀ ਜਦੋਂ ਫੌਜ ਨੇ ਉਸ 'ਤੇ ਇਕ ਸਕੂਲ ਪ੍ਰੋਗਰਾਮ ਬਾਰੇ .ਫਰਜ਼ੀ ਖ਼ਬਰਾਂ ਫੈਲਾਉਣ ਦਾ ਦੋਸ਼ ਲਗਾਇਆ ਸੀ। ਇਸ ਤੋਂ ਬਾਅਦ ਉਸ ਖ਼ਿਲਾ.ਫ ਦੋ ਹੋਰ ਮਾਮਲੇ ਦਰਜ ਕੀਤੇ ਗਏ। ਉਸ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਸਥਾਨਕ ਅਦਾਲਤ ਦੁਆਰਾ ਦੋ ਮਾਮਲਿਆਂ ਵਿੱਚ ਜ਼ਮਾਨਤ ਦਿੱਤੀ ਗਈ ਸੀ, ਪਰ ਇੱਕ ਹੋਰ ਕੇਸ ਵਿੱਚ ਉਹ ਹਿਰਾਸਤ ਵਿੱਚ ਹੈ। ਝਾਰਖੰਡ ਦੇ ਇੱਕ ਸੁਤੰਤਰ ਪੱਤਰਕਾਰ ਰੁਪੇਸ਼ ਕੁਮਾਰ ਸਿੰਘ ਨੂੰ ਜੁਲਾਈ 2022 ਵਿੱਚ ਯੂਏਪੀਏ ਦੇ ਤਹਿਤ ਗ੍ਰਿ.ਫਤਾਰ ਕੀਤਾ ਗਿਆ ਸੀ। ਬਾਅਦ ਵਿੱਚ ਉਸਦੇ ਖ਼ਿਲਾ.ਫ ਦੋ ਹੋਰ ਮਾਮਲੇ ਦਰਜ ਕੀਤੇ ਗਏ ਸਨ। ਗਲੋਬਲ ਰਿਪੋਰਟਾਂ ਦੇ ਅਨੁਸਾਰ, ਈਰਾਨ ਦਾ ਹਾਲ ਪਿਛਲੇ ਇੱਕ ਸਾਲ ਬਹੁਤ ਖ਼ਰਾਬ ਰਿਹਾ ਹੈ ,ਜਿੱਥੇ ਹਿਜਾਬ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਗ੍ਰਿ.ਫਤਾਰ ਕੀਤੀ ਗਈ 22 ਸਾਲਾ ਕੁਰਦਿਸ਼ ਔਰਤ ਮਹਸਾ ਅਮੀਨੀ ਦੀ ਪੁਲਿਸ ਹਿਰਾਸਤ ਵਿੱਚ ਹੋਈ। ਮੌਤ ਵਿਰੁੱਧ ਵਿਰੋਧ ਕਰਨ ਵਾਲੇ ਦਰਜਨਾਂ ਪੱਤਰਕਾਰਾਂ ਨੂੰ ਗ੍ਰਿ.ਫਤਾਰ ਕੀਤਾ ਗਿਆ। ਸੀ.ਪੀ.ਜੇ. ਨੇ ਕਿਹਾ, ਅਥਾਰਟੀਜ਼ ਨੇ ਵੱਡੀ ਗਿਣਤੀ ਵਿੱਚ ਔਰਤ ਪੱਤਰਕਾਰਾਂ ਨੂੰ ਹਿਰਾਸਤ ਵਿੱਚ ਲਿਆ ਹੈ। ਵਿਰੋਧ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਗ੍ਰਿ.ਫਤਾਰ ਕੀਤੇ ਗਏ 49 ਵਿੱਚੋਂ 22 ਔਰਤਾਂ ਜਨ। ਸੀ.ਪੀ.ਜੇ. ਨੇ ਕਿਹਾ, ਇਹ ਗ੍ਰਿ.ਫਤਾਰੀਆਂ ਦਰਸਾਉਂਦੀਆਂ ਹਨ ਕਿ ਇਸ ਸੰਘਰਸ਼ ਵਿਚ ਔਰਤਾਂ ਦੀ ਵੱਡੀ ਭੂਮਿਕਾ ਸੀ। ਰਿਪੋਰਟ ਅਨੁਸਾਰ, ਜਦੋਂ ਕਿ ਚੀਨ ਵਿੱਚ ਅਧਿਕਾਰੀਆਂ ਨੇ ਸਰਕਾਰ ਦੀਆਂ ਜ਼ੀਰੋ ਕੋਵਿਡ ਲੌਕਡਾਊਨ ਨੀਤੀਆਂ ਨੂੰ ਲੈ ਕੇ ਹਾਲ ਹੀ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਔਨਲਾਈਨ ਸੈਂਸਰਸ਼ਿਪ ਨੂੰ ਸਖ਼ਤ ਕਰ ਦਿੱਤਾ ਸੀ, ਪ੍ਰਦਰਸ਼ਨਾਂ ਦੀ ਕਵਰੇਜ ਕਰਦੇ ਸਮੇਂ ਕਈ ਪੱਤਰਕਾਰਾਂ ਨੂੰ ਥੋੜੇ ਸਮੇਂ ਲਈ ਹਿਰਾਸਤ ਵਿੱਚ ਲਏ ਜਾਣ ਦੀ ਰਿਪੋਰਟ ਕੀਤੀ ਗਈ ਸੀ। ਰੂਸ ਤੋਂ ਲੈ ਕੇ ਨਿਕਾਰਾਗੁਆ ਅਤੇ ਅ.ਫ.ਗਾਨਿਸਤਾਨ ਤੱਕ ਬਹੁਤ ਸਾਰੇ ਦੇਸ਼ਾਂ ਵਿੱਚ, ਸੁਤੰਤਰ ਮੀਡੀਆ ਆਉਟਲੈਟਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ ਕਿਉਂਕਿ ਪੱਤਰਕਾਰਾਂ ਨੂੰ ਜਾਂ ਤਾਂ ਦੇਸ਼ ਨਿਕਾਲਾ ਦਿੱਤਾ ਗਿਆ ਹੈ ਜਾਂ ਧਮਕੀਆਂ ਦੇ ਕੇ ਸਵੈ-ਸੈਂਸਰਸ਼ਿਪ ਲਈ ਮਜਬੂਰ ਕੀਤਾ ਗਿਆ। ਸੀ.ਪੀ.ਜੇ. ਦੀ ਰਿਪੋਟ ਦਾ ਮੰਨਣਾ ਹੈ ਕਿ ਹਰੇਕ ਦੇਸ਼ ਦੀਆਂ ਦਮਨਕਾਰੀ ਰਣਨੀਤੀਆਂ ਵੱਖੋ-ਵੱਖਰੀਆਂ ਹੁੰਦੀਆਂ ਹਨ, ਪਰ ਬੇਰਹਿਮੀ ਅਤੇ ਬਦਲੇ ਦੀ ਭਾਵਨਾ ਇੱਕੋ ਜਿਹੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੱਤਰਕਾਰਾਂ ਨੂੰ ਕੈਦ ਕਰਨਾ ਸਿਰ.ਫ ਇੱਕ ਚਾਲ ਹੈ, ਜੋ ਇਹ ਦਰਸਾਉਂਦੀ ਹੈ ਕਿ ਕਿਵੇਂ ਤਾਨਾਸ਼ਾਹ ਆਗੂ ਪ੍ਰੈੱਸ ਦੀ ਆਜ਼ਾਦੀ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ, ਪੱਤਰਕਾਰੀ ਨੂੰ ਅਪਰਾਧਿਕ ਬਣਾਉਣ ਲਈ ਅਪਰਾਧਿਕ ਮਾਣਹਾਨੀ ਅਤੇ ਅਸਪਸ਼ਟ ਕਾਨੂੰਨਾਂ ਦੀ ਵਰਤੋਂ ਕਰਕੇ ਕਾਨੂੰਨ ਦੇ ਸ਼ਾਸਨ ਅਤੇ ਨਿਆਂ ਪ੍ਰਣਾਲੀ ਦੀ ਦੁਰਵਰਤੋਂ ਕਰਦੇ ਹਨ। ਇਸ ਦੇ ਨਾਲ ਹੀ ਪੱਤਰਕਾਰਾਂ ਅਤੇ ਉਹਨਾਂ ਦੇ ਪਰਿਵਾਰਾਂ ਵਿਰੁੱਧ ਜਾਸੂਸੀ ਕਰਦੇ ਹੋਏ ਤਕਨਾਲੋਜੀ ਦੀ ਵੀ ਦੁਰਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਦੀ ਖ਼ੁਫ਼ੀਆ ਤੌਰ ਉਪਰ ਜਾਸੂਸੀ ਕੀਤੀ ਜਾਂਦੀ ਹੈ।



# ਪੀਲੀਭੀਤ ਫ਼ਰਜ਼ੀ ਮੁਕਾਬਲੇ ਦੇ ਦੋਸ਼ੀ 43 ਪੁਲਿਸ ਮੁਲਾਜ਼ਮਾਂ ਦੀ ਸਜ਼ਾ ਘਟਾਈ

## ➢ 14 ਲੱਖ ਦਾ ਜੁਰਮਾਨਾ ਵੀ ਘਟਾ ਕੇ 10-10 ਹਜ਼ਾਰ ਰੁਪਏ ਕੀਤਾ ➢ ਇਲਾਹਾਬਾਦ ਹਾਈਕੋਰਟ ਨੇ ਹੇਠਲੀ ਅਦਾਲਤ ਦਾ ਫ਼ੈਸਲਾ ਪਲਟਿਆ 1991 'ਚ 10 ਸਿੱਖਾਂ ਦਾ ਕੀਤਾ ਸੀ ਕਤਲ

ਇਲਾਹਾਬਾਦ\ਏ.ਟੀ.ਨਿਊਜ਼ : ਇਲਾਹਾਬਾਦ ਹਾਈਕੋਰਟ ਨੇ ਪੀਲੀਭੀਤ ਦੇ ਬਹੁ-ਚਰਚਿਤ 1991 ਦੇ 10 ਸਿੱਖਾਂ ਦੇ ਫ਼ਰਜ਼ੀ ਮੁਕਾਬਲੇ ਮਾਮਲੇ 'ਚ ਸ਼ਾਮਿਲ 43 ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਹੇਠਲੀ ਅਦਾਲਤ ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਨੂੰ ਘਟਾ ਕੇ 7-7 ਸਾਲ ਦੀ ਸਖ਼ਤ ਸਜ਼ਾ 'ਚ ਬਦਲਦਿਆਂ ਹਰੇਕ ਦੋਸ਼ੀ ਨੂੰ 10-10 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਦੱਸਣਯੋਗ ਹੈ ਕਿ 12 ਜੁਲਾਈ, 1991 ਨੂੰ ਨਾਨਕਮਤਾ, ਹਜ਼ੂਰ ਸਾਹਿਬ ਤੇ ਹੋਰਨਾਂ ਗੁਰਦੁਆਰਿਆਂ ਦੀ ਯਾਤਰਾ ਕਰਕੇ ਬੱਸ 'ਚ ਪਰਤ ਰਹੇ 25 ਸਿੱਖ ਯਾਤਰੀਆਂ ਦੇ ਜਥੇ ਨੂੰ ਪੀਲੀਭੀਤ ਦੇ ਕਛਾਲਾ ਘਾਟ ਨਜ਼ਦੀਕ ਪੁਲਿਸ ਵਾਲਿਆਂ ਨੇ ਰੋਕ ਕੇ 10 ਸਿੱਖ ਯਾਤਰੀਆਂ ਨੂੰ ਖ਼ਾਲਿਸਤਾਨ ਲਿਬਰੇਸ਼ਨ ਫ਼ਰੰਟ ਦੇ ਖਾੜਕੂ ਦੱਸ ਕੇ ਫ਼ਰਜ਼ੀ ਮੁਕਾਬਲਾ ਬਣਾ ਦਿੱਤਾ ਸੀ, ਜਿਹਨਾਂ ਦੀਆਂ ਬਾਅਦ 'ਚ ਲਾਸ਼ਾਂ ਬਰਾਮਦ ਹੋਈਆਂ ਸਨ, ਜਦੋਂਕਿ ਸ਼ਾਹਜਹਾਂਪੁਰ ਵਾਸੀ ਤਲਵਿੰਦਰ ਸਿੰਘ ਦੀ ਅੱਜ ਤੱਕ ਕੋਈ ਉਘ-ਸੁੱਘ ਨਹੀਂ ਲੱਗੀ। ਇਲਾਹਾਬਾਦ ਹਾਈ ਕੋਰਟ ਨੇ ਆਪਣਾ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਪੁਲਿਸ ਮੁਲਾਜ਼ਮਾਂ ਨੇ ਕਾਨੂੰਨ ਵੱਲੋਂ ਦਿੱਤੀ ਸ਼ਕਤੀ ਦਾ ਦੁਰਉਪਯੋਗ ਕੀਤਾ ਸੀ। ਜਸਟਿਸ ਰਮੇਸ਼ ਸਿਨਹਾ ਤੇ ਸਰੋਜ ਯਾਦਵ ਨੇ ਆਪਣੇ 179 ਪੰਨਿਆਂ ਦੇ ਫ਼ੈਸਲੇ ਵਿੱਚ ਕਿਹਾ ਕਿ ਪੁਲਿਸ ਮੁਲਾਜ਼ਮਾਂ ਦੀ ਇਹ ਡਿਊਟੀ ਨਹੀਂ ਹੈ ਕਿ ਉਹ ਕਿਸੇ ਨੂੰ ਇਸ ਲਈ ਮੌਤ ਦੇ ਘਾਟ ਉਤਾਰ ਦੇਣ ਕੇ ਉਹ ਖ਼ਤਰਨਾਕ ਅਪਰਾਧੀ ਹਨ। ਬਿਨਾਂ ਸ਼ੱਕ, ਪੁਲਿਸ ਨੂੰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਕਾਨੂੰਨ ਅਨੁਸਾਰ ਕਾਰਵਾਈ ਕਰਨੀ ਚਾਹੀਦੀ ਹੈ। ਦੱਸਣਯੋਗ ਹੈ ਕਿ ਹੇਠਲੀ ਅਦਾਲਤ ਨੇ ਫ਼ਰਜ਼ੀ ਮੁਕਾਬਲੇ 'ਚ ਸ਼ਾਮਿਲ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਪਾਏ ਜਾਣ 'ਤੇ 4 ਅਪ੍ਰੈਲ, 2016 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ।ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਉਕਤ ਫ਼ੈਸਲੇ ਨੂੰ ਰੱਦ ਕਰਦੇ ਹੋਏ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਸੱਤ ਸਾਲ



ਕੈਦ ਦੀ ਸਜ਼ਾ ਸੁਣਾਈ ਹੈ। ਪੁਲਿਸ ਨੇ ਇਸ ਮਾਮਲੇ ਨੂੰ ਲੈ ਕੇ ਪੂਰਨਪੁਰ, ਨਿਊਰੀਆ ਤੇ ਬਿਲਸੰਡਾ ਥਾਣਿਆਂ 'ਚ ਤਿੰਨ ਵੱਖ-ਵੱਖ ਮੁਕੱਦਮੇ ਦਰਜ ਕੀਤੇ ਸਨ। ਇਕ ਵਕੀਲ ਨੇ ਸੁਪਰੀਮ ਕੋਰਟ 'ਚ ਉਕਤ ਮਾਮਲੇ ਨੂੰ ਲੈ ਕੇ ਜਨਹਿੱਤ ਪਟੀਸ਼ਨ ਦਾਖਲ ਕੀਤੀ ਸੀ। ਸੁਪਰੀਮ ਕੋਰਟ ਨੇ 15 ਮਈ, 1992 ਨੂੰ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਸੀ। ਸੀ.ਬੀ.ਆਈ. ਨੇ ਪੜਤਾਲ ਤੋਂ ਬਾਅਦ 57 ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਬੂਤਾਂ ਦੇ ਆਧਾਰ 'ਤੇ ਦੋਸ਼ ਪੱਤਰ ਦਾਇਰ ਕੀਤਾ ਸੀ। ਅਦਾਲਤ ਨੇ ਮਾਮਲੇ 'ਚ 47 ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾਇਆ ਸੀ, ਜਿਹਨਾਂ ਵਿੱਚੋਂ 2016 ਤੱਕ 10 ਦੀ ਮੌਤ ਵੀ ਹੋ ਚੁੱਕੀ ਹੈ ।

**ਸੀ.ਬੀ.ਆਈ. ਨੇ ਬਣਾਏ ਸਨ 178 ਗਵਾਹ**

ਸੀ.ਬੀ.ਆਈ. ਨੇ ਆਪਣੇ ਦੋਸ਼ ਪੱਤਰ 'ਚ 178 ਗਵਾਹ ਬਣਾਏ ਸਨ। ਪੁਲਿਸ ਮੁਲਾਜ਼ਮਾਂ ਦੇ ਹਥਿਆਰਾਂ ਤੇ ਕਾਰਤੂਸਾਂ ਸਮੇਤ 101 ਸਬੂਤ ਜੁਟਾਏ ਗਏ ਸਨ। ਜਾਂਚ ਏਜੰਸੀ ਨੇ 207 ਕਾਗਜ਼ਾਤਾਂ ਨੂੰ ਵੀ ਆਪਣੀ 58 ਪੰਨਿਆਂ ਦੇ ਦੋਸ਼ ਪੱਤਰ 'ਚ ਸਬੂਤ ਵਜੋਂ ਸ਼ਾਮਿਲ ਕੀਤਾ ਸੀ।

ਝੂਠੇ ਪੁਲੀਸ ਮੁਕਾਬਲੇ ਵਿਚ ਮਾਰੇ ਗਏ ਸਿੱਖ ਨਰਿੰਦਰ ਸਿੰਘ ਉਰਫ਼ ਨਿੰਦਰ, ਪਿਤਾ ਦਰਸ਼ਨ ਸਿੰਘ, ਪੀਲੀਭੀਤ, ਲਖਵਿੰਦਰ ਸਿੰਘ ਉਰਫ਼ ਲੱਖਾ, ਪਿਤਾ ਗੁਰਮੇਜ ਸਿੰਘ, ਪੀਲੀਭੀਤ, ਬਲਜੀਤ ਸਿੰਘ ਉਰਫ਼ ਪੱਪੂ, ਪਿਤਾ ਬਸੰਤ ਸਿੰਘ, ਗੁਰਦਾਸਪੁਰ, ਜਸਵੰਤ ਸਿੰਘ ਉਰਫ਼ ਜੱਸਾ, ਪਿਤਾ ਅਜਾਇਬ ਸਿੰਘ, ਬਟਾਲਾ, ਕਰਤਾਰ ਸਿੰਘ, ਪਿਤਾ ਅਜਾਇਬ ਸਿੰਘ, ਬਟਾਲਾ, ਮੁਖਵਿੰਦਰ ਸਿੰਘ ਉਰਫ਼ ਮੁੱਖਾ, ਪਿਤਾ ਸੰਤੋਖ ਸਿੰਘ, ਬਟਾਲਾ, ਹਰਮਿੰਦਰ ਸਿੰਘ ਉਰਫ਼ ਮਿੰਟਾ, ਪਿਤਾ ਅਜਾਇਬ ਸਿੰਘ, ਗੁਰਦਾਸਪੁਰ, ਸੁਰਜਨ ਸਿੰਘ ਉਰਫ਼ ਬਿੱਟੂ, ਪਿਤਾ ਕਰਨੈਲ ਸਿੰਘ, ਗੁਰਦਾਸਪੁਰ, ਰਣਧੀਰ ਸਿੰਘ ਉਰਫ਼ ਧੀਰਾ, ਪਿਤਾ ਸੁੰਦਰ ਸਿੰਘ, ਗੁਰਦਾਸਪੁਰ ।ਗੁੰਮਸ਼ੁਦਾ : ਤਲਵਿੰਦਰ ਸਿੰਘ ਸ਼ਾਹਜਹਾਂਪੁਰ ਸਨ ।

ਮਨੁੱਖੀ ਅਧਿਕਾਰ ਸੰਗਠਨ ਦਾ ਪ੍ਰਤੀਕਰਮ ਦਿੰਦਿਆਂ ਅਦਾਲਤੀ ਫ਼ੈਸਲੇ ਦੇ ਸੰਬੰਧ ਵਿਚ ਰਾਜਵਿੰਦਰ ਬੈਂਸ ਨੇ ਕਿਹਾ ਕਿ ਮਾਣਯੋਗ ਅਦਾਲਤ ਨੂੰ ਇਹਨਾਂ ਦੋਸ਼ੀਆਂ ਪ੍ਰਤੀ ਰਿਆਇਤ ਨਹੀਂ ਸੀ ਵਰਤਣੀ ਚਾਹੀਦੀ, ਸਗੋਂ ਇਹਨਾਂ ਨੂੰ ਹੇਠਲੀ ਅਦਾਲਤ ਵੱਲੋਂ ਦਿੱਤੀ ਗਈ ਸਜ਼ਾ ਨੂੰ ਬਰਕਰਾਰ ਰੱਖਦਿਆਂ ਸਖ਼ਤ ਸੰਦੇਸ਼ ਦੇਣਾ ਚਾਹੀਦਾ ਸੀ। ਉੱਤਰ ਪ੍ਰਦੇਸ਼ ਅਤੇ ਪੰਜਾਬ ਸਮੇਤ ਬਹੁਤ ਸਾਰੇ ਕਈ ਹੋਰ ਰਾਜਾਂ ਵਿਚ ਵੀ ਪੁਲਿਸ ਵੱਲੋਂ ਸਰਕਾਰਾਂ ਦੀ ਸ਼ਹਿ ਤੇ ਅਪਰਾਧੀਆਂ ਨਾਲ ਨਿਪਟਣ ਲਈ ਝੂਠੇ ਪੁਲਿਸ ਮੁਕਾਬਲੇ ਬਣਾਏ ਜਾਂਦੇ ਰਹੇ ਹਨ। ਅਨੇਕਾਂ ਵਾਰ ਪੁਲਿਸ ਅਧਿਕਾਰੀ ਅਤੇ ਪੁਲਿਸ ਮੁਲਾਜ਼ਮ ਤਰੱਕੀਆਂ ਲੈਣ ਲਈ ਅਤੇ ਸਰਕਾਰਾਂ ਤੋਂ ਸ਼ਾਬਾਸ਼ ਲੈਣ ਲਈ ਅਜਿਹੇ ਲੋਕਾਂ ਦੇ ਵੀ ਝੂਠੇ ਪੁਲਿਸ ਮੁਕਾਬਲੇ ਬਣਾ ਦਿੰਦੇ ਹਨ, ਜਿਹਨਾਂ ਦਾ ਕਿਸੇ ਵੀ ਅਪਰਾਧ ਵਿਚ ਕੋਈ ਹੱਥ ਨਹੀਂ ਹੁੰਦਾ।

ਮਨੁੱਖੀ ਅਧਿਕਾਰਾਂ ਸੰਗਠਨ ਦੇ ਗੁਰਬਚਨ ਸਿੰਘ ਨੇ ਕਿਹਾ ਕਿ ਹਾਈਕੋਰਟ ਦਾ ਫ਼ੈਸਲਾ ਪੀੜਤਾਂ ਨਾਲ ਨਿਆਂ ਨਹੀਂ ਕਰਦਾ। ਇਹ ਉਹ ਸਿੱਖ ਪਰਿਵਾਰ ਹਨ ਜਿਹਨਾਂ ਦੇ ਮੁੰਡਿਆਂ ਦੀ ਉਸ ਫ਼ਰਜ਼ੀ ਪੁਲਿਸ ਮੁਕਾਬਲੇ ਵਿੱਚ ਮੌਤ ਹੋਈ ਸੀ। ਉਸ ਮੁਕਾਬਲੇ ਵਿੱਚ ਮਰਨ ਵਾਲੇ 10 ਸਿੱਖ ਸਨ। ਇਹਨਾਂ ਵਿਚ ਦੋ ਯੂਪੀ ਦੇ ਪੀਲੀਭੀਤ ਦੇ ਅਤੇ ਬਾਕੀ 8 ਜ਼ਿਲ੍ਹਾ ਗੁਰਦਾਸਪੁਰ ਦੇ ਰਹਿਣ ਵਾਲੇ ਸਨ। ਉਹਨਾਂ ਕਿਹਾ ਕਿ ਪੰਜਾਬ ਵਿਚ 1980 ਤੋਂ ਲੈ ਕੇ 1992 ਤੱਕ ਦੇ ਖਾੜਕੂਵਾਦ ਦੇ ਦੌਰ ਦੌਰਾਨ ਵੱਡੀ ਪੱਧਰ ਤੇ ਅਜਿਹੇ ਝੂਠੇ ਪੁਲਿਸ ਮੁਕਾਬਲੇ ਬਣਾਏ ਗਏ ਸਨ ਅਤੇ ਬਾਅਦ ਵਿਚ ਦਰਜਨਾਂ ਹੀ ਕੇਸਾਂ ਵਿਚ ਦੋਸ਼ੀ ਪੁਲਿਸੀਆਂ ਨੂੰ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਵਿਚ ਅਜੇ ਵੀ ਵਿਰਲੇ-ਟਾਂਵੇਂ ਅਦਾਲਤਾਂ ਦੇ ਇਹੋ ਜਿਹੇ ਫ਼ੈਸਲੇ ਆ ਰਹੇ ਹਨ ਜਿਹਨਾਂ ਵਿਚ ਪੁਲਿਸ ਮੁਲਾਜ਼ਮਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ੀ ਕਰਾਰ ਦੇ ਕੇ ਸਜ਼ਾਵਾਂ ਸੁਣਾਈਆਂ ਜਾ ਰਹੀਆਂ ਹਨ। ਪਰ ਅਜਿਹੇ ਬਹੁਤੇ ਕੇਸਾਂ ਵਿਚ ਸਰਕਾਰਾਂ ਅਤੇ ਸੰਬੰਧਿਤ ਪੁਲਿਸ ਵਿਭਾਗ ਆਪਣੇ ਦੋਸ਼ੀ ਪੁਲਿਸ ਮੁਲਾਜ਼ਮਾਂ ਦਾ ਪੱਖ ਪੂਰਦੇ ਹਨ ਅਤੇ ਲੋਕਾਂ ਨੂੰ ਹੇਠਲੀਆਂ ਅਦਾਲਤਾਂ ਤੋਂ ਲੈ ਕੇ ਸੁਪਰੀਮ ਕੋਰਟ ਤਕ ਇਨਸਾਫ਼ ਪ੍ਰਾਪਤ ਕਰਨ ਲਈ ਦਹਾਕਿਆਂ ਤਕ ਸੰਘਰਸ਼ ਕਰਨਾ ਪੈਂਦਾ ਹੈ। ਪਰ ਜਦੋਂ ਹਾਈਕੋਰਟ , ਸੁਪਰੀਮ ਕੋਰਟ ਨਿਆਂ ਨਹੀਂ ਕਰਦੀ ਤਾਂ ਇਨਸਾਫ਼ ਦਾ ਘਾਣ ਹੁੰਦਾ ਹੈ। ਪੀੜਤ ਧਿਰ ਨਾਲ ਬੇਇਨਸਾਫ਼ੀ ਹੁੰਦੀ ਹੈ।

ਉਹਨਾਂ ਕਿਹਾ ਕਿ ਅਦਾਲਤ ਦੇ ਇਸ ਫ਼ੈਸਲੇ ਤੋਂ ਬਾਅਦ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾਂ 'ਚ ਰਹਿੰਦੇ ਕਈ ਪਰਿਵਾਰਾਂ ਦੇ ਜ਼ਖ਼ਮ ਮੁੜ ਹਰੇ ਹੋ ਗਏ ਹਨ ਤੇ ਅਦਾਲਤੀ ਫ਼ੈਸਲੇ ਨਾਲ ਘੋਰ ਨਿਰਾਸ਼ਾ ਹੋਈ ਹੈ।

# ਪੀੜਤ ਸਿੱਖ ਪਰਿਵਾਰਾਂ ਨਾਲ ਬੇਇਨਸਾਫ਼ੀ ਦੀ ਦਾਸਤਾਨ, ਹੁਣ ਜਾਣਗੇ ਸੁਪਰੀਮ ਕੋਰਟ

ਗੁਰਦਾਸਪੁਰ/ਏ.ਟੀ.ਨਿਊਜ਼ : ਫੇਕ ਐਨਕਾਊਂਟਰ ਵਿੱਚ ਮਰਨ ਵਾਲੇ 10 ਸਿੱਖ ਨੌਜਵਾਨਾਂ ਵਿੱਚ ਹਰਮਿੰਦਰ ਸਿੰਘ, ਰਣਧੀਰ ਸਿੰਘ, ਸੁਰਜਨ ਸਿੰਘ ਅਤੇ ਮੁਖਵਿੰਦਰ ਸਿੰਘ ਜ਼ਿਲ੍ਹਾ ਗੁਰਦਾਸਪੁਰ ਦੇ ਰਹਿਣ ਵਾਲੇ ਸਨ। ਇਕ ਪਰਿਵਾਰ ਦੇ ਦੋ ਪੁੱਤਰ ਬਲਜੀਤ ਸਿੰਘ ਅਤੇ ਜਸਵੰਤ ਸਿੰਘ, ਕਰਤਾਰ ਸਿੰਘ ਅਤੇ ਜਸਵੰਤ ਸਿੰਘ ਸਕੇ ਭਰਾ ਸਨ। ਦੋ ਨੌਜਵਾਨ ਲਖਵਿੰਦਰ ਸਿੰਘ ਅਤੇ ਨਰਿੰਦਰ ਸਿੰਘ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਸਨ। ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਨੌਜਵਾਨ ਜ਼ਿਆਦਾਤਰ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਿਤ ਸਨ।





ਇਹਨਾਂ ਸਭ ਪਰਿਵਾਰਾਂ ਦੇ ਕੇਸ ਦੀ ਪੈਰਵਾਈ ਕਰਨ ਵਾਲੇ ਗੁਰਦਾਸਪੁਰ ਦੇ ਪਿੰਡ ਸਤਕੋਹਾ ਦੇ ਬਜ਼ੁਰਗ ਅਜੀਤ ਸਿੰਘ ਦਾ ਕਹਿਣਾ ਹੈ ਕਿ ਦੋ ਘਰਾਂ ਦੇ ਦੋ-ਦੋ ਜੀਅ ਵੀ ਮਾਰੇ ਗਏ ਸਨ।

ਪਰਿਵਾਰਾਂ ਨੂੰ ਨਾ ਲਾਸ਼ ਮਿਲੀ, ਨਾ ਹੀ ਇਹ ਪਤਾ ਲਗਾ ਕਿ ਕਿੱਥੇ ਅਤੇ ਕਿਵੇਂ ਤਸੀਹੇ ਦੇ ਜਾਨੋਂ ਮਾਰਿਆ। ਪੁੱਤਰ ਮਰ ਜਾਵੇ ਤਾਂ ਮਾਂ-ਪਿਓ ਜ਼ਿੰਦਾ ਵੀ ਮਾਰਿਆਂ ਵਾਂਗ ਹੁੰਦੇ ਹਨ। ਉਹਨਾਂ ਦਾ 20 ਸਾਲਾਂ ਦਾ ਨੌਜਵਾਨ ਪੁੱਤਰ ਹਰਮਿੰਦਰ ਸਿੰਘ ਵੀ ਫ਼ਰਜ਼ੀ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਅਜੀਤ ਸਿੰਘ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਤੋਂ ਇੰਝ ਜਾਪਦਾ ਹੈ ਕਿ ਹੁਣ ਮੁੱਢ ਤੋਂ ਲੜਾਈ ਸ਼ੁਰੂ ਹੋ ਗਈ। ਉਹਨਾਂ ਦਾ ਕਹਿਣਾ ਹੈ ਕਿ ਜਦ ਤੱਕ ਸਾਹ ਹਨ, ਉਹ ਇਨਸਾਫ਼ ਲਈ ਲੜਾਈ ਲੜਨਗੇ ਅਤੇ ਸਜ਼ਾਵਾਂ ਵੀ ਦਵਾ ਕੇ ਰਹਿਣਗੇ। ਜੋ ਜੁਰਮਾਨੇ ਹੋਏ ਸੀ, ਉਹ ਵੀ ਪੀੜਤ ਪਰਿਵਾਰਾਂ ਨੂੰ ਮਿਲਣਗੇ ਪਰ ਇਹ ਵੀ ਦੁੱਖ ਹੈ ਕਿ ਕਿਸੇ ਵੀ ਸਰਕਾਰ ਨੇ ਪਰਿਵਾਰਾਂ ਦੀ ਸਾਰ ਨਹੀਂ ਲਈ।

ਇਹ ਪਰਿਵਾਰ ਅੱਜ ਵੀ ਸਦਮੇ ਵਿੱਚ ਹਨ ਅਤੇ ਪੁੱਛਦੇ ਹਨ ਕਿ ਉਹਨਾਂ ਦੇ ਪੁੱਤਰਾਂ ਨੇ ਕੀ ਵਿਗਾੜਿਆ ਸੀ ? ਉਹ ਕਹਿੰਦੇ ਹਨ ਕਿ ਹੁਣ ਤਾਂ ਇਵੇਂ ਜਾਪ ਰਿਹਾ ਹੈ ਕਿ ਉਹਨਾਂ ਨਾਲ ਵੱਡਾ ਧੋਖਾ ਹੋ ਰਿਹਾ ਹੈ ਕਿ ਸਜ਼ਾ ਵੀ ਘੱਟ ਦਿੱਤੀ ਗਈ ਅਤੇ ਜੋ ਜੁਰਮਾਨਾ 14 ਲੱਖ ਪਰਿਵਾਰਾਂ ਨੂੰ ਦੇਣ ਦਾ ਅਦਾਲਤ ਨੇ ਤਹਿ ਕੀਤਾ ਸੀ ਉਹ ਵੀ ਨਹੀਂ ਮਿਲਿਆ।

ਹਰਮਿੰਦਰ ਸਿੰਘ ਦੀ ਬਜ਼ੁਰਗ ਮਾਂ ਸੁਖਵਿੰਦਰ ਕੌਰ ਆਖਦੀ ਹੈ, ਮੇਰਾ ਪੁੱਤ ਗੁਰਮੁਖ ਸੀ। ਜਦ ਵਿਆਹ ਹੋਇਆ ਤਾਂ ਨਵਾਂ ਪਾਸਪੋਰਟ ਬਣਵਾਇਆ ਅਤੇ ਵਿਦੇਸ਼ ਜਾਣ ਦਾ ਸੋਚ ਰਿਹਾ ਸੀ। ਆਖਦਾ ਸੀ ਕਿ ਉਸ ਤੋਂ ਪਹਿਲਾਂ ਆਪਣੀ ਪਤਨੀ ਨਾਲ ਧਾਰਮਿਕ ਯਾਤਰਾ 'ਤੇ ਜਾਵੇਗਾ। ਘਰੋਂ ਗੁਰੂ ਘਰਾਂ ਦੇ ਦਰਸ਼ਨਾਂ ਲਈ ਗਿਆ। ਅੱਜ ਵੀ ਨਹੀਂ ਭੁੱਲਦਾ ਖ਼ੁਸ਼ੀ-ਖ਼ੁਸ਼ੀ ਤੁਰਿਆ ਸੀ ਪਰ ਇਹ ਨਹੀਂ ਪਤਾ ਸੀ ਕਿ ਉੱਥੇ ਜ਼ਾਲਮਾਂ ਦੇ ਹੱਥ ਚੜ ਜਾਣਾ। ਪੁੱਤਰ ਦੀ ਮੌਤ ਤੋਂ 5 ਮਹੀਨੇ ਬਾਅਦ ਉਸਦੇ ਬੇਟੀ ਦਾ ਜਨਮ ਹੋਇਆ ਅਤੇ ਅੱਜ ਉਹ ਨਰਸਿੰਗ ਦੀ ਪੜਾਈ ਪੂਰੀ ਕਰ ਨਿੱਜੀ ਹਸਪਤਾਲ ਵਿਚ ਨੌਕਰੀ ਕਰ ਰਹੀ ਹੈ।

ਹਰਮਿੰਦਰ ਸਿੰਘ ਦੀ ਪਤਨੀ ਸਵਰਨਜੀਤ ਕੌਰ ਦੱਸਦੀ ਹੈ ਕਿ ਉਹਨਾਂ ਦਾ ਵਿਆਹ ਵੀ ਉਦੋਂ ਕੁਝ ਮਹੀਨੇ ਪਹਿਲਾਂ ਹੋਇਆ ਸੀ ਅਤੇ ਪਹਿਲੀ ਵਾਰ ਉਹ ਘਰੋਂ ਬਾਹਰ ਦੋਵੇਂ ਜੀਅ ਗਏ ਸਨ। ਮਨ ਵਿਚ ਬੜੇ ਚਾਅ ਸਨ।

ਸਵਰਨਜੀਤ ਕੌਰ ਕਹਿੰਦੇ ਹਨ ਕਿ ਜਦ ਉਹ 12 ਜੁਲਾਈ 1991 ਵਿੱਚ ਪਟਨਾ ਸਾਹਿਬ ਅਤੇ ਕੁਝ ਹੋਰ ਧਾਰਮਿਕ ਸਥਾਨਾਂ ਤੋਂ ਤੀਰਥ ਯਾਤਰੀਆਂ ਨਾਲ ਪਰਤ ਰਹੇ ਸਨ ਤਾਂ ਕਛਾਲਾਘਾਟ ਪੁਲ ਨੇੜੇ ਪੁਲਿਸ ਨੇ ਉਹਨਾਂ ਦੀ ਬੱਸ ਰੋਕੀ। ਬੱਸ ਦੀ ਪਹਿਲਾਂ ਤਲਾਸ਼ੀ ਦੀ ਗੱਲ ਆਖੀ ਗਈ ਅਤੇ ਬੱਸ ਵਿੱਚ ਸਵਾਰ ਪੱਗ ਵਾਲੇ ਨੌਜਵਾਨ ਸਿੱਖਾਂ ਨੂੰ ਬੱਸ ਵਿਚੋਂ ਉਤਾਰ ਲਿਆ ਗਿਆ। ਜਦਕਿ ਬਜ਼ੁਰਗਾਂ ਅਤੇ ਔਰਤਾਂ ਨੂੰ ਬੱਸ ਵਿਚ ਰਹਿਣ ਦਿੱਤਾ ਗਿਆ। ਉਹ ਕਹਿੰਦੇ ਹਨ ਕਿ ਕਈ ਘੰਟਿਆਂ ਤਕ ਬੱਸ ਇੱਧਰ-ਉੱਧਰ ਲਿਜਾਂਦੇ ਰਹੇ ਅਤੇ ਜੰਗਲੀ ਇਲਾਕੇ ਚ ਘੁਮਾ ਕੇ ਮੁੜ ਪੀਲੀਭੀਤ ਇੱਕ ਗੁਰੂਦਵਾਰਾ ਸਾਹਿਬ ਵਿੱਚ ਉਹਨਾਂ ਨੂੰ ਉਤਾਰ ਦਿੱਤਾ, ਜਦਕਿ ਉਸ ਦੇ (**ਬਾਕੀ ਸਫ਼ਾ 34 'ਤੇ**)

**ਦਰਪਣ ਝੂਠ ਨਹੀਂ ਬੋਲਦਾ**

# ਸਿੱਖ ਧਰਮ ਵਿਚ ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਜਿਉਂ ਦਾ ਤਿਉਂ

- ਭਾਰਤ ਤੇ ਪਾਕਿ ਵਿਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਵੱਖ-ਵੱਖ ਤਰੀਕਾਂ ਨੂੰ ਮਨਾਇਆ ਜਾਵੇਗਾ
- ਸੰਗਤ ਵੀ ਇਸ ਦੁਵਿਧਾ ਕਾਰਨ ਸ਼੍ਰੋਮਣੀ ਕਮੇਟੀ ਤੋਂ ਨਿਰਾਸ਼

ਨਾਨਕਸ਼ਾਹੀ ਕੈਲੰਡਰ ਦੇ ਚੱਲ ਰਹੇ ਵਿਵਾਦ ਕਾਰਨ ਗੁਰੂ ਗੋਬਿੰਦ ਸਿੰਘ ਦਾ ਆਉਣ ਵਾਲਾ ਪ੍ਰਕਾਸ਼ ਪੁਰਬ ਵੀ ਭਾਰਤ ਅਤੇ ਪਾਕਿਸਤਾਨ ਵਿੱਚ ਦੋ ਵੱਖ-ਵੱਖ ਤਰੀਕਾਂ ਨੂੰ ਮਨਾਇਆ ਜਾਵੇਗਾ। ਜਾਣਕਾਰੀ ਅਨੁਸਾਰ ਭਾਰਤ ਵਿੱਚ ਇਹ ਪ੍ਰਕਾਸ਼ ਪੁਰਬ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ 29 ਦਸੰਬਰ ਨੂੰ ਜਦਕਿ ਪਾਕਿਸਤਾਨ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ। ਪਾਕਿਸਤਾਨ ਵਿੱਚ ਪ੍ਰਕਾਸ਼ ਪੁਰਬ ਸਬੰਧੀ ਪ੍ਰੋਗਰਾਮ ਦੇ ਪ੍ਰਬੰਧ ਸਬੰਧੀ ਪਾਕਿਸਤਾਨ ਔਕਾਫ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਦੇ ਪ੍ਰਬੰਧ ਆਰੰਭੇ ਗਏ ਹਨ। ਇਸ ਸਬੰਧੀ 3 ਜਨਵਰੀ ਨੂੰ ਅਖੰਡ




ਪਾਠ ਆਰੰਭ ਕੇ 5 ਜਨਵਰੀ ਨੂੰ ਭੋਗ ਪਾਏ ਜਾਣਗੇ। ਮੀਟਿੰਗ ਵਿੱਚ 21 ਫਰਵਰੀ 2023 ਨੂੰ ਸਾਕਾ ਨਨਕਾਣਾ ਸਾਹਿਬ ਤੇ ਸਮਾਗਮ ਬਾਰੇ ਵੀ ਵਿਚਾਰ ਚਰਚਾ ਹੋਈ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਸਿੱਖਾਂ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰ ਦਿੱਤਾ ਗਿਆ ਸੀ ਤੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਪ੍ਰਕਾਸ਼ ਪੁਰਬ ਤੇ ਹੋਰ ਤਿਉਹਾਰ ਮਨਾਏ ਜਾਂਦੇ ਹਨ। ਦੂਜੇ ਪਾਸੇ ਭਾਰਤ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 29 ਦਸੰਬਰ ਨੂੰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਇਆ ਜਾ ਰਿਹਾ ਹੈ। ਸੋਧ ਕੇ ਬਣਾਏ ਗਏ ਕੈਲੰਡਰ ਵਿਚ ਗੁਰਪੁਰਬ ਦੀਆਂ ਤਰੀਕਾਂ ਨਿਸ਼ਚਿਤ ਨਹੀਂ ਹਨ। ਇਸ ਸਾਲ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ 28 ਦਸੰਬਰ ਤੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 29 ਦਸੰਬਰ ਨੂੰ ਇੱਕ ਦਿਨ ਦੇ ਫਰਕ 'ਤੇ ਇਕੱਠੇ ਆ ਗਏ ਹਨ ਤੇ ਸਿੱਖ ਸੰਗਤ ਵਿੱਚ ਦੁਬਿਧਾ ਖੜ੍ਹੀ ਹੋ ਗਈ ਸੀ ਕਿ ਸ਼ਹੀਦੀ ਦਿਵਸ ਵਾਲੇ ਦਿਨ ਪ੍ਰਕਾਸ਼ ਪੁਰਬ ਸਬੰਧੀ ਨਗਰ ਕੀਰਤਨ ਕਿਵੇਂ ਕੱਢਿਆ ਜਾ ਸਕਦਾ ਹੈ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਦਿੱਤੇ ਗਏ ਆਦੇਸ਼ ਨਾਲ ਹੁਣ ਨਗਰ ਕੀਰਤਨ ਦੋ ਦਿਨ ਪਹਿਲਾਂ 27 ਨਵੰਬਰ ਨੂੰ ਕੱਢਿਆ ਜਾਵੇਗਾ। ਸਿੱਖ ਚਿੰਤਕ ਸਰਦਾਰ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਗੁਰਪਰਬਾਂ ਦੀਆਂ ਤਾਰੀਕਾਂ ਨਿਸਚਿਤ ਕੀਤੀਆਂ ਜਾਣ। ਇਹ ਅਕਾਲ ਤਖਤ ਸਾਹਿਬ ਦੀ ਜ਼ਿੰਮੇਵਾਰੀ ਬਣਦੀ ਹੈ।ਜੇਕਰ ਪੁਰੇਵਾਲ ਦੇ ਕੈਲੰਡਰ ਵਿਚ ਕੁਝ ਤਰੁਟੀਆਂ ਜਾਪਦੀਆਂ ਹਨ ਉਹ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਠੀਕ ਕੀਤੀਆਂ ਜਾਣ। ਸੰਗਤ ਵੀ ਇਸ ਦੁਵਿਧਾ ਕਾਰਨ ਸ਼੍ਰੋਮਣੀ ਕਮੇਟੀ ਤੋਂ ਨਿਰਾਸ਼ ਹੈ।

# ਬਿਹਾਰ 'ਚ ਜ਼ਹਿਰੀਲੀ ਸ਼ਰਾਬ ਨਾਲ ਮੌਤਾਂ ਦੀ ਗਿਣਤੀ 65 ਹੋਈ

* ਭਾਜਪਾ ਵਲੋਂ ਵਿਧਾਨ ਸਭਾ 'ਚ ਹੰਗਾਮਾ, ਰਾਜ ਭਵਨ ਵੱਲ ਮਾਰਚ
* ਸੁਪਰੀਮ ਕੋਰਟ ਤੋਂ ਇਕ ਵਿਸ਼ੇਸ਼ ਜਾਂਚ ਟੀਮ ਰਾਹੀਂ ਬਿਹਾਰ ਸ਼ਰਾਬ ਕਾਂਡ ਬਾਰੇ ਜਾਂਚ ਦੀ ਮੰਗ

ਬਿਹਾਰ ਦੇ ਸਾਰਨ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 39 ਲੋਕਾਂ ਦੀ ਮੌਤ ਹੋ ਗਈ ਹੈ। ਬਿਹਾਰ ਦੇ ਸਰਨ ਵਿਚ ਜ਼ਹਿਰੀਲੀ ਪੀਣ ਨਾਲ ਮਰਨ ਵਾਲਿਆਂ ਦੀ ਗਿਣਤੀ 65 ਹੋ ਗਈ ਹੈ, ਜੋ ਸੂਬੇ 'ਚ 6 ਸਾਲ ਪਹਿਲਾਂ ਕੀਤੀ ਸ਼ਰਾਬਬੰਦੀ ਤੋਂ ਬਾਅਦ ਹੁਣ ਤੱਕ ਦਾ ਮੌਤਾਂ ਦਾ ਸਭ ਤੋਂ ਵੱਡਾ ਅੰਕੜਾ ਹੈ। ਇਸ ਸ਼ਰਾਬ ਕਾਂਡ ਨੇ ਸੂਬੇ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਨਾਲ ਗਰਮਾ ਦਿੱਤਾ ਹੈ। ਇਸ ਸੰਬੰਧੀ ਜਿੱਥੇ ਭਾਜਪਾ ਵਲੋਂ ਰਾਜ ਦੀ ਵਿਧਾਨ ਸਭਾ ਦੇ ਦੋਵਾਂ ਸਦਨਾਂ 'ਚ ਜੰਮ ਕੇ ਹੰਗਾਮਾ ਕਰਦਿਆਂ ਵਾਕ ਆਊਟ ਕੀਤਾ ਗਿਆ, ਉਥੇ ਰਾਜ ਭਵਨ ਵੱਲ ਮਾਰਚ ਵੀ ਕੀਤਾ ਗਿਆ।ਦੂਜੇ ਪਾਸੇ ਸੂਬੇ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਸ਼ਰਾਬਬੰਦੀ 'ਤੇ ਆਪਣੇ ਸਖ਼ਤ ਰੁਖ ਦੁਹਰਾਉਂਦੇ ਹੋਏ ਫਿਰ ਕਿਹਾ ਕਿ ਜ਼ਹਿਰੀਲੀ ਸ਼ਰਾਬ ਕਾਂਡ ਦੇ ਪੀੜਤਾਂ ਜਾਂ ਪੀੜਤ ਪਰਿਵਾਰਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਵੱਖ-ਵੱਖ ਧਰਮਾਂ ਅਤੇ ਵਿਚਾਰਧਾਰਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼ਰਾਬ ਪੀਣ ਨੂੰ ਕਿਤੇ ਵੀ ਜਾਇਜ਼ ਨਹੀਂ ਠਹਿਰਾਇਆ ਗਿਆ ਹੈ।ਉਨ੍ਹਾਂ ਭਾਜਪਾ ਦਾ ਨਾਂ ਲਏ ਬਿਨਾਂ ਕਿਹਾ ਕਿ ਜਿਹੜੇ ਲੋਕ ਸ਼ਰਾਬਬੰਦੀ ਦੇ ਸਮਰਥਨ 'ਚ ਸਨ, ਉਹ ਹੁਣ ਇਸ ਦੇ ਵਿਰੁੱਧ ਬੋਲ ਰਹੇ ਹਨ।' ਨਿਤੀਸ਼ ਨੇ ਇਹ ਵੀ ਕਿਹਾ, 'ਜਦ ਬਿਹਾਰ ਵਿਚ ਸ਼ਰਾਬਬੰਦੀ ਨਹੀਂ ਸੀ ਤਾਂ ਵੀ ਲੋਕ ਨਕਲੀ ਸ਼ਰਾਬ ਪੀ ਕੇ ਮਰ ਜਾਂਦੇ ਸਨ।' ਸੁਆਲ ਤਾਂ ਇਹ ਹੈ ਕਿ ਕੋਈ ਨਕਲੀ ਸ਼ਰਾਬ ਪੀਣ ਵਾਲਿਆਂ ਨੂੰ ਸਹੀ ਨਹੀਂ ਠਹਿਰਾ ਸਕਦਾ ਪਰ ਸਵਾਲ ਇਹ ਹੈ : ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ ?

ਸੁਪਰੀਮ ਕੋਰਟ 'ਚ ਬਿਹਾਰ ਸ਼ਰਾਬ ਕਾਂਡ ਦੀ ਇਕ ਵਿਸ਼ੇਸ਼ ਜਾਂਚ ਟੀਮ ਤੋਂ ਸੁਤੰਤਰ ਜਾਂਚ ਦੀ ਮੰਗ ਨੂੰ ਲੈ ਕੇ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ। ਬਿਹਾਰ ਸਥਿਤ ਆਰੀਆਵਰਤ ਮਹਾਂਸਭਾ ਫਾਊਂਡੇਸ਼ਨ ਵਲੋਂ ਦਾਇਰ ਪਟੀਸ਼ਨ ਵਿਚ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਸੂਬਾ ਸਰਕਾਰ ਨੂੰ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸ਼ਰਾਬ ਕਾਂਡ ਨੂੰ ਲੈ ਕੇ ਮੀਡੀਆ ਰਿਪੋਰਟਾਂ ਦਾ ਖ਼ੁਦ ਨੋਟਿਸ ਲੈਂਦਿਆਂ ਬਿਹਾਰ ਸਰਕਾਰ



ਅਤੇ ਸੂਬੇ ਦੇ ਪੁਲਿਸ ਮੁਖੀ ਨੂੰ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਨੇ ਬਿਹਾਰ ਦੇ ਮੁੱਖ ਸਕੱਤਰ ਅਤੇ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਨੋਟਿਸ ਜਾਰੀ ਕਰਕੇ ਪੁਲਿਸ ਵਲੋਂ ਦਰਜ ਕੀਤੀ ਐਫ.ਆਈ.ਆਰ. ਦੀ ਸਥਿਤੀ, ਹਸਪਤਾਲ ਵਿਚ ਦਾਖਲ ਪੀੜਤਾਂ ਦਾ ਮੈਡੀਕਲ ਇਲਾਜ ਅਤੇ ਮੁਆਵਜ਼ਾ (ਜੇਕਰ ਕੋਈ ਹੋਵੇ) ਸਮੇਤ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕੀਤੀ ਕਾਰਵਾਈ ਬਾਰੇ ਵਿਸਥਾਰਿਤ ਰਿਪੋਰਟ ਮੰਗੀ ਹੈ।

ਕੁਝ ਮਾਹਿਰਾਂ ਅਨੁਸਾਰ ਸ਼ਰਾਬ ਇਕ ਨਸ਼ਾ ਹੈ ਅਤੇ ਇਸ 'ਤੇ ਮੁਕੰਮਲ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਦੂਸਰੇ ਪਾਸੇ ਇਹ ਦੱਸਿਆ ਜਾਂਦਾ ਹੈ ਕਿ ਸ਼ਰਾਬਬੰਦੀ ਦੁਨੀਆ ਵਿਚ ਕਿਤੇ ਵੀ ਕਾਮਯਾਬ ਨਹੀਂ ਹੋਈ। ਦੁਨੀਆ ਵਿਚ ਸਭ ਤੋਂ ਵੱਡੀ ਸ਼ਰਾਬਬੰਦੀ 1920 ਵਿਚ ਅਮਰੀਕਾ ਵਿਚ ਸੰਵਿਧਾਨਕ ਸੋਧ ਕਰ ਕੇ ਲਾਗੂ ਕੀਤੀ ਗਈ ਜਿਹੜੀ 1933 ਤਕ ਜਾਰੀ ਰਹੀ। ਸ਼ਰਾਬਬੰਦੀ ਹੋਣ ਕਾਰਨ 1920ਵਿਆਂ ਵਿਚ ਸ਼ਹਿਰਾਂ ਵਿਚ ਸ਼ਰਾਬ ਤੇ ਬੀਅਰ ਮੁਹੱਈਆ ਕਰਵਾਉਣ ਲਈ ਵੱਡੇ ਗੈਂਗ ਹੋਂਦ ਵਿਚ ਆਏ ਅਤੇ ਸ਼ਰਾਬ ਮਾਫੀਆ ਪੈਦਾ ਹੋਇਆ। ਅਮਰੀਕਾ ਵਿਚ ਸਮੇਂ ਸਮੇਂ ਸ਼ਰਾਬ 'ਤੇ ਪਾਬੰਦੀ ਲਗਵਾਉਣ ਲਈ ਮੁਹਿੰਮਾਂ ਚਲਾਈਆਂ ਗਈਆਂ ਸਨ। 1826 ਵਿਚ ਅਮੈਰਿਕਨ ਟੈਂਪਰਸ ਸੁਸਾਇਟੀ ਹੋਂਦ ਵਿਚ ਆਈ, ਇਸ ਨੂੰ ਕਈ ਈਸਾਈ ਧਾਰਮਿਕ ਫ਼ਿਰਕਿਆਂ ਦੀ ਹਮਾਇਤ ਹਾਸਲ ਸੀ। ਔਰਤਾਂ ਨੇ ਯੂਨੀਅਨ ਬਣਾ ਕੇ ਸ਼ਰਾਬ ਬੰਦ ਕਰਵਾਉਣ ਲਈ ਲਾਮਬੰਦੀ ਕੀਤੀ। ਅਮਰੀਕਾ ਵਿਚ ਸ਼ਰਾਬਬੰਦੀ ਤੋਂ ਹੋਏ ਨੁਕਸਾਨ ਸ਼ਰਾਬ ਪੀਣ ਨਾਲ ਹੁੰਦੇ ਨੁਕਸਾਨਾਂ ਤੋਂ ਕਿਤੇ ਵੱਡੇ ਸਨ। ਮਾਹਿਰਾਂ ਅਨੁਸਾਰ ਅਨੁਸਾਰ ਸ਼ਰਾਬਬੰਦੀ ਦੇ ਪਹਿਲੇ ਕੁਝ ਸਾਲਾਂ ਵਿਚ ਅਮਰੀਕਾ ਵਿਚ ਸ਼ਰਾਬ ਦੀ ਖ਼ਪਤ ਪਹਿਲਾਂ ਹੁੰਦੀ ਖ਼ਪਤ ਦਾ 30 ਫ਼ੀਸਦੀ ਰਹਿ ਗਈ ਪਰ ਬਾਅਦ ਵਿਚ ਗ਼ੈਰ-ਕਾਨੂੰਨੀ ਸ਼ਰਾਬ ਪੀਣ ਦਾ ਰੁਝਾਨ ਵਧਿਆ ਤੇ ਇਸ ਦੀ ਖ਼ਪਤ 60 ਫ਼ੀਸਦੀ ਦੀ ਪੱਧਰ 'ਤੇ ਆ ਗਈ ਅਤੇ ਇਸ ਦੇ ਨਾਲ ਨਾਲ ਗੈਂਗਾਂ, ਮਾਫੀਆ, ਵੇਸਵਾਗਨੀ, ਜੂਏਬਾਜ਼ੀ ਅਤੇ ਹੋਰ ਅਪਰਾਧਾਂ ਵਿਚ ਵੀ ਵੱਡਾ ਵਾਧਾ ਹੋਇਆ। ਗ਼ੈਰ-ਕਾਨੂੰਨੀ ਤੌਰ 'ਤੇ ਸ਼ਰਾਬ ਵੇਚਣਾ ਵੱਡਾ ਧੰਦਾ ਬਣ ਗਿਆ। 1933 ਵਿਚ ਫਿਰ ਸੰਵਿਧਾਨਕ ਸੋਧ ਕਰ ਕੇ ਸ਼ਰਾਬਬੰਦੀ ਖ਼ਤਮ ਕੀਤੀ ਗਈ। ਇਸ ਤਰ੍ਹਾਂ ਅਮਰੀਕਾ ਜਿਹੀ ਤਾਕਤਵਰ ਰਿਆਸਤ/ਸਰਕਾਰ ਵੀ ਸ਼ਰਾਬਬੰਦੀ ਨਾ ਕਰਵਾ ਸਕੀ।

ਲੋੜ ਇਸ ਗਲ ਦੀ ਹੈ ਕਿ ਨਾਜਾਇਜ਼ ਸ਼ਰਾਬ ਉਪਰ ਪਾਬੰਦੀ ਲਗਾਈ ਜਾਵੇ ਜੋ ਲੋਕਾਂ ਦੀਆਂ ਜਾਨਾਂ ਲੈ ਰਹੀ ਹੈ। ਕੁਝ ਸਮਾਂ ਪਹਿਲਾਂ ਗੁਜਰਾਤ ਤੇ ਪੰਜਾਬ ਵਿਚ ਵੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤਾਂ ਹੋਈਆਂ ਸਨ। ਅਗਸਤ 2020 ਵਿਚ ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 120 ਤੋਂ ਜ਼ਿਆਦਾ ਵਿਅਕਤੀਆਂ ਦੀ ਜਾਨ ਗਈ ਸੀ ਅਤੇ ਜੁਲਾਈ 2022 ਵਿਚ ਗੁਜਰਾਤ ਵਿਚ 42 ਵਿਅਕਤੀਆਂ (ਬਾਕੀ ਸਫ਼ਾ 34 'ਤੇ)

# ਨੀਰਵ ਮੋਦੀ ਸਮੇਤ ਕਈ ਵੱਡੇ ਅਪਰਾਧੀ ਵਿਦੇਸ਼ਾਂ ਦੀ ਛੱਤਰ ਛਾਇਆ ਹੇਠ

ਹੀਰਿਆਂ ਦੇ ਵਪਾਰੀ ਨੀਰਵ ਮੋਦੀ 'ਤੇ ਪੰਜਾਬ ਨੈਸ਼ਨਲ ਬੈਂਕ ਨਾਲ 13,500 ਕਰੋੜ ਰੁਪਏ ਦਾ ਘਪਲਾ ਕਰਨ ਦੇ ਦੋਸ਼ ਹਨ। ਉਸ ਨੇ ਮੁੰਬਈ ਵਿਚ ਹਜ਼ਾਰਾਂ ਕਰੋੜ ਰੁਪਏ ਦੀ ਜਾਇਦਾਦ ਖ਼ਰੀਦੀ ਅਤੇ ਊਰਜਾ ਦੇ ਖੇਤਰ ਵਿਚ ਵੀ ਨਿਵੇਸ਼ ਕੀਤਾ। ਉਸ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਪੈਸੇ ਆਪਣੀਆਂ ਕੰਪਨੀਆਂ ਵਿਚੋਂ ਕੱਢ ਕੇ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕੀਤੇ। ਫਰਵਰੀ 2018 ਵਿਚ ਕੇਂਦਰੀ ਜਾਂਚ ਬਿਊਰੋ ਨੇ ਉਸ 'ਤੇ ਪੰਜਾਬ ਨੈਸ਼ਨਲ ਬੈਂਕ ਦੇ ਕਰਜ਼ੇ ਵਿਚ ਧੋਖਾਧੜੀ ਕਰਨ ਦੇ ਦੋਸ਼ਾਂ ਹੇਠ ਤਫ਼ਤੀਸ਼ ਸ਼ੁਰੂ ਕੀਤੀ। ਨੀਰਵ ਮੋਦੀ ਨੇ ਦੋਸ਼ ਲਗਾਇਆ ਸੀ ਕਿ ਬੈਂਕਾਂ ਦੀ ਸ਼ਿਕਾਇਤ ਅਤੇ ਸੀਬੀਆਈ ਦੀ ਤਫ਼ਤੀਸ਼ ਕਾਰਨ ਉਸ ਦੇ ਬਰਾਂਡ ਨੂੰ ਵੱਡਾ ਨੁਕਸਾਨ ਪਹੁੰਚਿਆ ਅਤੇ ਉਸ ਦਾ ਕਾਰੋਬਾਰ ਤਬਾਹ ਹੋ ਗਿਆ ਹੈ। ਭਗੌੜਾ ਹੋਇਆ ਨੀਰਵ ਮੋਦੀ ਜੂਨ 2018 ਵਿਚ ਇੰਗਲੈਂਡ ਪਹੁੰਚ ਗਿਆ। 25 ਫਰਵਰੀ 2021 ਨੂੰ ਇੰਗਲੈਂਡ ਦੀ ਇਕ ਅਦਾਲਤ ਨੇ ਭਾਰਤ ਸਰਕਾਰ ਦੀ ਉਸ ਨੂੰ ਵਾਪਸ ਭੇਜਣ ਦੀ ਪਟੀਸ਼ਨ ਨੂੰ ਮਨਜ਼ੂਰ ਕਰਦਿਆਂ ਉਸ ਦੀ ਭਾਰਤ ਵਾਪਸੀ ਦੇ ਆਦੇਸ਼ ਦਿੱਤੇ। ਉਸ ਨੇ ਉਚੇਰੀਆਂ ਅਦਾਲਤਾਂ ਵਿਚ ਪਹੁੰਚ ਕੀਤੀ ਪਰ ਹੁਣ ਇੰਗਲੈਂਡ ਦੀ ਹਾਈ ਕੋਰਟ ਨੇ ਫ਼ੈਸਲਾ ਦਿੱਤਾ ਹੈ ਕਿ ਉਹ ਹੇਠਲੀ ਅਦਾਲਤ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਨਹੀਂ ਜਾ ਸਕਦਾ। ਨੀਰਵ ਮੋਦੀ ਨੇ ਇਹ ਪਟੀਸ਼ਨ ਇਸ ਆਧਾਰ 'ਤੇ ਦਿੱਤੀ ਸੀ ਕਿ ਉਸ ਦੀ ਮਾਨਸਿਕ ਹਾਲਤ ਠੀਕ ਨਹੀਂ ਅਤੇ ਜੇ ਉਸ ਨੂੰ ਭਾਰਤ ਦੀ ਕਿਸੇ ਜੇਲ੍ਹ ਵਿਚ ਰੱਖਿਆ ਗਿਆ ਤਾਂ ਉਹ ਖ਼ੁਦਕੁਸ਼ੀ ਕਰ ਸਕਦਾ ਹੈ। ਹਾਈ ਕੋਰਟ ਨੇ ਦਲੀਲ ਨੂੰ ਗ਼ਲਤ ਕਰਾਰ ਦਿੰਦਿਆਂ ਕਿਹਾ ਕਿ ਜੇਲ੍ਹ ਅਧਿਕਾਰੀ ਉਸ ਦਾ ਖ਼ਿਆਲ ਰੱਖਣਗੇ। ਹਾਈ ਕੋਰਟ ਦੁਆਰਾ ਉਸ ਦੀ ਬੇਨਤੀ ਨਾਮਨਜ਼ੂਰ ਕਰਨ ਦਾ ਮਤਲਬ ਇਹ ਨਹੀਂ ਕਿ ਨੀਰਵ ਮੋਦੀ ਨੂੰ ਜਲਦੀ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ। ਇੰਗਲੈਂਡ ਦੇ ਕਾਨੂੰਨ ਅਨੁਸਾਰ ਉਹ ਮਨੁੱਖੀ ਅਧਿਕਾਰਾਂ ਦੇ ਯੂਰਪੀ ਕਮਿਸ਼ਨ ਸਾਹਮਣੇ ਅਪੀਲ ਕਰ ਸਕਦਾ ਹੈ ਕਿਉਂਕਿ ਇੰਗਲੈਂਡ ਨੇ ਮਨੁੱਖੀ ਅਧਿਕਾਰਾਂ ਬਾਰੇ ਯੂਰੋਪੀਅਨ ਕਨਵੈਨਸ਼ਨ



'ਤੇ ਦਸਤਖ਼ਤ ਕੀਤੇ ਹੋਏ ਹਨ। ਘਪਲੇ ਕਰਨ ਵਾਲੇ ਕਈ ਭਾਰਤੀਆਂ ਨੇ ਇੰਗਲੈਂਡ ਵਿਚ ਪਨਾਹ ਲਈ ਹੋਈ ਹੈ। ਇਨ੍ਹਾਂ ਵਿਚ ਸ਼ਰਾਬ ਤੇ ਹਵਾਈ ਸਫ਼ਰ ਦੇ ਖੇਤਰਾਂ ਵਿਚ ਕਾਰੋਬਾਰ ਕਰਨ ਵਾਲਾ ਵਿਜੈ ਮਾਲਿਆ ਅਤੇ ਫ਼ੌਜੀ ਹਥਿਆਰਾਂ ਦੀ ਖ਼ਰੀਦੋ-ਫਰੋਖ਼ਤ ਕਰਨ ਵਾਲਾ ਸੰਜੇ ਭੰਡਾਰੀ ਵੀ ਸ਼ਾਮਲ ਹਨ। ਹਜ਼ਾਰਾਂ ਕਰੋੜ ਰੁਪਏ ਦੀ ਧੋਖਾਧੜੀ ਕਰਨ ਵਾਲੇ ਇਨ੍ਹਾਂ ਕਾਰੋਬਾਰੀਆਂ ਨੇ ਵੱਡੇ ਨਿਵੇਸ਼ ਕਰ ਕੇ ਇੰਗਲੈਂਡ ਦੀ ਨਾਗਰਿਕਤਾ ਹਾਸਲ ਕੀਤੀ ਹੈ। ਭਾਰਤ ਇਨ੍ਹਾਂ ਨੂੰ ਵਾਪਸ ਲਿਆਉਣ ਲਈ ਕਾਨੂੰਨੀ ਲੜਾਈ ਲੜ ਰਿਹਾ ਹੈ। ਇਹ ਕਾਰੋਬਾਰੀ ਆਪਣੇ ਬਚਾਅ ਲਈ ਅਦਾਲਤਾਂ ਵਿਚ ਇਹ ਕਹਿੰਦੇ ਆ ਰਹੇ ਹਨ ਕਿ ਭਾਰਤੀ ਜੇਲ੍ਹਾਂ ਵਿਚ ਉਨ੍ਹਾਂ ਨਾਲ ਮਾੜਾ ਵਰਤਾਓ ਕੀਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਜਾਨਾਂ ਨੂੰ ਖ਼ਤਰਾ ਹੈ। ਲਗਭਗ ਤੀਹ ਸਾਲ ਪਹਿਲਾਂ ਭਾਰਤ ਤੇ ਇੰਗਲੈਂਡ ਵਿਚਕਾਰ ਦੋਸ਼ੀਆਂ ਨੂੰ ਆਪਣੇ ਜੱਦੀ ਦੇਸ਼ ਵਾਪਸ ਭੇਜਣ ਬਾਰੇ ਸੰਧੀ ਹੋਈ ਸੀ। ਤਜਰਬਾ ਦੱਸਦਾ ਹੈ ਕਿ ਸੰਧੀ ਤਹਿਤ ਹੁੰਦੀ ਪ੍ਰਕਿਰਿਆ ਬਹੁਤ ਸਮਾਂ ਲੈਂਦੀ ਹੈ ਅਤੇ ਧੋਖਾਧੜੀ ਕਰਨ ਵਾਲੇ ਇਸ ਦਾ ਫ਼ਾਇਦਾ ਉਠਾਉਂਦੇ ਹਨ। ਇਸ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਸੰਧੀ ਵਿਚ ਸੋਧ ਕਰਨ ਦੀ ਲੋੜ ਹੈ।

ਭਾਰਤ ਵਿਚ ਵੱਡੀ ਪੱਧਰ 'ਤੇ ਵਿੱਤੀ ਘੁਟਾਲੇ ਹੁੰਦੇ ਹਨ ਅਤੇ ਘੁਟਾਲੇ ਕਰਨ ਵਾਲੇ ਦੇਸ਼ 'ਵਿਚੋਂ ਭੱਜਣ ਵਿਚ ਕਾਮਯਾਬ ਵੀ ਹੋਏ ਹਨ। ਬੈਂਕਾਂ ਨਾਲ ਵੱਡੀਆਂ ਧੋਖਾਧੜੀਆਂ ਹੋਈਆਂ ਹਨ। ਦੇਸ਼ ਦੇ ਕੇਂਦਰੀ ਬੈਂਕ ਰਿਜ਼ਰਵ (ਬਾਕੀ ਸਫ਼ਾ 34 'ਤੇ)

# ਰੰਗਾਂ ਦਾ ਸਿਆਸੀਕਰਨ



ਹਾਲ ਵਿੱਚ ਹੀ ਇੱਕ ਹਿੰਦੀ ਫ਼ਿਲਮ ਦੇ ਦ੍ਰਿਸ਼ ਵਿੱਚ ਅਭਿਨੇਤਰੀ ਦੀਪਿਕਾ ਪਾਦੁਕੋਣ ਦੇ ਕੱਪੜਿਆਂ ਦੇ ਰੰਗ ਨੂੰ ਲੈ ਕੇ ਦੇਸ਼ ਦੀ ਰਾਜਨੀਤੀ ਗਰਮਾ ਗਈ ਹੈ। ਗੀਤ ਦੇ ਫ਼ਿਲਮੀਕਰਨ 'ਚ ਦੀਪਿਕਾ ਪਾਦੂਕੋਣ ਦੀ ਸੰਤਰੀ ਕੱਪੜਿਆਂ 'ਤੇ ਕਈ ਜਣਿਆਂ ਨੂੰ ਇਤਰਾਜ਼ ਹੈ। ਇਹ ਪਹਿਲੀ ਵਾਰ ਨਹੀਂ ਹੋਇਆ। ਪਹਿਲਾਂ ਤੋਂ ਹੀ ਰੰਗਾਂ ਰਾਹੀਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਰਹੀ ਹੈ। ਹੁਣੇ ਇਸ ਮਾਮਲੇ ਨੇ ਇਕ ਹੋਰ ਮੋੜ ਲਿਆ ਹੈ ਜਦੋਂ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਸਰਗਰਮ ਕਰਮਚਾਰੀ ਦਾਨਿਸ਼ ਖਾਨ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਅਭੀਨੇਤਰੀ ਦੇ ਪਹਿਨੇ ਇਹਨਾਂ ਕੱਪੜਿਆ ਨਾਲ ਦੋਵੇਂ ਧਰਮਾਂ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਕਿਉਂਕਿ ਜਿਹਨੂੰ ਲੋਕ ਭਗਵਾਂ ਰੰਗ ਕਹਿ ਰਹੇ ਹਨ ਇਹ ਚਿਸ਼ਤੀ ਰੰਗ ਹੈ ਜਿਸ ਦਾ ਸਿੱਧਾ ਸਬੰਧ ਮੁਸਲਿਮ ਭਾਈਚਾਰੇ ਨਾਲ ਹੈ। ਸੋ ਇਸ ਸੰਬੰਧ ਵਿੱਚ ਉਹਨਾਂ ਨੇ ਕਮਿਸ਼ਨ ਨੂੰ ਢੁਕਵੀਂ ਕਾਰਵਾਈ ਕਰਨ ਲਈ ਕਿਹਾ ਹੈ।



ਸਾਡੇ ਲੋਕ ਮਨਾਂ ਵਿੱਚ ਇਹ ਗੱਲ ਬੈਠੀ ਹੋਈ ਹੈ ਕਿ ਹਰਾ ਰੰਗ ਮੁਸਲਿਮ ਭਾਈਚਾਰੇ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਭਗਵਾ ਰੰਗ ਹਿੰਦੂ ਲੋਕ ਦਾ ਹੈ। ਇਸੇ ਤਰਾਂ ਚਿੱਟੇ ਰੰਗ ਨੂੰ ਈਸਾਈ ਭਾਈਚਾਰੇ ਨਾਲ ਜੋੜਿਆ ਜਾਂਦਾ ਰਿਹਾ ਹੈ। ਗੱਲ ਸਿਰਫ ਲੋਕ ਮਨਾਂ ਦੀ ਹੀ ਨਹੀਂ, ਸਾਡੇ ਰਾਜਨੀਤਿਕ ਆਗੂਆਂ ਨੇ ਵੀ ਵੋਟ ਰਾਜਨੀਤੀ ਲਈ ਇਸ ਭੇਦਭਾਵ ਨੂੰ ਹੋਰ ਉਤਸ਼ਾਹ ਦਿੱਤਾ। ਉਦਾਹਰਨ ਦੇ ਤੌਰ 'ਤੇ ਕਦੇ ਵੀ ਆਮ ਲੋਕਾਂ ਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਦੇਸ਼ ਵਿੱਚ ਕੀ ਚਲ ਰਿਹਾ ਹੈ ਕਿਉਂਕਿ ਵਧੇਰੇ ਲੋਕਾਂ ਲਏ ਮਸਲਾ ਦੋ ਵੇਲੇ ਦੀ ਰੋਟੀ ਦਾ ਹੈ ਪਰ ਸਾਡੇ ਰਾਜਨੇਤਾ ਇਹ ਜਾਣਦੇ ਹਨ ਕਿ ਵੋਟ ਰਾਜਨੀਤੀ ਲਈ ਭੜਕਾਊ ਬਿਆਨਬਾਜ਼ੀ ਤੇ ਹਰ ਮਸਲੇ ਨੂੰ ਧਾਰਮਿਕ ਰੰਗਤ ਦਿੱਤੇ ਬਿਨਾ ਉਹ ਕਾਮਯਾਬ ਨਹੀਂ ਹੋ ਸਕਦੇ ਤੇ ਇਸ ਲਈ ਭੋਲੇ ਭਾਲੇ ਲੋਕਾਂ ਨੂੰ ਇਹ ਆਪਣੇ ਪਿੱਛੇ ਲਾ ਲੈਂਦੇ ਹਨ। ਅੱਜ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਰੰਗ ਇਤਿਹਾਸ ਜਿਸ ਉੱਤੇ ਇੰਨਾ ਵਿਵਾਦ ਹੋ ਰਿਹਾ ਹੈ ਆਖ਼ਿਰ ਹੈ ਕੀ ?

ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਆਖ਼ਿਰ ਰੰਗਾਂ ਦੇ ਨਾਲ ਕਿਸੇ ਧਰਮ,ਦੇਸ਼ ਜਾਂ ਫ਼ਿਰਕੇ ਦੀਆਂ ਭਾਵਨਾਵਾਂ ਕਿਵੇਂ ਜੁੜ ਗਈਆਂ। ਵਿਗਿਆਨਿਕਾਂ ਨੂੰ ਸਹਾਰਾ ਰੇਗਿਸਤਾਨ ਵਿੱਚ ਸਭ ਤੋਂ ਪਹਿਲਾਂ ਬੈਕਟੀਰੀਆ ਦੁਆਰਾ ਪੈਦਾ ਕੀਤਾ ਗੁਲਾਬੀ ਰੰਗ ਮਿਲਿਆ। ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਜੀਵ ਦੁਆਰਾ ਪੈਦਾ ਕੀਤਾ ਇਹ ਸਭ ਤੋਂ ਪਹਿਲਾ ਪਛਾਣਿਆ ਗਿਆ ਰੰਗ ਹੈ। ਇਸੇ ਤਰਾਂ ਕਿਸੇ ਵੀ ਕਲਾ ਵਿੱਚ ਵਰਤਿਆ ਗਿਆ ਸਭ ਤੋਂ ਪਹਿਲਾ ਰੰਗ ਲਾਲ ਹੈ। ਮੱਧ ਪ੍ਰਦੇਸ਼ ਵਿੱਚ ਵੀ ਇੱਕ ਗੁਫ਼ਾ ਵਿੱਚ ਤੀਹ ਹਜ਼ਾਰ ਸਾਲ ਪੁਰਾਣੇ ਭਗਵੇਂ ਰੰਗ ਦੇ ਚਿੱਤਰ ਮਿਲੇ ਹਨ। ਇਸੇ ਤਰ੍ਹਾਂ ਸਪੇਨ ਵਿੱਚ ਮਿਲੀ ਹਜ਼ਾਰਾਂ ਸਾਲ ਪੁਰਾਣੀ ਗੁਫ਼ਾ ਦੇ ਅੰਦਰ ਬਣੇ ਚਿੱਤਰਾਂ ਦਾ ਰੰਗ ਵੀ ਲਾਲ ਹੈ। ਰੋਮ ਅਤੇ ਮਿਸਰ ਵਿੱਚ ਹਜ਼ਾਰਾਂ ਵਰ੍ਹੇ ਪੁਰਾਣੀਆਂ ਗੁਫ਼ਾਵਾਂ ਵਿਚਲੇ ਚਿੱਤਰਾਂ ਦਾ ਰੰਗ ਪੀਲਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਤਕਰੀਬਨ ਛੇ ਹਜ਼ਾਰ ਵਰ੍ਹੇ ਪਹਿਲਾਂ ਮਿਸਰ ਦੇ ਲੋਕਾਂ ਨੇ ਕੈਲਸ਼ੀਅਮ ਅਤੇ ਚੂਨਾ ਪੱਥਰ 'ਚ ਲੈਪਿਸ ਨੂੰ ਮਿਲਾ ਕੇ ਨੀਲੇ ਰੰਗ ਨੂੰ ਬਣਾਇਆ ਤੇ ਇਹ ਰੰਗ ਓਥੇ ਕਾਫੀ ਪ੍ਰਚੱਲਿਤ ਵੀ ਰਿਹਾ।

ਯੋਗ ਅਰਾਧਨਾ ਕਰ ਰਹੇ ਰਿਸ਼ੀਆਂ ਮੁਨੀਆਂ ਦੇ ਵੀ ਵਧੇਰੇ ਕਰਕੇ ਗੇਰੂਏ ਰੰਗ ਦੇ ਕੱਪੜੇ ਪਾਏ ਹੁੰਦੇ ਸਨ ਜਿਸ ਕਰਕੇ ਇਹ ਰੰਗ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜ ਗਿਆ। ਹਿੰਦੂ ਰਿਸ਼ੀ ਮੁਨੀ ਸ਼ੁਰੂ ਤੋਂ ਹੀ ਕੁਦਰਤ ਤੋਂ ਬਹੁਤ ਪ੍ਰਭਾਵਿਤ ਰਹੇ ਹਨ 'ਤੇ ਇਸੇ ਅਨੁਸਾਰ ਉਹ ਮੰਨਦੇ ਆਏ ਹਨ ਕਿ ਭਗਵਾਂ ਰੰਗ ਕੁਦਰਤ ਦਾ ਰੰਗ ਹੈ ਕਿਉਂਕਿ ਇਹ ਸੂਰਜ 'ਤੇ ਅੱਗ ਦਾ ਰੰਗ ਵੀ ਹੈ, ਸੋ ਸ਼ੁਰੂ ਤੋਂ ਹੀ ਇਹ ਰੰਗ ਹਿੰਦੂ ਧਰਮ ਨਾਲ ਜੁੜ ਗਿਆ । ਮੁਸਲਮਾਨ ਭਾਈਚਾਰਾ ਹਰੇ ਰੰਗ ਨੂੰ ਧਾਰਮਿਕ ਰੰਗ ਮੰਨਦਾ ਹੈ ਇਸੇ ਕਾਰਨ ਵਧੇਰੇ ਕਰਕੇ ਉਹਨਾਂ ਦੇ ਧਾਰਮਿਕ ਸਥਾਨ ਜਿਵੇਂ ਕਿ ਮਸਜਿਦ 'ਤੇ ਮਜ਼ਾਰ ਆਦਿ ਦਾ ਰੰਗ ਹਰਾ ਹੁੰਦਾ ਹੈ। ਇਸੇ ਤਰਾਂ ਕੁਰਾਨ ਸ਼ਰੀਫ਼ ਵਿੱਚ ਜਿਸ ਜੰਨਤ ਦਾ ਜ਼ਿਕਰ ਹੈ ਉਥੇ ਹਰਿਆਲੀ ਭਰੇ ਬਾਗ਼ ਵਿੱਚ ਲੋਕਾਂ ਦੇ ਹਰੇ ਰੰਗ ਦੇ ਕੱਪੜੇ ਪਾਏ ਹੋਣ ਦੀ ਗੱਲ ਕਹੀ ਗਈ ਹੈ। ਸੋ ਹਰੇ ਰੰਗ ਨਾਲ ਮੁਸਲਿਮ ਭਾਈਚਾਰੇ ਦੀਆਂ ਡੂੰਘੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ।

ਸੋ ਇਹ ਪਹਿਲੀ ਜਾਂ ਆਖ਼ਰੀ ਵਾਰ ਨਹੀਂ ਹੈ ਜਦੋਂ ਕੋਈ ਰੰਗ ਵਿਵਾਦ ਹੋਇਆ ਹੋਵੇ। ਉਂਝ ਵੀ ਭਾਰਤੀ ਸੱਭਿਆਚਾਰ ਵਿੱਚ ਬਹੁਤ ਵਿਭਿੰਨਤਾ ਹੈ ਜੋ ਸਭ ਰਲ਼ ਕੇ ਇਹਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੇ ਹਨ। ਸਾਡੇ ਕੌਮੀ ਝੰਡੇ ਦੇ ਤਿੰਨੋਂ ਰੰਗ ਹਰਾ, ਸੰਤਰੀ ਤੇ ਸਫ਼ੇਦ ਰੰਗ ਮਿਲ ਕੇ ਸਾਨੂੰ ਇੱਕ ਵੱਖਰਾ ਰੰਗ ਦਿੰਦੇ ਹਨ ਜੋ ਕਿ ਸਾਨੂੰ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਵਾਸੀ 'ਭਾਰਤੀ' ਹੋਣ ਦਾ ਮਾਣ ਦਿੰਦੇ ਹਨ।

**--ਰਣਦੀਪ ਕੌਰ ਪੰਧੇਰ**

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਨਸ਼ਿਆਂ ਦੇ ਮੁੱਦੇ 'ਤੇ ਲੋਕ ਸਭਾ 'ਚ ਚਰਚਾ

## ਮੈਂਬਰਾਂ ਵਲੋਂ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਕੇਂਦਰ ਤੋਂ ਸਖ਼ਤ ਕਦਮ ਚੁੱਕਣ ਦੀ ਮੰਗ

➢ਹਰਸਿਮਰਤ ਵਲੋਂ ਭਗਵੰਤ ਮਾਨ 'ਤੇ ਕੀਤੀ ਤਨਜ਼ ਉਹ ਤਾਂ ਸੰਸਦ 'ਚ ਵੀ ਪੀ ਕੇ ਆਉਂਦੇ ਸਨ, 'ਡਰਿੰਕ' ਵੀ ਕਰ ਰਹੇ ' ਸਟੇਟ' ਵੀ 'ਚਲਾ' ਰਹੇ ਨੇ।

➢ਨਸ਼ਿਆਂ ਦੀ ਸਮੱਸਿਆ 'ਤੇ ਕਾਬੂ ਪਾਉਣ ਲਈ ਮੱਧ ਪ੍ਰਦੇਸ਼ ਵਾਂਗ ਪੰਜਾਬ ਨੂੰ ਵੀ ਅਫ਼ੀਮ ਦੀ ਖੇਤੀ ਇਜਾਜ਼ਤ ਮਿਲੇ








ਨਵੀਂ ਦਿੱਲੀ-ਸੰਸਦ ਦੇ ਚੱਲ ਰਹੇ ਸਰਦ ਰੁੱਤ ਇਜਲਾਸ ਦੌਰਾਨ ਲੋਕ ਸਭਾ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਨਸ਼ੇੜੀਆਂ ਨੂੰ ਜੇਲ੍ਹ ਭੇਜਣ ਦੀ ਬਜਾਏ ਉਨ੍ਹਾਂ ਲਈ ਹੋਰ ਮੁੜ ਵਸੇਬਾ ਕੇਂਦਰ ਬਣਾਏ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹੋਰ ਖੇਡ ਕੰਪਲੈਕਸਾਂ ਦੀ ਉਸਾਰੀ ਕਰਨ ਦੀ ਵੀ ਮੰਗ ਕੀਤੀ।ਭਾਰਤ ਵਿਚ ਨਸ਼ਾਖੋਰੀ ਦੀ ਸਮੱਸਿਆ ਤੇ ਇਸ ਨੂੰ ਕਾਬੂ ਕਰਨ ਲਈ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਬਾਰੇ ਲੋਕ ਸਭਾ 'ਵਿਚ ਇਕ ਥੋੜ੍ਹੇ ਸਮੇਂ ਦੀ ਚਰਚਾ 'ਵਿਚ ਹਿੱਸਾ ਲੈਂਦਿਆਂ ਪਾਰਟੀ ਲਾਈਨਾਂ ਨੂੰ ਤੋੜਦੇ ਹੋਏ ਸੰਸਦ ਮੈਂਬਰਾਂ ਨੇ ਮੰਗ ਕੀਤੀ ਕਿ ਕੇਂਦਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਕੋਵਿਡ ਵਰਗੀ ਰਣਨੀਤੀ ਅਪਣਾਏ। ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਨਸ਼ਿਆਂ ਤੋਂ ਪ੍ਰਭਾਵਿਤ ਹੋ ਰਹੇ ਛੋਟੇ ਬੱਚਿਆਂ ਲਈ ਵਿਸ਼ੇਸ਼ ਕਦਮ ਚੁੱਕਣ ਦੀ ਸਲਾਹ ਦਿੰਦਿਆਂ ਕਿਹਾ ਕਿ ਸਕੂਲਾਂ 'ਵਿਚ ਪੰਜਵੀਂ ਤੋਂ ਹੀ ਬੱਚਿਆਂ ਨੂੰ ਨਸ਼ਿਆਂ ਖਿਲਾਫ਼ ਜਾਗਰੂਕ ਕਰਨ ਦੀ ਲੋੜ ਹੈ ਤਾਂ ਜੋ ਉਹ ਇਸ ਦੇ ਬੁਰੇ ਪ੍ਰਭਾਵ ਨੂੰ ਸਮਝ ਸਕਣ। ਕਾਂਗਰਸੀ ਸੰਸਦ ਮੈਂਬਰ ਨੇ ਨਸ਼ਿਆਂ ਦੀ ਸਮੱਸਿਆ ਨੂੰ 'ਨਸ਼ਿਆਂ ਦਾ ਅੱਤਵਾਦ' ਕਹਿ ਕੇ ਸੰਬੋਧਨ ਕਰਦਿਆਂ ਕਿਹਾ ਕਿ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਅੱਤਵਾਦ 'ਤੇ ਵੱਡਾ ਬਿਆਨ ਦੇ ਕੇ ਆਏ ਹਨ। ਪਰ ਹੁਣ ਵਿਦੇਸ਼ ਮੰਤਰੀ ਨੂੰ ਅੱਤਵਾਦ ਦੇ ਨਾਲ-ਨਾਲ ਨਸ਼ੀਲੇ ਪਦਾਰਥਾਂ ਦੇ ਅੱਤਵਾਦ 'ਤੇ ਵੀ ਗੱਲ ਕਰਨੀ ਚਾਹੀਦੀ ਹੈ। ਕਾਂਗਰਸੀ ਸੰਸਦ ਮੈਂਬਰ ਨੇ ਸਰਹੱਦੀ ਸੂਬੇ ਪੰਜਾਬ ਦੇ ਅਟਾਰੀ ਬਾਰਡਰ ਦੇ ਟ੍ਰੱਕ ਸਕੈਨਰ ਲਾਉਣ ਦੀ ਮੰਗ ਕਰਦਿਆਂ ਕਿਹਾ ਕਿ 2018 'ਵਿਚ ਮਨਜ਼ੂਰ ਕੀਤਾ ਟ੍ਰੱਕ ਸਕੈਨਰ ਕੰਮ ਨਹੀਂ ਕਰ ਰਿਹਾ, ਜਿਸ ਕਾਰਨ ਸਰਹੱਦ ਪਾਰੋਂ ਤਸਕਰੀ 'ਵਿਚ ਵਾਧਾ ਹੋ ਰਿਹਾ ਹੈ।

ਮਹਾਰਾਸ਼ਟਰ ਦੇ ਅਮਰਾਵਤੀ ਤੋਂ ਸੰਸਦ ਮੈਂਬਰ ਨਵਨੀਤ ਕੌਰ ਰਾਣਾ ਨੇ ਆਪਣੇ ਭਾਸ਼ਨ ਦੀ ਸ਼ੁਰੂਆਤ ਨਾ ਸਿਰਫ਼ ਪੰਜਾਬ ਦੇ ਫ਼ਿਕਰ ਨਾਲ ਕੀਤੀ, ਸਗੋਂ ਪੰਜਾਬੀ 'ਚ ਸ਼ੁਰੂਆਤ ਕੀਤੀ। ਮੂਲ ਰੂਪ ਤੋਂ ਪੰਜਾਬ ਦੀ ਰਾਣਾ ਨੇ ਪੰਜਾਬ ਦੇ ਹਾਲਾਤ 'ਤੇ ਚਿੰਤਾ ਦਾ ਪ੍ਰਗਟਾਵਾਂ ਕਰਦਿਆਂ ਕਿਹਾ ਕਿ ਇਹ ਸੋਹਣਾ ਪੰਜਾਬ ਉਡਦਾ ਪੰਜਾਬ ਕਿਵੇਂ ਬਣ ਗਿਆ ਇਹ ਵਿਚਾਰ ਕਰਨ ਦੀ ਲੋੜ ਹੈ।

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਜਸਬੀਰ ਸਿੰਘ ਗਿੱਲ ਡਿੰਪਾ ਨੇ ਨਸ਼ਿਆਂ ਨਾਲ ਨਜਿੱਠਣ ਲਈ ਪਾਰਟੀ ਲਾਈਨ ਤੋਂ ਉੱਪਰ ਉੱਠ ਕੇ ਕੰਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸਿਰਫ਼ ਕੇਂਦਰ ਜਾਂ ਸੂਬਾ ਸਰਕਾਰ ਹੀ ਇਸ ਸਮੱਸਿਆ ਨੂੰ ਖ਼ਤਮ ਨਹੀਂ ਕਰ ਸਕਦੀ।ਇਸ ਲਈ ਧਰਮ ਗੁਰੂਆਂ, ਸੁਸਾਇਟੀ ਆਗੂਆਂ, ਪੁਲਿਸ, ਮਾਂ-ਬਾਪ ਨੂੰ ਸਰਗਰਮ ਭੂਮਿਕਾ ਨਿਭਾਉਣੀ ਹੋਵੇਗੀ।

ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਨਸ਼ਿਆਂ ਦੀ ਸਮੱਸਿਆ 'ਤੇ ਕਾਬੂ ਪਾਉਣ ਲਈ ਮੱਧ ਪ੍ਰਦੇਸ਼ ਵਾਂਗ ਪੰਜਾਬ ਨੂੰ ਵੀ ਅਫ਼ੀਮ ਦੀ ਖੇਤੀ ਇਜਾਜ਼ਤ ਮਿਲਣੀ ਚਾਹੀਦੀ ਹੈ।

ਪੰਜਾਬ ਦੇ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਨਸ਼ਿਆਂ ਦੀ ਸਮੱਸਿਆ 'ਦਾ ਅੰਕੜਿਆਂ ਨਾਲ ਪੰਜਾਬ ਦੀ ਨਿੱਘਰ ਰਹੀ ਹਾਲਤ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿਹਾ ਨਸ਼ਿਆਂ ਦੀ ਤਸਕਰੀ 'ਵਿਚ ਪੰਜਾਬ ਪਹਿਲੇ ਨੰਬਰ 'ਤੇ ਹੈ। ਉਨ੍ਹਾਂ ਸੁਪਰੀਮ ਕੋਰਟ ਵਲੋਂ ਪੰਜਾਬ ਸਰਕਾਰ ਨੂੰ ਪਾਈ ਝਾੜ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਬਉੱਚ ਅਦਾਲਤ ਨੇ ਪੰਜਾਬ ਸਰਕਾਰ ਨੂੰ ਢਿੱਲੇ ਮੱਠੇ ਰਵੱਈਏ 'ਤੇ ਝਾੜ ਪਾਉਂਦਿਆ ਕਿਹਾ ਸੀ ਕਿ ਰਾਜ 'ਚ ਨਸ਼ਿਆਂ ਸੰਬੰਧੀ 31 ਹਜ਼ਾਰ ਐਫ. ਆਈ. ਆਰ. ਦਰਜ ਹੋਣ ਦੇ ਬਾਵਜੂਦ ਸਿਰਫ 3 ਮਾਮਲਿਆਂ 'ਚ ਦੋਸ਼ ਪੱਤਰ ਦਾਇਰ ਕੀਤੇ ਗਏ।ਉਨ੍ਹਾਂ ਪੰਜਾਬ 'ਵਿਚ ਨਸ਼ਿਆਂ ਦੀ ਵੱਧ ਮਾਤਰਾ ਕਾਰਨ ਨੌਜਵਾਨ ਔਰਤਾਂ ਅਤੇ ਲੜਕੀਆਂ ਦੀਆਂ ਮੌਤਾਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ 'ਵਿਚ ਨਸ਼ੇ ਘਰ-ਘਰ ਪਹੁੰਚਾਏ ਜਾ ਰਹੇ ਹਨ ਅਤੇ 'ਆਪ' ਸਰਕਾਰ ਇਸ ਨੂੰ ਰੋਕਣ 'ਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਹਰਸਿਮਰਤ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਵੀ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਜਰੀਵਾਲ ਨੇ 10 ਦਿਨਾਂ ਦੇ ਅੰਦਰ ਨਸ਼ਾ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਪਿਛਲੇ 9 ਮਹੀਨਿਆਂ ਵਿਚ ਨਸ਼ਿਆਂ ਨੇ ਨਾ ਸਿਰਫ ਪੰਜਾਬ ਨੂੰ ਅਸਥਿਰ ਕੀਤਾ ਹੈ ਸਗੋਂ ਦੇਸ਼ ਦੀ ਰਾਸ਼ਟਰੀ ਸੁਰੱਖਿਆ ਨੂੰ ਵੀ ਖ਼ਤਰੇ 'ਚ ਪਾ ਦਿੱਤਾ ਹੈ। ਪੰਜਾਬ ਦੀਆਂ ਸੜਕਾਂ 'ਤੇ ਲਿਖਿਆ ਹੁੰਦਾ ਹੈ 'ਡੌਂਟ ਡ੍ਰਿੰਕ ਅਤੇ ਡ੍ਰਾਈਵ' ਭਾਵ ਸ਼ਰਾਬ ਪੀ ਕੇ ਗੱਡੀ ਨਾ ਚਲਾਓ।ਪਰ ਪੰਜਾਬ 'ਚ ਤਾਂ ਸਰਕਾਰ ਹੀ 'ਡ੍ਰਿੰਕ' ਕਰਕੇ ਚੱਲ ਰਹੀ ਹੈ। ਹਰਸਿਮਰਤ ਕੌਰ ਨੇ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਲਈ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ 'ਨਾਰਕੋ ਟੈਰਾਰਿਜ਼ਮ' ਦੀ ਇਹ ਸਮੱਸਿਆ ਸਿਰਫ਼ ਪੰਜਾਬ ਲਈ ਨਹੀਂ ਸਗੋਂ ਪੂਰੇ ਦੇਸ਼ ਲਈ ਖ਼ਤਰਾ ਹੈ।ਹਰਸਿਮਰਤ ਕੌਰ ਨੇ ਸਦਨ 'ਵਿਚ ਨੇਮ 193 ਤਹਿਤ ਦੇਸ਼ 'ਵਿਚ ਨਸ਼ਿਆਂ ਦੀ ਸਮੱਸਿਆ ਅਤੇ ਇਸ ਸੰਬੰਧ 'ਵਿਚ ਸਰਕਾਰ ਵਲੋਂ ਚੁੱਕੇ ਕਦਮਾਂ ਦੇ ਵਿਸ਼ੇ 'ਤੇ ਚਰਚਾ ਦੀ ਸ਼ੁਰੂਆਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਿਸ਼ਾਨੇ 'ਤੇ ਲੈਂਦਿਆਂ ਅਤੇ ਉਨ੍ਹਾਂ ਵਲੋਂ ਨਸ਼ਿਆਂ ਦੀ ਵਰਤੋਂ ਨੂੰ ਲੈ ਕੇ ਤਿੱਖੇ ਸ਼ਬਦੀ ਤੀਰ ਚਲਾਉਂਦਿਆਂ ਕਿਹਾ ਕਿ 6 ਮਹੀਨੇ ਪਹਿਲਾਂ ਸਾਡੇ ਪੰਜਾਬ ਦੇ ਮੁੱਖ ਮੰਤਰੀ ਸੰਸਦ ਦੇ ਅੰਦਰ ਸਵੇਰੇ 11 ਵਜੇ ਹੀ ਨਸ਼ੇ ਦੀ ਹਾਲਤ 'ਵਿਚ ਆਉਂਦੇ ਸਨ ਅਤੇ ਉਨ੍ਹਾਂ ਦੇ ਨਾਲ ਬੈਠੇ ਮੈਂਬਰ ਸੀਟ ਬਦਲਣ ਦੀ ਅਪੀਲ ਕਰਦੇ ਸਨ।ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਨੇ ਹਾਲ ਹੀ 'ਵਿਚ ਮੁੱਖ ਮੰਤਰੀ ਦੇ ਵਿਦੇਸ਼ ਦੌਰੇ ਦਾ ਜ਼ਿਕਰ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਿਸ 'ਚ ਕਥਿਤ ਤੌਰ 'ਤੇ ਨਸ਼ੇ ਦੀ ਹਾਲਤ ਕਾਰਨ ਉਨ੍ਹਾਂ ਨੂੰ ਹਵਾਈ ਜਹਾਜ਼ ਤੋਂ ਉਤਾਰਿਆ ਗਿਆ ਸੀ। 21 ਸਤੰਬਰ 2022 ਦੀ ਇਸ ਘਟਨਾ ਮੁਤਾਬਿਕ ਭਗਵੰਤ ਮਾਨ ਨੂੰ ਫਰੈਂਕਫਰਟ ਤੋਂ ਦਿੱਲੀ ਦੀ ਉਡਾਣ ਤੋਂ ਇਸ ਲਈ ਉਤਾਰ ਦਿੱਤਾ ਗਿਆ ਕਿਉਂਕਿ ਉਹ ਨਸ਼ੇ 'ਵਿਚ ਸਨ। ਹਾਲਾਂਕਿ 'ਆਪ' ਨੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕੀਤਾ ਸੀ।ਹਰਸਿਮਰਤ ਕੌਰ ਨੇ ਕਿਹਾ ਕਿ ਪੰਜਾਬ ਲਈ ਅਜਿਹੀ ਨਮੋਸ਼ੀ ਕਦੇ ਨਹੀਂ ਹੋਈ ਕਿ ਮੁੱਖ ਮੰਤਰੀ ਦੇ ਅਹੁਦੇ ਵਾਲੇ ਵਿਅਕਤੀ ਨਾਲ ਅਜਿਹਾ ਕੀਤਾ ਗਿਆ ਹੋਵੇ।ਹਰਸਿਮਰਤ ਕੌਰ ਦੇ ਸੰਬੋਧਨ ਦੌਰਾਨ ਸਦਨ 'ਵਿਚ ਮੌਜੂਦ ਗ੍ਰਹਿ ਮੰਤਰੀ ਅਮਿਤ ਸ਼ਾਹ ਵਾਰ-ਵਾਰ ਮੁਸਕਰਾਉਂਦੇ ਨਜ਼ਰ ਆਏ।


Allstate
You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital services

CAPITAL SERVICES

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

21 ਦਸੰਬਰ ਤੋਂ 27 ਦਸੰਬਰ, 2022

## ਸਿੱਖ ਇਤਿਹਾਸ ਸਬੰਧੀ ਫਿਲਮਾਂ ਬਾਰੇ

ਸਿੱਖ ਇਤਿਹਾਸ ਸਬੰਧੀ ਫ਼ਿਲਮਾਂ ਬਣਾਉਣ ਵਾਲਿਆਂ ਵੱਲੋਂ ਆਮ ਤੌਰ ’ਤੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਇਤਿਹਾਸ ਨਾਲ ਜੋੜਨ ਲਈ ਬਹੁਤ ਜ਼ਰੂਰੀ ਹੈ ਕਿ ਇਤਿਹਾਸ ਫਿਲਮਾਂ ਰਾਹੀਂ ਦਰਸਾਇਆ ਜਾਵੇ। ਇਹ ਖਿਆਲ ਪੜਚੋਲ ਦੀ ਮੰਗ ਕਰਦਾ ਹੈ। ਜੇਕਰ ਆਧੁਨਿਕ ਚੇਤਨਾ ਨੂੰ ਇਤਿਹਾਸ ਨਾਲ ਜੋੜਨਾ ਹੈ ਤਾਂ ਇਤਿਹਾਸ ਨੂੰ ਖੜੋਤ ਮਈ ਰੂਪ ਵਿਚ ਕਿਉਂ ਪੇਸ਼ ਕੀਤਾ ਜਾਵੇ ? ਆਧੁਨਿਕ ਚੇਤਨਾ ਦਾ ਆਧਾਰ ਪੱਛਮੀ ਅਕਾਦਮਿਕਤਾ ਵਿਚ ਪਿਆ ਹੋਇਆ ਹੈ। ਪੱਛਮੀ ਅਕਾਦਮਿਕਤਾ ਨੇ ਮਨੁੱਖੀ ਮਾਨਸਿਕਤਾ ਬਾਰੇ ਬਹੁਤ ਵੱਡੀ ਮਾਤਰਾ ਵਿਚ ਸਾਹਿਤ ਪੈਦਾ ਕੀਤਾ ਹੈ। ਪੰਜਾਬੀ ਫਿਲਮ ਜਗਤ ਇਹ ਪ੍ਰਭਾਵ ਸਿਰਜਣ ਵਿਚ ਵੀ ਅਸਫਲ ਰਿਹਾ ਹੈ ਕਿ ਫ਼ਿਲਮ ਦੀ ਕਹਾਣੀ, ਨਿਰਦੇਸ਼ਨ ਅਤੇ ਤਕਨੀਕ ਨਾਲ ਜੁੜੀਆਂ ਸ਼ਖਸੀਅਤਾਂ, ਰੂਹਾਨੀ ਅਨੁਭਵ ਨਾਲ ਸੰਤੁਲਨ ਵਿਚ ਆ ਗਈਆਂ ਹਨ ਜਾਂ ਇਹ ਪ੍ਰਭਾਵ ਵੀ ਨਹੀਂ ਸਿਰਜਿਆ ਜਾ ਸਕਿਆ ਕਿ ਉਨ੍ਹਾਂ ਵੱਲੋਂ ਆਧੁਨਿਕ ਤਰਕਸ਼ੀਲ ਮਨ ਨੂੰ ਅਧਿਆਤਮਕ ਰੰਗ ਵਿਚ ਰੰਗ ਦੇਣ ਲਈ ਕੋਈ ਵਿਧਾ/ਵਿਧੀ ਲੱਭ ਲਈ ਹੈ। ਸਿੱਖ ਇਤਿਹਾਸ ਬਾਰੇ ਫਿਲਮਾਂ ਬਣਾਉਣ ਵਾਲੀ ਫਿਲਮੀ ਦੁਨੀਆਂ ਨਾਲ ਜੁੜੇ ਕਿਸੇ ਵੀ ਖੇਤਰ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲੇ ਵਿਅਕਤੀ ਵੱਲੋਂ ਹੁਣ ਤੱਕ ਇਹ ਪ੍ਰਭਾਵ ਨਹੀਂ ਸਿਰਜਿਆ ਗਿਆ ਕਿ ਉਨ੍ਹਾਂ ਦੀ ਦਲੀਲ ਆਧੁਨਿਕ ਤਰਕਸ਼ੀਲ ਦਲੀਲ ਤੋਂ ਅੱਗੇ ਦਾ ਸੱਚ ਪਰਗਟ ਕਰਨ ਵਿੱਚ ਕਾਮਯਾਬ ਹੈ।

ਕੀ ਕੇਵਲ ਤਕਨੀਕ ਦੀ ਵਰਤੋਂ ਕਰਨਾ ਹੀ ਆਧੁਨਿਕ ਹੋਣਾ ਹੈ ? ਕੀ ਤਕਨੀਕ ਦੀ ਵਰਤੋਂ ਕਰਨ ਨਾਲ ਆਧੁਨਿਕ ਮਨੁੱਖ ਦੀਆਂ ਅਧਿਆਤਮਿਕ ਲੋੜਾਂ ਦੀ ਪੂਰਤੀ ਹੋਈ ਹੈ ? ਐਨੀਮੇਸ਼ਨ ਤਕਨੀਕ ਵਿਕਸਿਤ ਕਰਨ ਵਾਲੇ ਪੱਛਮ ਮੁਲਕਾਂ ਦੀਆਂ ਐਨੀਮੇਸ਼ਨ ਅਧਾਰਿਤ ਫ਼ਿਲਮਾਂ ਦੇ ਮੁਕਾਬਲੇ ਵਿਚ ਸਿੱਖ ਇਤਿਹਾਸ ਉੱਪਰ ਬਣੀਆਂ ਫ਼ਿਲਮਾਂ ਕੀ ਦਰਜਾ ਰੱਖਦੀਆਂ ਹਨ ? ਜੇਕਰ ਐਨੀਮੇਸ਼ਨ ਫਿਲਮ ਬਣਾਉਣ ਪਿਛੇ ਇਹ ਦਲੀਲ ਕਾਰਜਸ਼ੀਲ ਹੈ ਕਿ ਅਸੀਂ ਮੌਜੂਦਾ ਵਿਗਿਆਨਕ ਚੇਤਨਾ ਵਿੱਚੋਂ ਸਿਰਜੀ ਗਈ ਆਧੁਨਿਕ ਪੀੜ੍ਹੀ ਨੂੰ ਧਰਮ ਅਤੇ ਇਤਿਹਾਸ ਦੀ ਸਿੱਖਿਆ ਦੇਣੀ ਹੈ ਤਾਂ ਕੀ ਫ਼ਿਲਮ ਵਿਚ ਧਾਰਮਿਕਤਾ ਅਤੇ ਅਧਿਆਤਮਿਕਤਾ ਸੰਬੰਧੀ ਦਲੀਲ, ਆਧੁਨਿਕ ਤਰਕਸ਼ੀਲ ਮਾਨਸਿਕਤਾ ਦੀਆਂ ਦਲੀਲਾਂ ਤੋਂ ਅੱਗੇ ਜਾਂਦੀ ਹੈ ? ਆਧੁਨਿਕ ਚੇਤਨਾ ਨੂੰ ਸੰਬੋਧਨ ਕਰਨ ਨੂੰ ਆਧਾਰ ਬਣਾ ਕੇ ਫਿਲਮ ਦੇ ਹੱਕ ਵਿਚ ਦਲੀਲ ਦੇਣ ਵਾਲੇ ਸੱਜਣਾਂ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ, ਆਧੁਨਿਕ ਚੇਤਨਾ ਵਿਗਿਆਨਵਾਦੀ, ਤਰਕਸ਼ੀਲ ਅਤੇ ਸੈਕੂਲਰਵਾਦੀ ਹੈ ਜਿਸ ਦੇ ਆਧਾਰ ਵਿਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਰੀਰ ਵਿਗਿਆਨ, ਮਨੋਵਿਗਿਆਨ ਆਦਿ ਵਿਸ਼ਿਆਂ ਦੇ ਮਹਾਨ ਫ਼ਿਲਾਸਫ਼ਰ ਅਤੇ ਵਿਗਿਆਨੀਆਂ ਦੀ ਮਿਹਨਤ ਸ਼ਮੂਲੀਅਤ ਰੱਖਦੀ ਹੈ।

ਫਿਲਮ ਦੇ ਪੱਖ ਵਿਚ ਦਲੀਲ ਦੇਣ ਵਾਲੇ ਸੱਜਣ ਇਹ ਦਲੀਲ ਵੀ ਦਿੰਦੇ ਹਨ ਕਿ ਚਾਰ ਸਾਹਿਬਜ਼ਾਦੇ ਫਿਲਮ ਦੇਖਣ ਵੇਲੇ ਉਹ ਬਹੁਤ ਜ਼ਿਆਦਾ ਭਾਵੁਕ ਹੋ ਗਏ। ਉਂਝ ਤੇ ਭਾਵੁਕਤਾ ਅਤੇ ਦਲੀਲ ਦਾ ਵੀ ਆਪਸੀ ਵਿਰੋਧ ਹੁੰਦਾ ਹੈ ਪ੍ਰੰਤੂ ਜੇਕਰ ਇਸ ਨੂੰ ਦਲੀਲ ਬਣਾਇਆ ਹੀ ਜਾ ਰਿਹਾ ਹੈ ਤਾਂ ਇਹ ਕਹਿਣਾ ਬਣਦਾ ਹੈ ਕਿ ਸਿੱਖੀ ਦਾ ਪ੍ਰਚਾਰ ਕਿਸੇ ਨੂੰ ਭਾਵੁਕ ਕਰਕੇ ਨਹੀਂ ਕੀਤਾ ਜਾ ਸਕਦਾ। ਕਿਸੇ ਨੂੰ ਭਾਵਕ ਕਰਕੇ ਧਾਰਮਿਕ ਕਰਨ ਦੀ ਕੋਸ਼ਿਸ਼ ਕਰਨਾ ਸਿੱਖ ਸਿਧਾਂਤਾਂ ਦੇ ਅਨੁਸਾਰ ਨਹੀਂ ਹੈ। ਸਿੱਖੀ, ਕਿਰਦਾਰ ਅਤੇ ਅਮਲ ਨਾਲ ਪਸਾਰ ਕਰਦੀ ਹੈ। ਅਮਲ ਪੈਦਾ ਹੋਣ ਲਈ ਦਲੀਲ ਅਤੇ ਜ਼ਮੀਰ ਦਾ ਇਕ ਹੋਣਾ ਜਰੂਰੀ ਹੈ। ਕਿਸੇ ਨੂੰ ਭਾਵੁਕ ਕਰ ਕੇ ਆਪਣੀ ਦਲੀਲ ਨਾਲ ਸਹਿਮਤ ਕਰਨਾ ਵਰਗਲਾਉਣਾ ਹੁੰਦਾ ਹੈ। ਇਸ ਦਾ ਦੂਸਰਾ ਪੱਖ ਇਹ ਵੀ ਹੈ ਕਿ ਭਾਵੁਕਤਾ ਆਧੁਨਿਕ ਅਕਲ/ਦਲੀਲ ਨੂੰ ਪ੍ਰਭਾਵਤ ਨਹੀਂ ਕਰਦੀ। ਆਧੁਨਿਕ ਦਲੀਲ ਵਿੱਚ ਭਾਵੁਕਤਾ ਅਤੇ ਤਰਕ ਆਪਾ ਵਿਰੋਧੀ ਮੰਨੇ ਜਾਂਦੇ ਹਨ।

ਸਿਰਜਨਾਤਮਕ ਕਲਪਨਾ, ਦੂਰ ਦੁਮੇਲ ਤੋਂ ਪਾਰ ਤੱਕ, ਅਨੰਤ ਉਡਾਰੀਆਂ ਮਾਰ ਸਕਦੀ ਹੈ ਪਰ ਫੇਰ ਵੀ ਇਹ ਮਨੁੱਖ ਦੀ ਹੋਣੀ ਨਾਲ ਜੁੜੀ ਰਹਿੰਦੀ ਹੈ ਅਤੇ ਮਨੁੱਖ ਦੇ ਗਿਆਨ ਘੇਰਿਆਂ ਤੋਂ ਬਾਹਰ ਨਹੀਂ ਜਾ ਸਕਦੀ। ਸਿਰਜਣਾਤਮਕ ਕਲਪਨਾ ਵਿਚ ਇੰਨੀ ਸ਼ਕਤੀ ਨਹੀਂ ਹੁੰਦੀ ਕਿ ਉਹ ਬੀਤ ਚੁੱਕੇ ਸਮੇਂ ਅਤੇ ਹੋ ਚੁੱਕੇ ਨਕਸ਼ਾਂ ਨੂੰ ਦੁਬਾਰਾ ਜਿਉਂਦਾ ਕਰ ਸਕੇ। ਜਿਵੇਂ ਪੰਜਾਬ ਦੇ ਮਹਾਨ ਚਿੱਤਰਕਾਰ ਸੋਭਾ ਸਿੰਘ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਕਸ਼ ਚਿੱਤਰ ਵਿੱਚ ਉਤਾਰਨ ਵੇਲੇ ਆਪਣੇ ਆਪ ਨੂੰ ਹੀ ਚਿਤਰਿਆ ਹੈ। ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸੋਭਾ ਸਿੰਘ ਵੱਲੋਂ ਬਣਾਏ ਗਏ ਨਕਸ਼ ਖੁਦ ਸੋਭਾ ਸਿੰਘ ਦੇ ਹੀ ਹਨ। ਇਵੇਂ ਹੀ ਹੋਰ ਪਵਿੱਤਰ ਸ਼ਹੀਦ ਸਿੰਘਾਂ, ਗੁਰੂ ਕੇ ਮਹਲ, ਅਤੇ ਸਾਹਿਬਜ਼ਾਦਿਆਂ ਸਬੰਧੀ ਵੀ ਇਹ ਸਿਧਾਂਤ ਲਾਗੂ ਹੁੰਦਾ ਹੈ। ਸਿਰਜਨਾਤਮਕ ਕਲਪਨਾ ਦਾ ਕਿਸੇ ਨਕਸ਼ ਸਬੰਧੀ ਪ੍ਰਤੀਤ ਕਰਨ ਦਾ ਸਫ਼ਰ ਜਦੋਂ ਰੁਕਦਾ ਹੈ ਤਾਂ ਉਸ ਵੇਲੇ ਦੀ ਹਾਲਤ ਨੂੰ ਪਦਾਰਥ ਵਿੱਚ ਹਲੂਲ ਕਰਕੇ ਬੁੱਤ ਦੀ ਸਿਰਜਣਾ ਕਰਦੀ ਹੈ। ਜੇਕਰ ਸਿਰਜਣਾਤਮਕ ਕਲਪਨਾ ਲਗਾਤਾਰ ਉਡਾਰੀ ਅਤੇ ਪ੍ਰਤੀਤ ਕਰਨ ਦੇ ਸਫ਼ਰ ਵਿਚ ਰਹੇ ਤਾਂ ਬੁੱਤ ਦੀ ਸਿਰਜਣਾ ਹੋ ਹੀ ਨਹੀਂ ਸਕਦੀ। ਬੁੱਤ ਤਾਂ ਪੈਦਾ ਹੀ ਸਿਰਜਣਾਤਮਕ ਕਲਪਨਾ ਦੀ ਸੀਮਾ ਵਿਚ ਹੁੰਦੇ ਹਨ।

ਨਵੀਂ ਪੀੜ੍ਹੀ ਦਾ ਚੇਤਨਾ ਪੱਧਰ ਜਿਸ ਅਕਾਦਮਿਕ ਅਤੇ ਸਮਾਜਿਕ ਪ੍ਰਵਾਨਗੀ ਨਾਲ ਜੁੜਿਆ ਹੋਇਆ ਹੈ ਉਸ ਨੂੰ ਸੰਬੋਧਨ ਕਰਨ ਦੀ ਸਮਰੱਥਾ ਮੌਜੂਦਾ ਹਿੰਦੁਸਤਾਨੀ ਅਤੇ ਪੰਜਾਬੀ ਸਿਨੇਮਾ ਜਗਤ ਵਿਚ ਨਹੀਂ ਹੈ। ਸਧਾਰਨ ਵਿਦਿਆਰਥੀ ਅਤੇ ਵਿਅਕਤੀ, ਸਮਾਜ ਨਾਲ ਲੜਨ ਦੀ ਸਮਰੱਥਾ ਨਹੀਂ ਰੱਖਦਾ ਹੁੰਦਾ। ਉਹ ਹਰ ਹੀਲੇ ਸਮਾਜਿਕ ਪ੍ਰਵਾਨਗੀ ਪ੍ਰਾਪਤ ਕਰਨਾ ਲੋੜਦਾ ਹੈ। ਸਿੱਖੀ ਦਾ ਪ੍ਰਚਾਰ ਸਮਾਜਕ ਪ੍ਰਵਾਨਗੀ ਦੀਆਂ ਲੋੜਾਂ ਅਨੁਸਾਰ ਨਹੀਂ ਕੀਤਾ ਜਾ ਸਕਦਾ। ਖਾਲਸਾ ਅਕਾਲ ਪੁਰਖ ਦੀ ਮੌਜ ਨਾਲ ਪਰਗਟਿਆ ਅਕਾਲੀ ਵਰਤਾਰਾ ਹੈ। ਇਸ ਲਈ ਖਾਲਸਾਈ ਪ੍ਰਗਟਾਵਾ ਸਮਾਜਿਕ ਪ੍ਰਵਾਨਗੀ ਅਤੇ ਕਾਲ ਚੇਤਨਾ ਦੇ ਪ੍ਰਭਾਵ ਅਧੀਨ ਨਹੀਂ ਕੀਤਾ ਜਾ ਸਕਦਾ।

ਫਿਲਮਾਂ ਰਾਹੀਂ ਸਾਹਿਬਜ਼ਾਦਿਆਂ ਦੇ ਨਕਸ਼ਿਆਂ ਨੂੰ ਆਮ ਸਧਾਰਨ ਮਾਨਸਿਕਤਾ ਵਿਚ ਇਸ ਕਦਰ ਡੂੰਘਾ ਖੁਣ ਦਿੱਤਾ ਗਿਆ ਹੈ ਕਿ ਹੁਣ ਜੋੜ ਮੇਲਿਆਂ, ਨਗਰ ਕੀਰਤਨ ਅਤੇ ਹੋਰ ਦਿਨ ਦਿਹਾੜਿਆਂ ਸਬੰਧੀ ਛਾਪੇ ਜਾਣ ਵਾਲੇ ਇਸ਼ਤਿਹਾਰਾਂ ਵਿੱਚ ਫਿਲਮਾਂ ਵਾਲੀਆਂ ਫੋਟੋਆਂ ਨੂੰ ਵਰਤਿਆ ਜਾ ਰਿਹਾ ਹੈ। ਇਹ ਸਾਹਿਬਜ਼ਾਦਿਆਂ ਦੇ ਲਕਸ਼ ਦੀ ਪ੍ਰਤੀਤੀ ਨੂੰ ਬੁੱਤਾਂ ਵਿਚ ਢਾਲਣ ਦਾ ਅਮਲ ਹੈ। ਸਾਨੂੰ ਹੁਣ ਇਨ੍ਹਾਂ ਤਸਵੀਰਾਂ ਵਾਲੇ ਕੁਰਾਹੇ, ਜਿਸ ਕਰਕੇ ਅਗਲੇ ਰਾਹ ਖੁਲ੍ਹੇ ਹਨ, ਨੂੰ ਮੁੱਢੋਂ ਰੱਦ ਕਰਨਾ ਚਾਹੀਦਾ ਹੈ।

ਫਿਲਮ ਸਮਾਜਿਕ ਸੱਭਿਅਕ ਵਿਕਾਸ ਦੇ ਇਕ ਖ਼ਾਸ ਪੜਾਅ ਉਪਰ ਜਾ ਕੇ ਬਣਦੀ ਹੈ ਉਸ ਤੋਂ ਪਹਿਲਾਂ ਸਾਹਿਤ ਵਿੱਚ ਉਸ ਵਿਸ਼ੇ ਸਬੰਧੀ ਸਮੱਗਰੀ ਪੈਦਾ ਹੁੰਦੀ ਹੈ। ਭਾਵ ਕਿ ਫ਼ਿਲਮ ਤੋਂ ਪਹਿਲਾਂ ਸਾਹਿਤਕ ਵਿਧਾ ਦੇ ਤੌਰ ’ਤੇ ਕਹਾਣੀ ਆਪਣੇ ਪਾਤਰਾਂ ਨੂੰ ਪਾਠਕਾਂ ਪਾਸੋਂ ਪ੍ਰਮਾਣਿਤ ਕਰਵਾਏ। ਜੇਕਰ ਗਲਪ ਵਿਚ ਸਿੱਖ ਅਹਿਸਾਸ ਵਾਲ਼ੀ ਸਮੱਗਰੀ ਪੈਦਾ ਹੋਵੇਗੀ ਤਾਂ ਹੀ ਚੰਗੀ ਫਿਲਮ ਬਣਾਈ ਜਾ ਸਕਦੀ ਹੈ। ਇਹ ਇਤਿਹਾਸ ਦੀ ਹੂ-ਬ-ਹੂ ਪੇਸ਼ਕਾਰੀ ਕੀਤੇ ਬਿਨਾਂ ਇਤਿਹਾਸਕ ਪ੍ਰੇਰਣਾ ਵਿਚ ਨਵੇਂ ਪਾਤਰ, ਨਾਇਕ ਅਤੇ ਖਲਨਾਇਕ ਸਿਰਜ ਕੇ ਕਰਨਾ ਪੈਣਾ ਹੈ। ਇਹ ਕੰਮ ਸਿਰਜਨਾਤਮਕ ਅਤੇ ਸਾਹਿਤਕ ਪ੍ਰਤਿਭਾ ਦੁਆਰਾ ਕੀਤਾ ਜਾਣ ਵਾਲਾ ਕੰਮ ਹੈ। ਇਨ੍ਹਾਂ ਸ਼ਹੀਦੀ ਦਿਹਾੜਿਆਂ ’ਤੇ ਸਾਨੂੰ ਜਰੂਰ ਇਸ ਗੱਲ ਨੂੰ ਵੀ ਮਹਿਸੂਸ ਕਰਨਾ ਚਾਹੀਦਾ ਹੈ। ਗੁਰੂ ਪਾਤਿਸਾਹ ਮਿਹਰ ਕਰਨ ਅਸੀਂ ਇਸ ਫਿਲਮਾਂ ਵਾਲੇ ਸਿਧਾਂਤਕ ਕੁਰਾਹੇ ਨੂੰ ਪੱਕੀ ਠੱਲ੍ਹ ਪਾ ਕੇ ਭਵਿੱਖ ਲਈ ਇਸ ਪਾਸੇ ਕੋਈ ਉਸਾਰੂ ਪਹੁੰਚ ਅਪਨਾਉਣ ਵਿੱਚ ਕਾਮਯਾਬ ਹੋ ਸਕੀਏ।

-ਸੰਪਾਦਕ

# ਮੋਦੀ ਅਤੇ ਮੁਹੰਮਦ ਬਿਨ ਸਲਮਾਨ ਨੂੰ ਪ੍ਰਤੀਰੱਖਿਆ ਪ੍ਰਦਾਨ ਕਰਨ ਦਾ ਮਸਲਾ



ਰਣਜੀਤ ਸਿੰਘ ਕੁਕੀ



ਅਮਰੀਕਾ ਦੇ ਸਟੇਟ ਵਿਭਾਗ ਨੇ ਹਾਲ ਹੀ ਵਿਚ ਅਦਾਲਤ ਨੂੰ ਦੱਸਿਆ ਕਿ ਸਾਊਦੀ ਅਰਬ ਦੇ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੂੰ ਪੱਤਰਕਾਰ ਜਮਾਲ ਖਾਸ਼ੋਗੀ ਦੇ ਸੰਬੰਧ ਵਿਚ ਛੁਟਕਾਰਾ ਮਿਲਣਾ ਚਾਹੀਦਾ ਹੈ। ਇਹ ਦਲੀਲ ਉਨ੍ਹਾਂ ਦੇ ਨੈਤਿਕ ਪੱਖ ਦੀ ਬਜਾਏ ਕਾਨੂੰਨੀ ਪੱਖ ਨੂੰ ਜਿਆਦਾ ਉਘਾੜਦੀ ਹੈ। ਸਬੂਤਾਂ ਦੇ ਹਵਾਲੇ ਤੋਂ ਇਹ ਕਪਟੀ ਵਿਦੇਸ਼ੀ ਨੇਤਾਵਾਂ ਦੇ ਉਸ ਗੈਲਰੀ ਵੱਲ ਇਸ਼ਾਰਾ ਕਰਦਾ ਹੈ ਜਿਨ੍ਹਾਂ ਨੂੰ ਇਸੇ ਤਰ੍ਹਾਂ ਦੀ ਹੀ ਸੁਰੱਖਿਆ ਮੁੱਹਈਆ ਕਰਵਾਈ ਗਈ ਸੀ। ਜ਼ਿੰਬਾਬਵੇ ਦੇ ਰਾਬਰਟ ਮੁਗਾਬੇ, ਜਿਸ ਨੇ ਆਪਣੇ ਰਾਜਨੀਤਿਕ ਵਿਰੋਧੀਆਂ ਨੂੰ ਖਤਮ ਕਰਵਾਇਆ ਅਤੇ ਕਾਂਗੋ ਦੇ ਜੋਸਫ ਕਬੀਲਾ, ਜਿਸ ਦੀ ਸੁਰੱਖਿਆ ਛੱਤਰੀ ਰਾਹੀ ਵਾਸ਼ਿੰਗਟਨ ਵਿਚ ਪ੍ਰਦਰਸ਼ਨਕਾਰੀਆਂ ਉੱਪਰ ਹਮਲੇ ਹੋਏ ਦੇ ਨਾਲ-ਨਾਲ ਇਸ ਵਿਚ ਨਰਿੰਦਰ ਮੋਦੀ ਦਾ ਨਾਂ ਵੀ ਜੁੜਦਾ ਹੈ।

ਇਸ ਤਰ੍ਹਾਂ ਦੀ ਫਹਿਰਿਸਤ ਵਿਚ ਨਰਿੰਦਰ ਮੋਦੀ ਦਾ ਨਾਮ ਮਹੱਤਤਾ ਨਾਲ ਜੁੜਦਾ ਹੈ ਜੋ ਇਸ ਗੱਲ ਦੀ ਯਾਦ ਦੁਆਉਂਦਾ ਹੈ ਕਿ ਜਿਸ ਸਮੇਂ ਨਵੀਂ ਦਿੱਲੀ ਜੀ-20 ਅਤੇ ਕੋਪ 27 ਵਿਚ ਆਪਣੀ ਕੂਟਨੀਤਿਕ ਸਫਲਤਾ ਦੇ ਦਮਗਜੇ ਮਾਰ ਰਹੀ ਹੈ ਅਤੇ ਉਸ ਨੂੰ ਜੀ-20 ਸਮੂਹ ਦੀ ਪ੍ਰਤੀਨਿਧਤਾ ਅਗਲੇ ਸਮੇਂ ਲਈ ਮਿਲ ਗਈ ਹੈ, ਉਸ ਸਮੇਂ ਹੀ ਅੰਤਰਰਾਸ਼ਟਰੀ ਮਾਹੌਲ਼ ਉਸ ਲਈ ਘੱਟ ਸਥਾਨ ਪ੍ਰਦਾਨ ਕਰਨ ਵਾਲਾ ਹੋ ਸਕਦਾ ਹੈ ਅਗਰ ਮੋਦੀ ਅਤੇ ਉਸ ਦੀ ਹਿੰਦੂਤਵ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਇਕ ਅਤੇ ਪੰਜ ਦਸੰਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਇਸੇ ਤਰ੍ਹਾਂ ਨਫਰਤ ਦਾ ਪ੍ਰਚਾਰ ਕਰਦੀ ਰਹਿੰਦੀ ਹੈ। ਅਮਰੀਕਾ ਦੀ ਭਾਰਤ ਨਾਲ ਰਣਨੀਤਿਕ ਭਾਗੀਦਾਰੀ ਨੂੰ ਘਰੇਲੂ ਰਾਜਨੀਤਿਕ ਮੁੱਦਿਆਂ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। 2002 ਵਿਚ ਮੋਦੀ ਦੇ ਮੁੱਖ ਮੰਤਰੀ ਰਹਿੰਦੇ ਹੋਏ ਗੁਜਰਾਤ ਵਿਚ ਹੋਏ ਦੰਗਿਆਂ ਕਰਕੇ ਹਜਾਰਾਂ ਹੀ ਲੋਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ, ਇਸ ਦੇ ਸਿੱਟੇ ਵਜੋਂ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਮਿਲਣ ਉੱਪਰ ਰੋਕ ਲੱਗੀ ਹੋਈ ਸੀ। ਇਹ ਰੋਕ ਉਸ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹੀ ਹਟਾਈ ਗਈ ਸੀ।

ਇਹ ਸੰਦੇਸ਼ ਬਹੁਤ ਹੀ ਸਪੱਸ਼ਟ ਰੂਪ ਵਿਚ ਦਿਖਾਉਂਦਾ ਹੈ ਕਿ ਇਹ ਬੈਨ ਹਟਾਇਆ ਨਹੀਂ ਸੀ ਗਿਆ, ਬਲਕਿ ਇਸ ਨੂੰ ਸਸਪੈਂਡ ਕੀਤਾ ਗਿਆ ਸੀ। ਅਮਰੀਕਾ ਦੇ ਪੱਖ ਤੋਂ ਭਾਰਤ ਨੂੰ ਚੀਨ ਦੇ ਭੂ-ਰਾਜਨੀਤਿਕ ਵਿਰੋਧੀ ਵਜੋਂ ਦੇਖਿਆ ਜਾਂਦਾ ਹੈ ਅਤੇ ਸੰਸਾਰ ਪੱਧਰ ਉੱਪਰ ਜਿਸ ਦੀ ਪੁਜ਼ੀਸ਼ਨ ਬਹੁਤ ਹੀ ਅਨਿਵਾਰੀ ਹੈ। ਟਰੰਪ ਪ੍ਰਸ਼ਾਸਨ ਦੇ ਮੁਕਾਬਲਤਨ ਰਾਸ਼ਟਰਪਤੀ ਬਾਈਡਨ ਦਾ ਪ੍ਰਸ਼ਾਸਨ, ਮੋਦੀ ਅਤੇ ਉਸ ਦੀ ਸਰਕਾਰ ਦੁਆਰਾ ਭਾਰਤੀ ਲੋਕਤੰਤਰ ਦੀ ਦਿੱਖ ਬਦਲਣ, ਤਾਂ ਕਿ ਹਿੰਦੂਆਂ ਨੂੰ ਪ੍ਰਮੁੱਖ ਨਾਗਰਿਕ ਵਜੋਂ ਸਾਹਮਣੇ ਲਿਆਂਦਾ ਜਾ ਸਕੇ, ਪ੍ਰਤੀ ਘੱਟ ਸਹਿਣਸ਼ੀਲ ਹੈ। ਇਸ ਨਾਲ ਘੱਟ-ਗਿਣਤੀਆਂ ਦੇ ਦੂਜੇ ਦਰਜੇ ਦੇ ਨਾਗਰਿਕ ਹੋਣ ਦਾ ਖਤਰਾ ਹੋਰ ਵੀ ਜਿਆਦਾ ਵਧ ਜਾਂਦਾ ਹੈ। ਪਿਛਲੇ ਹਫਤੇ ਹੀ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਦੇ ਅਮਰੀਕੀ ਕਮਿਸ਼ਨ ਨੇ ਭਾਰਤੀ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਕਿ ਉਹ ਲਗਾਤਾਰ ਸਿਵਲ ਸਮਾਜ ਅਤੇ ਵਿਰੋਧ ਦੀਆਂ ਅਵਾਜ਼ਾਂ ਨੂੰ ਵਿਵਸਥਿਤ ਢੰਗ ਨਾਲ ਦਬਾ ਰਹੀ ਹੈ ਅਤੇ ਪੱਤਰਕਾਰਾਂ, ਵਕੀਲਾਂ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ, ਅਕਾਦਮਿਕਾਂ, ਰਾਜਨੀਤਿਕ ਨੇਤਾਵਾਂ, ਧਾਰਮਿਕ ਘੱਟ-ਗਿਣਤੀਆਂ, ਅਤੇ ਸਰਕਾਰ ਦੀਆਂ ਨੀਤੀਆਂ ਖਿਲਾਫ ਅਵਾਜ਼ ਉਠਾਉਣ ਵਾਲੇ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਅਮਰੀਕੀ ਸਟੇਟ ਵਿਭਾਗ, ਜੋ ਕਿ ਧਾਰਮਿਕ ਅਜ਼ਾਦੀ ਅਤੇ ਸੱਤਾ ਨਾਲ ਸੰਬੰਧਿਤ ਹੋਰ ਮਸਲਿਆਂ ਸੰਬੰਧੀ ਲਗਾਤਾਰ ਆਪਣੀ ਰਿਪੋਰਟ ਪੇਸ਼ ਕਰਦਾ ਹੈ ਅਤੇ ਦੇਸ਼ਾਂ ਦੀ ਸੂਚੀ ਜਾਰੀ ਕਰਦਾ ਹੈ, ਨੇ ਭਾਰਤ ਨੂੰ ਇਸ ਸੰਬੰਧੀ ਵਿਸ਼ੇਸ਼ ਰੂਪ ਵਿਚ ਚਿੰਤਾ ਵਾਲਾ ਦੇਸ਼ ਘੋਸ਼ਿਤ ਕੀਤਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਤਰ੍ਹਾਂ ਦੇ ਦੋਸ਼ਾਂ ਦਾ ਹਮੇਸ਼ਾ ਦੀ ਤਰ੍ਹਾਂ ਖੰਡਨ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਅਮਰੀਕੀ ਸਟੇਟ ਵਿਭਾਗ ਦੁਆਰਾ ਮੋਦੀ ਨੂੰ 2014 ਵਿਚ ਪ੍ਰਦਾਨ ਕੀਤੀ ਗਈ ਪ੍ਰਤੀਰੱਖਿਆ ਦਾ ਮੁਕਾਬਲਾ ਹੁਣ ਸਾਊਦੀ ਅਰਬ ਦੇ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੂੰ ਦਿੱਤੀ ਪ੍ਰਤੀਰੱਖਿਆ ਨਾਲ ਕੀਤਾ ਹੈ ਅਤੇ ਕਿਹਾ ਹੈ ਇਸ ਵਿਚ ਉਸ ਦਾ ਸੰਦਰਭ ਕਿਤੇ ਵੀ ਜਰੂਰੀ ਨਹੀਂ ਹੈ।

ਗੁਜਰਾਤ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ 2022 ਦੇ ਦੰਗਿਆਂ ਸਮੇਂ ਬਿਲਕਿਸ ਬਾਨੋ ਨਾਲ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਗਿਆਰਾਂ ਵਿਅਕਤੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਚੋਣ ਪ੍ਰਚਾਰ ਸਮੇਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ 2002 ਵਿਚ ਸਮੱਸਿਆ ਖੜ੍ਹੀ ਕਰਨ ਵਾਲਿਆਂ ਨੂੰ ਸਬਕ ਸਿਖਾ ਦਿੱਤਾ ਗਿਆ ਸੀ। ਇਹ ਹਿੰਦੂਆਂ ਦੀ ਭੀੜ ਲਈ ਇਕ ਇਸ਼ਾਰਾ ਸੀ ਕਿ ਉਹ ਜਿਸ ਤਰ੍ਹਾਂ ਚਾਹੁਣ ਹੁਣ ਵੀ ਕਰ ਸਕਦੇ ਹਨ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀ ਅਮਰੀਕੀ ਕਮਿਸ਼ਨ ਦੁਆਰਾ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਸੰਬੰਧੀ ਪੇਸ਼ ਕੀਤੀ ਗਈ ਸੂਚੀ ਦਾ ਵਿਰੋਧ ਕੀਤਾ। ਇਸ ਸੂਚੀ ਵਿਚ ਸਰਕਾਰ ਉੱਪਰ ਦੋਸ਼ ਲਗਾਇਆ ਹੈ ਕਿ ਇਸ ਨੇ ਵਿਵਸਥਿਤ ਢੰਗ ਨਾਲ ਧਾਰਮਿਕ ਅਜ਼ਾਦੀ ਦੀ ਉਲੰਘਣਾ ਨੂੰ ਸਹਿਣ ਕੀਤਾ ਹੈ। ਪਰ ਭਾਰਤੀਆਂ ਅਧਿਕਾਰੀਆਂ ਨੇ ਇਹ ਦਾਅਵਾ ਕੀਤਾ ਕਿ ਭਾਰਤ ਨੂੰ ਲਗਾਤਾਰ ਪੱਖਪਾਤੀ ਅਤੇ ਗਲਤ ਧਾਰਨਾਵਾਂ ਦੇ ਅਧਾਰ ’ਤੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਂਦਾ ਰਿਹਾ ਹੈ।ਜਦੋਂ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਵੇਦਾਂਤ ਪਾਲ ਨੂੰ ਸਾਊਦੀ ਅਰਬ ਦੇ ਪ੍ਰਿੰਸ ਅਤੇ ਪ੍ਰਧਾਨ ਮੰਤਰੀ ਨੂੰ ਪ੍ਰਤੀਰੱਖਿਆ ਦੇਣ ਦੇ ਸੰਬੰਧੀ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਇਹ ਪਹਿਲ਼ੀ ਵਾਰ ਨਹੀਂ ਹੋਇਆ ਹੈ। ਮੋਦੀ ਸਮੇਤ ਵਿਸ਼ਵ ਦੇ ਹੋਰ ਨੇਤਾਵਾਂ ਨੂੰ ਵੀ ਪਹਿਲਾਂ ਇਸ ਤਰਾਂ ਦੀ ਪ੍ਰਤੀਰੱਖਿਆ ਪ੍ਰਦਾਨ ਕੀਤੀ ਗਈ ਹੈ। 2005 ਵਿਚ ਪ੍ਰਧਾਨ ਮੰਤਰੀ ਮੋਦੀ ਉੱਪਰ 2002 ਦੇ ਗੁਜਰਾਤ ਦੰਗਿਆਂ ਸੰਬੰਧੀ ਕੁਝ ਨਾ ਕਰਨ ਦੇ ਦੋਸ਼ਾਂ ਤਹਿਤ ਵੀਜ਼ਾ ਰੋਕ ਲਗਾਈ ਗਈ ਸੀ। ਪ੍ਰਧਾਨ ਮੰਤਰੀ ਮੋਦੀ ਨੂੰ ਅਮਰੀਕਾ ਵਿਚ ਉਸੇ ਤਰ੍ਹਾਂ ਦੀ ਪ੍ਰਤੀਸੁਰੱਖਿਆ ਹਾਸਿਲ ਹੋਈ ਜੋ ਕਿ ਹਾਲ ਹੀ ਵਿਚ ਸਾਊਦੀ ਪ੍ਰਿੰਸ ਨੂੰ ਦਿੱਤੀ ਗਈ ਹੈ।ਅਮਰੀਕੀ ਸਰਕਾਰ ਨੇ ਅਜਿਹਾ ਕਦਮ ਪਹਿਲੀ ਵਾਰ ਨਹੀਂ ਚੁੱਕਿਆ ਹੈ। ਇਸ ਸੰਬੰਧੀ ਕੁਝ ਉਦਾਹਰਣਾਂ ਇਸ ਤਰਾਂ ਹਨ: 1993 ਵਿਚ ਹੈਤੀ ਦੇ ਰਾਸ਼ਟਰਪਤੀ ਆਰਸਟਾਈਦ, 2001 ਵਿਚ ਜ਼ਿੰਬਾਬਵੇ ਦੇ ਰਾਸ਼ਟਰਪਤੀ ਮੁਗਾਬੇ, 2018 ਵਿਚ ਡੀਆਰਸੀ ਦੇ ਰਾਸ਼ਟਰਪਤੀ ਕਬੀਲਾ ਨੂੰ ਅਜਿਹੀ ਹੀ ਪ੍ਰਤੀਰੱਖਿਆ ਪ੍ਰਦਾਨ ਕੀਤੀ ਗਈ ਸੀ।2014 ਵਿਚ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਵੀ ਅਮਰੀਕਾ ਨੇ ਕਿਹਾ ਸੀ ਕਿ ਉਸ ਨੇ ਇਸ ਸੰਬੰਧੀ ਆਪਣੀ ਨੀਤੀ ਵਿਚ ਕੋਈ ਬਦਲਾਅ ਨਹੀਂ ਕੀਤਾ ਹੈ ਜਦੋਂ ਕਿ ਇੰਗਲੈਂਡ ਅਤੇ ਯੂਰੋਪੀਅਨ ਯੂਨੀਅਨ ਨੇ ਉਸ ਸਮੇਂ ਆਪਣਾ ਬਾਈਕਾਟ ਹਟਾ ਦਿੱਤਾ ਸੀ। ਸਾਊਦੀ ਪ੍ਰਿੰਸ ਨੂੰ ਪ੍ਰਤੀਰੱਖਿਆ ਪ੍ਰਦਾਨ ਕਰਦੇ ਸਮੇਂ ਵਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਸੀ ਕਿ ਇਹ ਅੰਤਰਰਾਸ਼ਟਰੀ ਕਾਨੂੰਨ ਤਹਿਤ ਕੀਤੀ ਗਈ ਕਾਨੂੰਨੀ ਕਾਰਵਾਈ ਹੈ। ਇਸ ਦਾ ਕੇਸ ਦੀ ਮੈਰਿਟ ਨਾਲ ਕੋਈ ਸੰਬੰਧ ਨਹੀਂ ਹੈ। ਭਾਰਤੀ ਬੁਲਾਰੇ ਨੇ ਅਮਰੀਕਾ ਦੁਆਰਾ ਇਸ ਕੇਸ ਦਾ ਮੋਦੀ ਨੂੰ ਪ੍ਰਦਾਨ ਕੀਤੀ ਗਈ ਪ੍ਰਤੀਰੱਖਿਆ ਨਾਲ ਤੁਲਨਾ ਕਰਨ ਦਾ ਵਿਰੋਧ ਕੀਤਾ ਗਿਆ ਅਤੇ ਕਿਹਾ ਕਿ ਵੇਦਾਂਤ ਪਾਲ ਇਸ ਸੰਬੰਧੀ ਪ੍ਰਧਾਨ ਮੰਤਰੀ ਮੋਦੀ ਦਾ ਨਾਂ ਲੈਣਾ ਛੱਡ ਵੀ ਸਕਦਾ ਸੀ। ਸਾਊਦੀ ਅਰਬ ਦੇ ਪ੍ਰਿੰਸ ਨੂੰ ਪੱਤਰਕਾਰ ਜਲਾਮ ਖਾਸ਼ੋਗੀ ਦੇ ਕੇਸ ਵਿਚ ਪ੍ਰਤੀਰੱਖਿਆ ਪ੍ਰਦਾਨ ਕੀਤੀ ਗਈ ਹੈ ਜਿਸ ਉੱਪਰ ਖਾਸ਼ੋਗੀ ਦੀ ਮੰਗੇਤਰ ਨੇ ਦੋਸ਼ ਲਗਾਏ ਸਨ। ਖਾਸ਼ੋਗੀ ਸਾਊਦੀ ਅਰਬ ਦੇ ਸ਼ਾਹੀ ਘਰਾਣੇ ਦਾ ਆਲੋਚਕ ਸੀ ਅਤੇ ਵਿਚ ਇਸਤਾਨਬੁਲ ਵਿਚ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। 2018 ਵਿਚ ਅਮਰੀਕੀ ਏਜੰਸੀਆਂ ਨੇ ਇਹ ਨਿਰਣਾ ਕੀਤਾ ਕਿ ਉਸ ਦਾ ਕਤਲ ਮੁਹੰਮਦ ਦੇ ਕਹਿਣ ’ਤੇ ਕੀਤਾ ਗਿਆ ਸੀ। ਹਾਲ ਹੀ ਵਿਚ ਉਸ ਨੂੰ ਬਾਈਡਨ ਪ੍ਰਸ਼ਾਸਨ ਦੁਆਰਾ ਪ੍ਰਦਾਨ ਕੀਤੀ ਗਈ ਪ੍ਰਤੀਸੁਰੱਖਿਆ ਦੇ ਨਤੀਜੇ ਵਜੋਂ ਅਮਰੀਕਾ ਵਿਚ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਦੁਆਰਾ ਪ੍ਰਦਰਸ਼ਨ ਵੀ ਹੋਏ। 2014 ਵਿਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਮੋਦੀ ਉੱਪਰ ਲਗਾਈ ਗਈ ਰੋਕ ਵੀ ਹਟਾ ਲਈ ਗਈ ਸੀ। ਓਬਾਮਾ ਪ੍ਰਸ਼ਾਸਨ ਨੇ ਮੋਦੀ ਨੂੰ ਅਮਰੀਕਾ ਵਿਚ ਕੋਈ ਕਾਨੂੰਨੀ ਪ੍ਰੀਕਿਰਿਆ ਦਾ ਸਾਹਮਣਾ ਕਰਨ ਸੰਬੰਧੀ ਪ੍ਰਤੀਰੱਖਿਆ ਪ੍ਰਦਾਨ ਕੀਤੀ ਸੀ।

# ਗੈਂਗਸਟਰਾਂ ਦੀਆਂ ਤਾਰਾਂ ਸੱਤ ਸਮੁੰਦਰ ਪਾਰ ਜੁੜੀਆਂ

## ਲੁਧਿਆਣਾ ਸ਼ਹਿਰ ਦੇ ਵਪਾਰੀਆਂ ਨੂੰ ਸਭ ਤੋਂ ਵਧ ਮਿਲੀਆਂ ਧਮਕੀਆਂ





ਰਜਿੰਦਰ ਸਿੰਘ ਪੁਰੇਵਾਲ

*ਲਗਾਤਾਰ ਵਪਾਰੀਆਂ ਨੂੰ ਫਿਰੌਤੀ ਲਈ ਆ ਰਹੀਆਂ ਧਮਕੀਆਂ ਕਾਰਨ ਵਪਾਰੀ ਵਰਗ ਵਿਚ ਭਾਰੀ ਡਰ ਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।ਜਲੰਧਰ ਜ਼ਿਲ੍ਹੇ ਦੇ ਨਕੋਦਰ ਵਿਚ ਕੱਪੜਾ ਵਪਾਰੀ ਭੁਪਿੰਦਰ ਸਿੰਘ ਟਿੰਮੀ ਦਾ 7 ਦਸੰਬਰ ਦੀ ਰਾਤ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਸਮੇਂ, ਉਨ੍ਹਾਂ ਦੀ ਸੁਰੱਖਿਆ ਵਿੱਚ ਤਾਇਨਾਤ ਪੁਲਿਸ ਕਾਂਸਟੇਬਲ ਮਨਦੀਪ ਸਿੰਘ ਦੀ ਵੀ ਜਵਾਬ ਕਾਰਵਾਈ ਵਿੱਚ ਮੌਤ ਹੋ ਗਈ ਸੀ।*

ਪੰਜਾਬ ਵਿਚ ਅਪਰਾਧਕ ਘਟਨਾਵਾਂ ਨਾ ਰੁਕਣਾ ਵੱਡੀ ਚਿੰਤਾ ਵਾਲੀ ਗੱਲ ਹੈ। ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਪੰਜਾਬ ਵਿਚ ਧਨਾਢ ਵਪਾਰੀਆਂ ਤੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਨਾਂ 'ਤੇ ਫਿਰੌਤੀਆਂ ਮੰਗਣ ਦਾ ਸਿਲਸਿਲੇ ਕਾਰਨ ਆਮ ਲੋਕ ਸਹਿਮੇ ਨਜ਼ਰ ਆ ਰਹੇ ਹਨ।ਲੁਧਿਆਣਾ ਵਿਚ ਸਭ ਤੋਂ ਵੱਧ ਅਜਿਹੇ ਮਾਮਲੇ ਵਪਾਰੀਆਂ ਵਲੋਂ ਪੁਲਿਸ ਦੇ ਧਿਆਨ ਵਿਚ ਲਿਆਂਦੇ ਗਏ ਸਨ। ਲਗਾਤਾਰ ਵਪਾਰੀਆਂ ਨੂੰ ਫਿਰੌਤੀ ਲਈ ਆ ਰਹੀਆਂ ਧਮਕੀਆਂ ਕਾਰਨ ਵਪਾਰੀ ਵਰਗ ਵਿਚ ਭਾਰੀ ਡਰ ਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ ।ਜਲੰਧਰ ਜ਼ਿਲ੍ਹੇ ਦੇ ਨਕੋਦਰ ਵਿਚ ਕੱਪੜਾ ਵਪਾਰੀ ਭੁਪਿੰਦਰ ਸਿੰਘ ਟਿੰਮੀ ਦਾ 7 ਦਸੰਬਰ ਦੀ ਰਾਤ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਸਮੇਂ, ਉਨ੍ਹਾਂ ਦੀ ਸੁਰੱਖਿਆ ਵਿੱਚ ਤਾਇਨਾਤ ਪੁਲਿਸ ਕਾਂਸਟੇਬਲ ਮਨਦੀਪ ਸਿੰਘ ਦੀ ਵੀ ਜਵਾਬ ਕਾਰਵਾਈ ਵਿੱਚ ਮੌਤ ਹੋ ਗਈ ਸੀ। ਬੀਤੇ ਹਫਤੇ ਪੁਲਿਸ ਨੇ ਨਕੋਦਰ ਦੇ ਕੱਪੜਾ ਵਪਾਰੀ ਅਤੇ ਉਸਦੇ ਨਿੱਜੀ ਸੁਰੱਖਿਆ ਅਧਿਕਾਰੀ (ਪੀ.ਐਸ.ਓ.) ਮਨਦੀਪ ਸਿੰਘ ਦੇ ਦੋਹਰੇ ਹੱਤਿਆ ਕਾਂਡ ਵਿਚ ਬਠਿੰਡਾ ਤੋਂ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਹੱਤਿਆ ਕਾਂਡ ਦਾ ਮੁੱਖ ਸਾਜ਼ਿਸ਼ਕਾਰ ਅਮਰੀਕਾ ਸਥਿਤ ਅਮਨਦੀਪ ਪੁਰੇਵਾਲ ਉਰਫ਼ ਅਮਨ ਹੈ, ਜੋ ਨਕੋਦਰ ਦਾ ਮੂਲ ਨਿਵਾਸੀ ਹੈ । ਇਹ ਜਾਣਕਾਰੀ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਦਿੱਤੀ ਸੀ । ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਪਿੰਡ ਨੰਗਲਾ, ਤਲਵੰਡੀ ਸਾਬੋ, ਬਠਿੰਡਾ ਦੇ ਖੁਸ਼ਕਰਨ ਸਿੰਘ ਉਰਫ਼ ਫ਼ੌਜੀ, ਬਠਿੰਡਾ ਦੇ ਵੇਹਣ ਦੀਵਾਨ ਦੇ ਕਮਲਦੀਪ ਸਿੰਘ ਉਰਫ਼ ਦੀਪ ਅਤੇ ਪਿੰਡ ਜੱਸੀ ਪੌਅ ਵਾਲੀ, ਬਠਿੰਡਾ ਦੇ ਮੰਗਾ ਸਿੰਘ ਉਰਫ਼ ਗੀਤਾ ਉਰਫ ਬਿੱਛੂ ਵਜੋਂ ਹੋਈ ਹੈ ।

ਇਨ੍ਹਾਂ ਕੋਲੋਂ ਵਾਰਦਾਤ ਵਿਚ ਵਰਤਿਆ .30 ਬੋਰ ਦਾ ਪਿਸਤੌਲ ਅਤੇ ਰੇਕੀ ਕਰਨ ਲਈ ਵਰਤੀ ਸਫਾਰੀ ਕਾਰ ਵੀ ਬਰਾਮਦ ਕੀਤੀ ਗਈ ਸੀ। ਡੀ.ਜੀ.ਪੀ. ਨੇ ਦੱਸਿਆ ਕਿ ਪੁਲਿਸ ਨੇ ਦੋ ਮੁੱਖ ਸਾਜ਼ਿਸ਼ਕਾਰਾਂ ਦੀ ਪਛਾਣ ਬਠਿੰਡਾ ਦੇ ਅਮਰੀਕ ਸਿੰਘ ਅਤੇ ਨਕੋਦਰ ਮਾਲੜੀ ਦੇ ਗੁਰਿੰਦਰ ਸਿੰਘ ਉਰਫ਼ ਗਿੰਦਾ ਵਜੋਂ ਕੀਤੀ ਹੈ, ਜਿਨ੍ਹਾਂ ਨੇ ਅਮਨਦੀਪ ਪੁਰੇਵਾਲ ਦੇ ਕਹਿਣ 'ਤੇ ਰੇਕੀ ਕੀਤੀ ਅਤੇ ਸ਼ੂਟਰਾਂ ਤੇ ਹਥਿਆਰਾਂ ਦਾ ਪ੍ਰਬੰਧ ਕੀਤਾ। ਇਸ ਤੋਂ ਇਲਾਵਾ ਬਾਕੀ ਦੇ ਦੋ ਸ਼ੂਟਰਾਂ ਦੀ ਪਛਾਣ ਸਤਪਾਲ ਉਰਫ਼ ਸਾਜਨ ਅਤੇ ਠਾਕੁਰ ਵਜੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਫਰਾਰ ਸ਼ੂਟਰਾਂ ਅਤੇ ਦੋਵਾਂ ਸਾਜ਼ਿਸ਼ਕਾਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਟੀਮਾਂ ਛਾਪੇਮਾਰੀ ਕਰ ਰਹੀਆਂ ਹਨ ।

ਸੂਬੇ ਵਿਚ ਫਿਰੌਤੀ ਮੰਗਣ ਦੀਆਂ ਵਾਰਦਾਤਾਂ ਵਧਣਾ ਕਾਨੂੰਨ-ਵਿਵਸਥਾ ਲਈ ਠੀਕ ਨਹੀਂ ਹੈ। ਵਪਾਰੀ ਵਰਗ ਦਾ ਮੰਨਣਾ ਹੈ ਕਿ ਕਿ ਡਰ ਅਤੇ ਭੈਅ ਦੇ ਮਾਹੌਲ ਵਿੱਚ ਕਾਰੋਬਾਰੀ ਕੰਮ ਕਿਵੇਂ ਕਰ ਸਕਦਾ ਹੈ? ਉਨ੍ਹਾਂ ਦਾ ਮੰਨਣਾ ਹੈ ਕਿ ਗੈਂਗਸਟਰ ਬਕਾਇਦਾ ਆਪਣਾ ਨਾਮ ਦੱਸ ਕੇ ਕਾਰੋਬਾਰੀਆਂ ਤੋਂ ਪੈਸੇ ਮੰਗ ਰਹੇ ਹਨ। ਜੇਕਰ ਕੋਈ ਨਹੀਂ ਦਿੰਦਾ ਤਾਂ ਉਸ ਦਾ ਹਾਲ ਨਕੋਦਰ ਦੇ ਟਿੰਮੀ ਚਾਵਲਾ ਵਰਗਾ ਹੋ ਜਾਂਦਾ ਹੈ। ਮੋਗਾ ਦੇ ਕਾਰੋਬਾਰੀ ਅਰਵਿੰਦਰ ਸਿੰਘ ਕਾਲਾ ਮੁਤਾਬਕ ਉਸ ਨੂੰ ਬੀਤੇ 5 ਨਵੰਬਰ ਨੂੰ ਫੋਨ ਰਾਹੀਂ ਅਰਸ਼ ਡਾਲਾ ਗੈਂਗ ਵਲੋਂ ਫਿਰੌਤੀ ਮੰਗੀ ਗਈ। ਕਾਲਾ ਵੱਲੋਂ ਮੋਗਾ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ।ਇਸ ਤੋਂ ਬਾਅਦ 2 ਦਸੰਬਰ ਨੂੰ 2 ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਕਾਲਾ ਦੇ ਘਰ ਦੇ ਬਾਹਰ ਗੋਲੀਆਂ ਚਲਾਈਆਂ ਗਈਆਂ ਸਨ ਜਿਨ੍ਹਾਂ ਵਿਚੋਂ ਇੱਕ ਗੋਲੀ ਉਨ੍ਹਾਂ ਦੇ ਘਰ ਦੇ ਬਾਹਰ ਲੱਗੇ ਸ਼ੀਸ਼ੇ ਉਤੇ ਲੱਗੀ।ਮੋਗਾ ਪੁਲਿਸ ਵੱਲੋਂ ਇਸ ਸਬੰਧੀ ਦੋ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਅਤੇ ਅਰਵਿੰਦਰ ਸਿੰਘ ਕਾਲਾ ਦੇ ਘਰ ਦੇ ਬਾਹਰ ਸੁਰੱਖਿਆ ਕਰਮੀਂ ਤੈਨਾਤ ਕਰ ਦਿੱਤੇ ਗਏ ਸਨ। ਜ਼ਿਲਾ ਬਠਿੰਡਾ ਅਧੀਨ ਪੈਂਦੇ ਕਸਬਾ ਰਾਮਾ ਮੰਡੀ ਦੇ ਵਸਨੀਕ ਇਕ ਵਪਾਰੀ ਤੋਂ ਇਸੇ ਵਰ੍ਹੇ ਸਤੰਬਰ ਮਹੀਨੇ ਵਿੱਚ 1 ਕਰੋੜ ਦੀ ਫ਼ਿਰੌਤੀ ਮੰਗੀ ਗਈ ਸੀ। ਸਾਲ 2020 ਵਿੱਚ ਮੋਗਾ ਸ਼ਹਿਰ ਦੇ ਕੱਪੜਾ ਵਪਾਰੀ ਤੇਜਿੰਦਰ ਸਿੰਘ ਪਿੰਕਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਮੁਤਾਬਕ ਇਸ ਕਤਲ ਦੀ ਜ਼ਿੰਮੇਵਾਰੀ ਇੱਕ ਗੈਂਗਸਟਰ ਗਰੁੱਪ ਨੇ ਲਈ ਸੀ।ਹੁਣੇ ਜਿਹੇ ਨਕੋਦਰ ਦੇ ਵਪਾਰੀ ਕੋਲੋਂ ਰੰਗਦਾਰੀ ਮੰਗਣ ਦੀ ਆਡੀਓ ਕਾਫ਼ੀ ਵਾਇਰਲ ਹੋਈ ਹੈ। ਇਸ ਲੜੀ ਹੇਠ ਲੁਧਿਆਣਾ ਵਿੱਚ ਵੀ ਕਾਰੋਬਾਰੀ ਨੂੰ ਫੋਨ ਰਾਹੀਂ ਧਮਕੀ ਦਿੱਤੀ ਗਈ ਸੀ ਅਤੇ 30 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ ਜਿਸ ਤੇ ਲੁਧਿਆਣਾ ਪੁਲਿਸ ਨੇ ਕਾਮਯਾਬੀ ਹਾਸਲ ਕਰਦੇ ਹੋਏ 2 ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਸੀ। ਮੋਗਾ, ਲੁਧਿਆਣਾ, ਅੰਮ੍ਰਿਤਸਰ ਸ਼ਹਿਰ ਵਿਚ ਕੁੱਝ ਲੋਕਾਂ ਨੂੰ ਗੈਂਗਸਟਰਾਂ ਦੇ ਨਾਂ 'ਤੇ ਧਮਕੀਆਂ ਮਿਲਣ ਦੀ ਖ਼ਬਰ ਹੈ। ਸਿੱਧੂ ਮੂਸੇਵਾਲਾ ਦੇ ਦਿਨ-ਦਿਹਾੜੇ ਕੀਤੇ ਗਏ ਸਨਸਨੀਖੇਜ਼ ਕਤਲ ਤੋਂ ਬਾਅਦ ਪੰਜਾਬ ਵਿਚ ਅਜਿਹੇ ਸੰਗੀਨ ਅਪਰਾਧ ਰੁਕਣ ਦਾ ਨਾਮ ਹੀ ਨਹੀਂ ਲੈ ਰਹੇ।ਪੰਜਾਬ ਵਿੱਚ ਗੈਂਗਸਟਰਾਂ ਦੀਆਂ ਵੱਧਦੀਆਂ ਘਟਨਾਵਾਂ ਦੇ ਮੁੱਦੇ ਉਤੇ ਸੂਬੇ ਦੀਆਂ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਬੀਜੇਪੀ ਤੇ ਬਸਪਾ ਲਗਾਤਾਰ ਸਰਕਾਰ ਨੂੰ ਘੇਰ ਰਹੀਆਂ ਹਨ।

ਅਪਰਾਧੀਆਂ, ਖ਼ਾਸ ਤੌਰ 'ਤੇ ਗੈਂਗਸਟਰਾਂ ਦੀਆਂ ਤਾਰਾਂ ਸੱਤ ਸਮੁੰਦਰ ਪਾਰ ਵਿਦੇਸ਼ਾਂ ਨਾਲ ਜੁੜੀਆਂ ਹੋਈਆਂ ਹਨ। ਅਜਿਹੇ ਤਾਣੇ-ਬਾਣੇ ਨੂੰ ਤਾਰ-ਤਾਰ ਕਰਨਾ ਪੰਜਾਬ ਪੁਲਿਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸੂਬੇ ਵਿਚ ਸਨਅਤ-ਕਾਰੋਬਾਰ ਬਿਹਤਰ ਤਰੀਕੇ ਨਾਲ ਜਾਰੀ ਰਹਿਣ, ਇਸ ਲਈ ਇਹ ਜ਼ਰੂਰੀ ਹੈ ਕਿ ਗੈਂਗਸਟਰਾਂ ਦੀ ਲਗਾਮ ਕੱਸੀ ਜਾਵੇ। ਸੂਬਾ ਸਰਕਾਰ ਨੂੰ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਫ਼ੌਰੀ ਤੌਰ 'ਤੇ ਬੇਹੱਦ ਸਖ਼ਤ ਕਦਮ ਚੁੱਕਣੇ ਹੋਣਗੇ ਤਾਂ ਜੋ ਬੇਲਗਾਮ ਹੋਏ ਅਪਰਾਧੀਆਂ ਨੂੰ ਨੱਥ ਪੈ ਸਕੇ ਅਤੇ ਪੰਜਾਬੀਆਂ ਵਿਚ ਪਸਰੀ ਜਾਨ-ਮਾਲ ਦੀ ਅਸੁਰੱਖਿਆ ਵਾਲੀ ਭਾਵਨਾ ਨੂੰ ਠੱਲ੍ਹ ਪੈ ਸਕੇ।



### ਕੋਟਭਾਈ ਤੋਂ ਅਗਵਾ ਕੀਤੇ 16 ਸਾਲਾ ਲੜਕੇ ਦੀ 30 ਲੱਖ ਫ਼ਿਰੌਤੀ ਲਈ ਹੱਤਿਆ

ਮੁਕਤਸਰ :- ਗਿੱਦੜਬਾਹਾ ਸਬ-ਡਵੀਜ਼ਨ ਦੇ ਪਿੰਡ ਕੋਟਭਾਈ ਤੋਂ 25 ਨਵੰਬਰ ਨੂੰ ਅਗਵਾ ਕੀਤੇ 16 ਸਾਲਾ ਲੜਕੇ ਦਾ ਕਥਿਤ ਤੌਰ 'ਤੇ 30 ਲੱਖ ਰੁਪਏ ਦੀ ਫਿਰੌਤੀ ਨਾ ਦੇਣ 'ਤੇ ਕਤਲ ਕਰ ਦਿੱਤਾ ਗਿਆ। ਹਰਮਨਦੀਪ ਸਿੰਘ ਦੇ ਪਰਿਵਾਰ ਨੂੰ ਅਗਵਾਕਾਰਾਂ ਵੱਲੋਂ ਪੈਸੇ ਦੇਣ ਜਾਂ ਗੰਭੀਰ ਨਤੀਜੇ ਭੁਗਤਣ ਲਈ ਕੁਝ ਫੋਨ ਕਾਲਾਂ ਅਤੇ ਦੋ ਚਿੱਠੀਆਂ ਆਈਆਂ ਸਨ। ਹਾਲਾਂਕਿ ਪਰਿਵਾਰ ਨੇ ਉਸੇ ਦਿਨ ਪੁਲਿਸ ਨੂੰ ਮਾਮਲੇ ਦੀ ਸੂਚਨਾ ਦਿੱਤੀ ਸੀ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ, ਕੁਝ ਵਿਅਕਤੀਆਂ ਨੂੰ ਹਿਰਾਸਤ ਵਿੱਚ ਵੀ ਲਿਆ ਸੀ ਪਰ ਫਿਰ ਵੀ ਅਗਵਾਕਾਰਾਂ ਨੇ ਲੜਕੇ ਦਾ ਕਤਲ ਕਰ ਦਿੱਤਾ। ਸੂਤਰਾਂ ਨੇ ਦੱਸਿਆ ਕਿ ਲੜਕੇ ਦੀ ਹੱਤਿਆ ਕਰੀਬ 10 ਦਿਨ ਪਹਿਲਾਂ ਕੀਤੀ ਗਈ ਸੀ ਪਰ ਇਕ ਮਸ਼ਕੂਕ ਨੇ ਪੁਲਿਸ ਦੇ ਸਾਹਮਣੇ ਬੀਤੇ ਦਿਨ ਇਹ ਗੱਲ ਕਬੂਲ ਕਰ ਲਈ। ਮੁਕਤਸਰ ਦੇ ਐੱਸਐੱਸਪੀ ਓਪਿੰਦਰਜੀਤ ਸਿੰਘ ਘੁੰਮਣ ਨੇ ਕਿਹਾ, ਮੁਲਜ਼ਮਾਂ ਨੇ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ ਲੜਕੇ ਦਾ ਕਤਲ ਕੀਤਾ ਹੈ। ਪੰਜ ਮੁਲਜ਼ਮ ਹਿਰਾਸਤ ਵਿੱਚ ਹਨ।

# ਦਲ ਖ਼ਾਲਸਾ ਵੱਲੋਂ ਬੇਅਦਬੀ ਘਟਨਾ ਦੀ ਯਾਦ 'ਚ ਦਰਬਾਰ ਸਾਹਿਬ ਵਿਖੇ ਕੀਤੀ ਅਰਦਾਸ

## ਸਾਲ ਪਹਿਲਾਂ ਵਾਪਰੀ ਘਟਨਾ ਦੇ ਸਾਜ਼ਿਸ਼ਕਰਤਾ ਨੂੰ ਫੜਨ ਵਿਚ ਅਸਫਲ ਰਹਿਣ 'ਤੇ ਪੁਲਿਸ ਦੀ ਕੀਤੀ ਆਲੋਚਨਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਇੱਕ ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਦੀ ਯਾਦ ਵਿੱਚ ਸਿੱਖ ਜਥੇਬੰਦੀ ਦਲ ਖ਼ਾਲਸਾ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਗਈ। ਇਸ ਮੌਕੇ ਸਰਕਾਰ ਅਤੇ ਪੁਲਿਸ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ 'ਤੇ ਇੱਕ ਦਸਤਾਵੇਜ਼ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਬਾਹਰ ਜਾਰੀ ਕੀਤਾ ਗਿਆ। ਪੱਤਰ ਵਿੱਚ ਸਿੱਖ ਜਥੇਬੰਦੀ ਨੇ ਬੇਅਦਬੀ ਦੇ ਮੁੱਖ ਸਾਜਿਸ਼ਕਰਤਾ ਨੂੰ ਬੇਨਕਾਬ ਕਰਨ ਅਤੇ ਫੜਨ ਵਿੱਚ ਨਾਕਾਮ ਰਹਿਣ ਲਈ ਪੰਜਾਬ ਸਰਕਾਰ ਅਤੇ ਪੁਲਿਸ ਦੀ ਨਿਖੇਧੀ ਕਰਦਿਆਂ ਸਿਆਸੀ ਅਤੇ ਸੁਰੱਖਿਆ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਾਕਾਮ ਕਰਾਰ ਦਿੱਤਾ।

ਇਸ ਪੱਤਰ ਦੀ ਇੱਕ ਕਾਪੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਦਿੱਤੀ ਗਈ ਹੈ। ਜਥੇਬੰਦੀ ਦੇ ਆਗੂ ਪਰਮਜੀਤ ਸਿੰਘ ਟਾਂਡਾ, ਹਰਚਰਨਜੀਤ ਸਿੰਘ ਧਾਮੀ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਅਫ਼ਸੋਸ ਵਾਲੀ ਗੱਲ ਹੈ ਕਿ ਪੁਲਿਸ ਅਤੇ ਇਸ ਦਾ ਖ਼ੁਫ਼ੀਆ ਵਿੰਗ ਅੱਜ ਤੱਕ ਇਸ ਕੇਸ ਨੂੰ ਸੁਲਝਾਉਣ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਅਸਫਲਤਾ ਵਾਸਤੇ ਮੁੱਖ ਮੰਤਰੀ, ਗ੍ਰਹਿ ਸਕੱਤਰ ਅਤੇ ਡੀਜੀਪੀ ਜਨਤਕ ਤੌਰ 'ਤੇ ਬਿਆਨ ਜਾਰੀ ਕਰ ਕੇ ਆਪਣਾ ਪੱਖ ਰੱਖਣ।




ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਪੁਲਿਸ ਨੇ ਬੇਅਦਬੀ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਸੀ। ਕੇਸ ਦੀ ਜਾਂਚ ਕਰਨ ਲਈ ਸਿੱਟ ਦਾ ਗਠਨ ਵੀ ਕੀਤਾ ਗਿਆ ਸੀ। ਸਿੱਖ ਆਗੂਆਂ ਨੇ ਕਿਹਾ ਕਿ ਜਿਸ ਤਰ੍ਹਾਂ ਬੇਅਦਬੀ ਕਰਨ ਵਾਲੇ ਵਿਅਕਤੀ ਨੇ ਰੇਲਿੰਗ ਤੋਂ ਛਾਲ ਮਾਰੀ ਤੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰੱਖੀ ਕ੍ਰਿਪਾਨ ਚੁੱਕੀ, ਇਸ ਤੋਂ ਇਹ ਜਾਪਦਾ ਹੈ ਜਿਵੇਂ ਉਸ ਨੇ ਲੋੜੀਂਦੀ ਸਿਖਲਾਈ ਪ੍ਰਾਪਤ ਕੀਤੀ ਹੋਵੇ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਦੇ ਪਿੱਛੇ ਇੱਕ ਭਿਆਨਕ ਸਾਜਿਸ਼ ਨਜ਼ਰ ਆਉਂਦੀ ਹੈ।

ਇਸ ਦੌਰਾਨ ਪੁਲਿਸ ਦੇ ਡੀਸੀਪੀ ਪਰਮਿੰਦਰ ਸਿੰਘ ਭੰਡਾਲ ਨੇ ਆਖਿਆ ਕਿ ਸੂਬਾ ਪੁਲਿਸ ਵੱਲੋਂ ਇਸ ਮਾਮਲੇ ਵਿਚ ਦੇਸ਼ ਦੇ ਹੋਰਾਂ ਸੂਬਿਆਂ ਦੀ ਪੁਲਿਸ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਪੰਜਾਬ ਪੁਲਿਸ ਨੇ ਦੇਸ਼ ਭਰ ਵਿਚ ਵਿਅਕਤੀ ਦੀ ਤਸਵੀਰ ਤੇ ਹੋਰ ਵੇਰਵੇ ਸਾਂਝੇ ਕੀਤੇ ਗਏ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਬਣਿਆ ਹੋਇਆ ਹੈ। ਮੁਲਜ਼ਮ ਦੀ ਜਾਣਕਾਰੀ ਦੇਣ ਵਾਲੇ ਨੂੰ ਸਿੱਖ ਸੰਸਥਾ ਵੱਲੋਂ 5 ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਹੈ।

# ਕੰਵਰ ਗਰੇਵਾਲ ਅਤੇ ਰਣਜੀਤ ਬਾਵਾ ਦੇ ਘਰਾਂ 'ਤੇ ਇਨਕਮ ਟੈਕਸ ਦੇ ਛਾਪੇ

## ਕੀ ਛਾਪਿਆਂ ਦਾ ਸਬੰਧ ਕਿਸਾਨ ਅੰਦੋਲਨ ਨਾਲ ?

ਚੰਡੀਗੜ੍ਹ/ਏ.ਟੀ.ਨਿਊਜ਼ :- ਇਨਕਮ ਟੈਕਸ ਵਿਭਾਗ (ਆਈਟੀ) ਦੀਆਂ ਟੀਮਾਂ ਵੱਲੋਂ ਬੀਤੇ ਦਿਨੀਂ ਪੰਜਾਬੀ ਗਾਇਕਾਂ ਕੰਵਰ ਗਰੇਵਾਲ ਤੇ ਰਣਜੀਤ ਬਾਵਾ ਦੇ ਘਰਾਂ 'ਤੇ ਮਾਰੇ ਛਾਪੇ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਦੋਵਾਂ ਗਾਇਕਾਂ ਨੇ ਕਿਸਾਨ ਅੰਦੋਲਨ ਦੌਰਾਨ ਮੋਦੀ ਸਰਕਾਰ ਖਿਲਾਫ ਡਟ ਕੇ ਸਟੈਂਡ ਲਿਆ ਸੀ। ਇਨ੍ਹਾਂ ਦੇ ਗੀਤਾਂ ਨੇ ਕਿਸਾਨ ਅੰਦੋਲਨ ਨੂੰ ਕਾਫੀ ਹੁਲਾਰਾ ਦਿੱਤਾ ਸੀ। ਹੁਣ ਸੋਸ਼ਲ ਮੀਡੀਆ ਉੱਪਰ ਚਰਚਾ ਹੈ ਕਿ ਗਾਇਕਾਂ ਵੱਲੋਂ ਸਰਕਾਰ ਖਿਲਾਫ ਆਵਾਜ਼ ਉਠਾਉਣ ਕਰਕੇ ਹੀ ਛਾਪੇ ਮਰਵਾਏ ਜਾ ਰਹੇ ਹਨ।

ਦੱਸ ਦਈਏ ਕਿ ਸੋਮਵਾਰ ਨੂੰ ਮੁਹਾਲੀ ਵਿੱਚ ਰਹਿੰਦੇ ਪੰਜਾਬੀ ਗਾਇਕ ਕੰਵਰ ਗਰੇਵਾਲ ਤੇ ਰਣਜੀਤ ਬਾਵਾ ਦੇ ਘਰਾਂ 'ਤੇ ਛਾਪੇ ਮਾਰੇ ਗਏ ਸੀ। ਕੇਂਦਰੀ ਟੀਮ ਨੇ ਕੰਵਰ ਗਰੇਵਾਲ ਦੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਹਿਮਾ ਸਵਾਈ ਵਿਚਲੇ ਘਰ 'ਤੇ ਵੀ ਛਾਪਾ ਮਾਰਿਆ ਸੀ। ਇਨਕਮ ਟੈਕਸ ਵਿਭਾਗ ਦੀ ਟੀਮ ਨੇ ਕੰਵਰ ਗਰੇਵਾਲ ਦੇ ਮੁਹਾਲੀ ਦੇ ਸੈਕਟਰ-104 ਵਿਚਲੇ ਤਾਜ ਟਾਵਰ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ ਸੀ। ਇਸ ਦੌਰਾਨ ਮੁਹਾਲੀ ਪੁਲਿਸ ਸਮੇਤ ਸੀਆਰਪੀਐਫ਼ ਦੇ ਜਵਾਨ ਵੀ ਤਾਇਨਾਤ ਰਹੇ ਸੀ। ਅਧਿਕਾਰੀਆਂ ਨੇ ਕੰਵਰ ਗਰੇਵਾਲ ਤੋਂ ਪੁੱਛ-ਪੜਤਾਲ ਕੀਤੀ। ਦੂਜੇ ਪਾਸੇ ਆਮਦਨ ਕਰ ਵਿਭਾਗ ਦੀ ਟੀਮ ਨੇ ਕੰਵਰ ਗਰੇਵਾਲ ਦੇ ਪਿੰਡ ਮਹਿਮਾ ਸਵਾਈ (ਬਠਿੰਡਾ) ਵਿਚਲੇ ਘਰ ਵਿਚ ਛਾਪਾ ਮਾਰਿਆ ਸੀ। ਸਵੇਰੇ 8.30 ਵਜੇ ਪਿੰਡ ਮਹਿਮਾ ਸਵਾਈ ਪਹੁੰਚੀ ਕੇਂਦਰੀ ਟੀਮ ਨਾਲ ਵੱਡੀ ਗਿਣਤੀ ਵਿਚ ਸੁਰੱਖਿਆ ਮੁਲਾਜ਼ਮ ਵੀ ਸਨ। ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਟੀਮ ਨੇ ਗਾਇਕ ਦੇ ਪਿਤਾ ਬੇਅੰਤ ਸਿੰਘ ਗਰੇਵਾਲ ਤੋਂ ਤਕਰੀਬਨ 10 ਘੰਟੇ ਤੋਂ ਵੱਧ ਸਮਾਂ ਪੁੱਛ ਪੜਤਾਲ ਕੀਤੀ ਅਤੇ ਘਰ ਦੀ ਤਲਾਸ਼ੀ ਲਈ। ਇਸ ਮੌਕੇ ਪਿੰਡ ਦੇ ਸਰਪੰਚ ਜਸਵੰਤ ਸਿੰਘ ਬਰਾੜ ਵੀ ਮੌਜੂਦ ਰਹੇ। ਜਾਂਚ ਟੀਮ ਦੇ ਇੱਕ ਅਧਿਕਾਰੀ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਆਈਟੀ ਟੀਮ ਵੱਲੋਂ ਛਾਪੇ ਮਾਰੇ ਗਏ ਹਨ ਜਿਸ ਦੀ ਅਗਵਾਈ ਡਾਇਰੈਕਟਰ ਜਰਨਲ ਅਨੁਭਵ ਅਗਨੀਹੋਤਰੀ ਕਰ ਰਹੇ ਹਨ।ਇਸੇ ਤਰ੍ਹਾਂ ਕੇਂਦਰੀ ਟੀਮ ਨੇ ਇੱਥੋਂ ਦੇ ਸੈਕਟਰ-69 ਵਿੱਚ ਰਹਿੰਦੇ ਰਣਜੀਤ ਬਾਵਾ ਦੇ ਘਰ ਦੀ ਛਾਣਬੀਣ ਕੀਤੀ ਗਈ। ਇਸ ਦੇ ਨਾਲ ਹੀ ਇਨਕਮ ਟੈਕਸ ਵਿਭਾਗ ਨੇ ਰਣਜੀਤ ਬਾਵਾ ਦੇ ਬਟਾਲਾ ਦੇ ਪਿੰਡ ਵਡਾਰਾ ਗ੍ਰੰਥੀਆਂ ਵਿਚਲੇ ਜੱਦੀ ਘਰ, ਗ੍ਰੇਟਰ ਕੈਲਾਸ਼ ਸਥਿਤ ਕੋਠੀ ਤੇ ਉਸ ਦੇ ਮੈਨੇਜਰ ਡਿਪਟੀ ਵੋਹਰਾ ਦੇ ਘਰ ਛਾਪੇ ਮਾਰੇ। ਪੁਲਿਸ ਦੀ ਸਖਤ ਸੁਰੱਖਿਆ 'ਚ ਕੀਤੀ ਕਾਰਵਾਈ ਦੌਰਾਨ ਕੇਂਦਰੀ ਟੀਮਾਂ ਨੇ ਗਾਇਕ ਦੇ ਦੋਵਾਂ ਘਰਾਂ ਵਿਚ ਕਰੀਬ 6-7 ਘੰਟੇ ਫਰੋਲਾ-ਫਰਾਲੀ ਕੀਤੀ।





ਇਸੇ ਤਰ੍ਹਾਂ ਕੇਂਦਰੀ ਟੀਮ ਨੇ ਇੱਥੋਂ ਦੇ ਸੈਕਟਰ-69 ਵਿੱਚ ਰਹਿੰਦੇ ਰਣਜੀਤ ਬਾਵਾ ਦੇ ਘਰ ਦੀ ਛਾਣਬੀਣ ਕੀਤੀ ਗਈ। ਸੂਤਰਾਂ ਦੀ ਜਾਣਕਾਰੀ ਅਨੁਸਾਰ ਇਨਕਮ ਟੈਕਸ ਵਿਭਾਗ ਨੇ ਜਦੋਂ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਤਾਂ ਉਸ ਸਮੇਂ ਰਣਜੀਤ ਬਾਵਾ ਘਰ ਵਿੱਚ ਮੌਜੂਦ ਨਹੀਂ ਸੀ।

ਉਧਰ ਸੂਤਰਾਂ ਦੀ ਜਾਣਕਾਰੀ ਅਨੁਸਾਰ ਗਾਇਕ ਕੋਲੋਂ ਗੈਂਗਸਟਰਾਂ ਦੇ ਪੰਜਾਬੀ ਸੰਗੀਤ ਇੰਡਸਟਰੀਜ਼ ਵਿੱਚ ਦਖ਼ਲ ਅਤੇ ਕੁਝ ਗਾਇਕਾਂ ਨਾਲ ਕਥਿਤ ਸਬੰਧਾਂ ਬਾਰੇ ਉਨ੍ਹਾਂ ਨੂੰ ਮਿਲਦੀਆਂ ਧਮਕੀਆਂ ਬਾਰੇ ਸਵਾਲ ਕੀਤੇ ਗਏ। ਘਰ ਵਿਚ ਫਰੋਲਾ ਫਰਾਲੀ ਕੀਤੀ ਪਰ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ।

# ਕੰਟਰੈਕਟ ਵਿਆਹ ਪਰਵਾਸੀ ਪੰਜਾਬੀਆਂ ਲਈ ਵੱਡੀ ਚਿੰਤਾ ਬਣਿਆ

ਚੰਡੀਗੜ੍ਹ/ਏ.ਟੀ.ਨਿਊਜ਼ :- ਪਰਵਾਸੀ ਭਾਰਤੀਆਂ ਲਈ ਕੰਟਰੈਕਟ ਵਿਆਹ ਕਾਰਨ ਨਵੀਂ ਸਮੱਸਿਆ ਖੜ੍ਹੀ ਹੋ ਰਹੀ ਹੈ। ਇਸ ਨਾਲ ਝਗੜੇ ਕਾਫੀ ਵਧ ਰਹੇ ਹਨ। ਅਜਿਹੇ ਕੇਸਾਂ ਵਿੱਚ ਆਇਲੈਟਸ ਪਾਸ ਕੁੜੀ ਨਾਲ ਕੰਟਰੈਕਟ ਵਿਆਹ ਕਰਕੇ ਮੁੰਡੇ ਵਾਲੇ ਉਸ ਨੂੰ ਬਾਹਰ ਤਾਂ ਭੇਜ ਦਿੰਦੇ ਹਨ ਪਰ ਬਾਅਦ ਵਿੱਚ ਆਪਸੀ ਝਗੜੇ ਵਧ ਜਾਂਦੇ ਹਨ। ਕੁੜੀ, ਮੁੰਡੇ ਨੂੰ ਬਾਹਰ ਲਿਜਾਣ ਤੋਂ ਮੁੱਕਰ ਜਾਂਦੀ ਹੈ। ਇਹ ਮੁੱਦਾ 'ਐਨਆਰਆਈ ਪੰਜਾਬੀਆਂ ਨਾਲ ਮਿਲਣੀ' ਦੌਰਾਨ ਉੱਭਰ ਕੇ ਸਾਹਮਣੇ ਆਇਆ। ਪੰਜਾਬ-ਹਰਿਆਣਾ ਹਾਈਕੋਰਟ ਨੇ ਵੀ ਕਿਹਾ ਸੀ ਕਿ ਪੰਜਾਬ ਵਿੱਚ ਵਿਆਹ ਕੰਟਰੈਕਟ ਦੇ ਰੰਗ ਵਿੱਚ ਰੰਗ ਰਹੇ ਹਨ। ਇਹ ਵਿਆਹ ਪੰਜਾਬ ਨੂੰ ਬਦਨਾਮੀ ਦੇ ਰਹੇ ਹਨ। ਜਸਟਿਸ ਫਤਿਹਦੀਪ ਸਿੰਘ ਨੇ ਫ਼ੈਸਲੇ ਵਿੱਚ ਸਖ਼ਤ ਟਿੱਪਣੀ ਕਰਦੇ ਹੋਏ ਕਿਹਾ ਸੀ ਕਿ ਸਮਾਜ ਦੀ ਸਚਾਈ ਨਾਲ ਅੱਖਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ। ਜਿੱਥੇ ਵਿਆਹ ਹੁਣ ਇੱਕ ਕੰਟਰੈਕਟ ਬਣ ਕੇ ਰਹਿ ਗਏ ਹਨ। ਵਿਦੇਸ਼ ਵਿੱਚ ਸੈੱਟ ਹੋਣ ਦੀ ਇੱਛਾ ਲੈ ਕੇ ਵਿਆਹ ਤੋਂ ਪਹਿਲਾਂ ਹੀ ਕੰਟਰੈਕਟ ਕਰਕੇ ਵਿਆਹ ਕੀਤੇ ਜਾ ਰਹੇ ਹਨ। ਪੰਜਾਬ ਵਿੱਚ ਅਜਿਹੇ ਵਿਆਹ ਤੇਜ਼ੀ ਨਾਲ ਵੱਧ ਰਹੇ ਹਨ।



ਦੱਸ ਦਈਏ ਕਿ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਮਿਟੀ ਯੂਨੀਵਰਸਿਟੀ ਵਿੱਚ ਕਰਵਾਏ ਗਏ 'ਐਨਆਰਆਈ ਪੰਜਾਬੀਆਂ ਨਾਲ ਮਿਲਣੀ' ਪ੍ਰੋਗਰਾਮ ਮੌਕੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਸਮਾਗਮ ਵਿੱਚ ਮੁਹਾਲੀ ਸਮੇਤ ਰੂਪਨਗਰ, ਫ਼ਤਿਹਗੜ੍ਹ ਸਾਹਿਬ ਤੇ ਪਟਿਆਲਾ ਜ਼ਿਲ੍ਹਿਆਂ ਨਾਲ ਸਬੰਧਿਤ ਪਰਵਾਸੀ ਪੰਜਾਬੀਆਂ ਨੇ ਸ਼ਿਰਕਤ ਕੀਤੀ ਤੇ ਆਪਣੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ।

# ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਸੰਪੂਰਨ ਹੋਣ ਬਾਅਦ ਜਥੇਦਾਰ ਲੰਗਾਹ ਦੀ ਪੰਥ ਵਿਚ ਹੋਈ ਵਾਪਸੀ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਗਾਈ ਗਈ 21 ਦਿਨਾਂ ਦੀ ਧਾਰਮਿਕ ਤਨਖ਼ਾਹ ਦੇ ਮੁਕੰਮਲ ਹੋਣ ਉਪਰੰਤ ਜਥੇ: ਸੁੱਚਾ ਸਿੰਘ ਲੰਗਾਹ ਦੀ ਪੰਥ ਵਿਚ ਮੁੜ ਵਾਪਸੀ ਹੋ ਗਈ ਹੈ। ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਜਥੇ: ਲੰਗਾਹ ਵੱਲੋਂ ਸਾਰੀਆਂ ਸੇਵਾਵਾਂ ਮੁਕੰਮਲ ਕਰਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਥੀਆਂ ਸਮੇਤ ਅਰਦਾਸ ਕੀਤੇ ਜਾਣ ਉਪਰੰਤ ਜਥੇ: ਲੰਗਾਹ ਨੇ ਕਿਹਾ ਕਿ ਉਹ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਦੇ ਨਾਲ ਹੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੰਘ ਸਾਹਿਬਾਨ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਮੇਰੇ ਵਿਰੋਧੀਆਂ ਨੇ ਮੈਨੂੰ ਸਿਆਸਤ ਤੋਂ ਦੂਰ ਕਰਕੇ ਗੁਰੂ ਚਰਨਾਂ ਨਾਲ ਜੁੜਨ ਦਾ ਮੌਕਾ ਬਖ਼ਸ਼ਿਆ ਹੈ, ਇਸ ਲਈ ਮੈਂ ਉਨ੍ਹਾਂ ਦਾ ਵੀ ਸ਼ੁਕਰਗੁਜ਼ਾਰ ਹਾਂ। ਆਪਣੀ ਭਵਿੱਖ ਦੀ ਸਿਆਸੀ ਰਣਨੀਤੀ ਬਾਰੇ ਪੁੱਛੇ ਸੁਆਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਿਆਸਤ ਵਿਚ ਮੁੜ ਕਾਰਜਸ਼ੀਲ ਹੋਣ ਬਾਰੇ ਫ਼ੈਸਲਾ ਪਾਰਟੀ ਨੇ ਕਰਨਾ ਹੈ। ਜੇਕਰ ਪਾਰਟੀ ਮੇਰੀ ਲੋੜ ਮਹਿਸੂਸ ਕਰੇਗੀ ਤਾਂ ਸਾਥੀਆਂ ਸਮੇਤ ਪੰਥ ਤੇ ਪਾਰਟੀ ਦੀ ਸੇਵਾ ਲਈ ਜ਼ਰੂਰ ਹਾਜ਼ਰ ਹੋਵਾਂਗਾ, ਪਰ ਮਰਦੇ ਦਮ ਤੱਕ ਪੰਥ ਅਤੇ ਅਕਾਲੀ ਦਲ ਨਾਲ ਜੁੜਿਆ ਰਹਾਂਗਾ।



# ਪੰਜਾਬ ਨੇ ਪਾਸਪੋਰਟ ਬਣਵਾਉਣ 'ਚ ਵੱਡੇ ਵੱਡੇ ਸੂਬਿਆਂ ਨੂੰ ਵੀ ਪਛਾੜਿਆ

**➢ ਸੂਬੇ ਵਿੱਚ ਹਰ ਚੌਥੇ ਪੰਜਾਬੀ ਕੋਲ ਹੈ ਪਾਸਪੋਰਟ ➢ ਤਿੰਨ ਕਰੋੜ ਦੀ ਅਬਾਦੀ ਵਾਲੇ ਸੂਬੇ ਪੰਜਾਬ ਵਿੱਚ 77.17 ਲੱਖ ਲੋਕਾਂ ਕੋਲ ਪਾਸਪੋਰਟ**




ਚੰਡੀਗੜ੍ਹ/ਏ.ਟੀ.ਨਿਊਜ਼ :- ਪਾਸਪੋਰਟ ਬਣਵਾਉਣ ਵਿੱਚ ਪੰਜਾਬ ਨੇ ਵੱਡੇ ਵੱਡੇ ਸੂਬਿਆਂ ਨੂੰ ਵੀ ਪਛਾੜ ਦਿੱਤਾ ਹੈ। ਭਾਵੇਂ ਮਜਬੂਰੀ ਕਹਿ ਲਓ ਜਾਂ ਫਿਰ ਵਿਦੇਸ਼ ਜਾਣ ਦਾ ਸ਼ੌਕ, ਪਰ ਪੰਜਾਬ ਦੇ ਔਸਤਨ ਹਰ ਚੌਥੇ ਵਿਅਕਤੀ ਕੋਲ ਅੱਜ ਪਾਸਪੋਰਟ ਹੈ। ਸਟੱਡੀ ਵੀਜ਼ੇ 'ਤੇ ਜਾਣ ਦੇ ਇੱਛੁਕਾਂ ਦੇ ਪਾਸਪੋਰਟਾਂ ਦੇ ਤਾਂ ਢੇਰ ਲੱਗ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵੇਲੇ ਲਗਭਗ ਤਿੰਨ ਕਰੋੜ ਦੀ ਆਬਾਦੀ ਵਾਲੇ ਸੂਬੇ ਪੰਜਾਬ ਵਿੱਚ 77.17 ਲੱਖ ਲੋਕਾਂ ਕੋਲ ਪਾਸਪੋਰਟ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਦਿੱਤੇ ਗਏ ਤਾਜ਼ਾ ਵੇਰਵਿਆਂ ਅਨੁਸਾਰ ਦੇਸ਼ ਭਰ ਵਿੱਚ 9.58 ਕਰੋੜ ਪਾਸਪੋਰਟ ਹੋਲਡਰ ਹਨ ਤੇ ਪੰਜਾਬ ਇਸ ਸੂਚੀ ਵਿੱਚ ਸਮੁੱਚੇ ਦੇਸ਼ 'ਚੋਂ ਚੌਥੇ ਨੰਬਰ 'ਤੇ ਆਉਂਦਾ ਹੈ। ਪਹਿਲੇ ਨੰਬਰ 'ਤੇ 1.12 ਕਰੋੜ ਪਾਸਪੋਰਟਾਂ ਨਾਲ ਕੇਰਲਾ ਹੈ, ਜਦਕਿ ਦੂਸਰਾ ਨੰਬਰ 1.04 ਕਰੋੜ ਪਾਸਪੋਰਟਾਂ ਨਾਲ ਮਹਾਰਾਸ਼ਟਰ ਦਾ ਹੈ। ਉੱਤਰ ਪ੍ਰਦੇਸ਼ ਵਿੱਚ 87.03 ਲੱਖ ਪਾਸਪੋਰਟ ਬਣੇ ਹਨ, ਜੋ ਤੀਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਪੰਜਾਬ 67.26 ਲੱਖ ਪਾਸਪੋਰਟਾਂ ਨਾਲ ਚੌਥੇ ਸਥਾਨ 'ਤੇ ਹੈ। ਦਿੱਲੀ ਵਿਚ 39.06 ਲੱਖ ਤੇ ਚੰਡੀਗੜ੍ਹ ਵਿਚ 3.16 ਲੱਖ ਪਾਸਪੋਰਟ ਹਨ। ਗ਼ੌਰਤਲਬ ਹੈ ਕਿ ਜਦੋਂ ਤੋਂ ਸਟੱਡੀ ਵੀਜ਼ੇ ਦਾ ਰੁਝਾਨ ਵਧਿਆ ਹੈ, ਉਦੋਂ ਤੋਂ ਪੰਜਾਬ ਪੁਲੀਸ ਦਾ ਵੈਰੀਫਿਕੇਸ਼ਨ ਦਾ ਕੰਮ ਵੀ ਤੇਜ਼ੀ ਨਾਲ ਵਧਿਆ ਹੈ। ਪੰਜਾਬ ਦੇ ਪਿੰਡਾਂ 'ਚੋਂ ਵੱਡੀ ਗਿਣਤੀ ਨੌਜਵਾਨ ਸਟੱਡੀ ਵੀਜ਼ੇ 'ਤੇ ਪਰਵਾਸ ਕਰ ਰਹੇ ਹਨ। ਜਾਣਕਾਰੀ ਅਨੁਸਾਰ 2017 ਤੋਂ ਸਟੱਡੀ ਵੀਜ਼ੇ 'ਤੇ ਜਾਣ ਵਾਲਿਆਂ ਦਾ ਅੰਕੜਾ ਤੇਜ਼ੀ ਨਾਲ ਵਧਿਆ ਹੈ। 2022 ਦੇ ਨਵੰਬਰ ਮਹੀਨੇ ਤੱਕ 7.40 ਲੱਖ ਪਾਸਪੋਰਟ ਬਣ ਚੁੱਕੇ ਹਨ, ਜਦਕਿ 2021 ਵਿੱਚ 6.44 ਲੱਖ ਪਾਸਪੋਰਟ ਬਣਾਏ ਗਏ ਸਨ। ਜੇਕਰ ਜ਼ਿਲ੍ਹਾ ਵਾਰ ਨਜ਼ਰ ਮਾਰੀਏ ਤਾਂ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ 9.58 ਲੱਖ ਪਾਸਪੋਰਟ ਹਨ ਜਦਕਿ ਲੁਧਿਆਣਾ ਜ਼ਿਲ੍ਹੇ ਵਿੱਚ 7.28 ਲੱਖ, ਹੁਸ਼ਿਆਰਪੁਰ ਵਿੱਚ 5.67 ਲੱਖ, ਪਟਿਆਲਾ ਜ਼ਿਲ੍ਹੇ ਵਿੱਚ 4.88 ਲੱਖ, ਸੰਗਰੂਰ ਜ਼ਿਲ੍ਹੇ ਵਿੱਚ 3.20 ਲੱਖ, ਬਠਿੰਡਾ ਜ਼ਿਲ੍ਹੇ ਵਿੱਚ 2.47 ਲੱਖ ਤੇ ਮਾਨਸਾ ਜ਼ਿਲ੍ਹੇ ਵਿੱਚ 86,352 ਪਾਸਪੋਰਟ ਮੌਜੂਦ ਹਨ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਵਿੱਚ ਜਿਨ੍ਹਾਂ ਦੇ ਸਟੱਡੀ ਵੀਜ਼ੇ ਨਹੀਂ ਲੱਗੇ, ਉਨ੍ਹਾਂ ਵੱਲੋਂ ਆਪਣੇ ਪਾਸਪੋਰਟ ਰੀਨਿਊ ਵੀ ਨਹੀਂ ਕਰਵਾਏ ਗਏ। ਅੰਕੜਿਆਂ ਅਨੁਸਾਰ ਸਮੁੱਚੇ ਪੰਜਾਬ ਵਿੱਚ 5.62 ਲੱਖ ਪਾਸਪੋਰਟ ਹਨ, ਜੋ ਰੀਨਿਊ ਨਹੀਂ ਕਰਵਾਏ ਗਏ। ਇਸ ਵਿੱਚ ਲੁਧਿਆਣਾ ਜ਼ਿਲ੍ਹੇ ਦੇ 1.10 ਲੱਖ, ਜਲੰਧਰ ਜ਼ਿਲ੍ਹੇ ਦੇ 69489, ਹੁਸ਼ਿਆਰਪੁਰ ਜ਼ਿਲ੍ਹੇ ਦੇ 35,055, ਮੋਗਾ ਜ਼ਿਲ੍ਹੇ ਦੇ 30632, ਬਠਿੰਡਾ ਜ਼ਿਲ੍ਹੇ ਦੇ 20,889 ਤੇ ਬਰਨਾਲਾ ਜ਼ਿਲ੍ਹੇ ਦੇ 11,994 ਪਾਸਪੋਰਟ ਰੀਨਿਊ ਨਹੀਂ ਹੋਏ ਹਨ। ਇੱਕ ਪਾਸੇ ਪਾਸਪੋਰਟ ਬਣਵਾਉਣ ਵਾਲਿਆਂ ਤੋਂ ਵਿਦੇਸ਼ ਮੰਤਰਾਲੇ ਨੂੰ ਆਮਦਨ ਹੋ ਰਹੀ ਹੈ, ਉੱਥੇ ਪੰਜਾਬ ਪੁਲਿਸ ਨੂੰ ਵੀ ਵੈਰੀਫਿਕੇਸ਼ਨ ਬਦਲੇ ਪੈਸਾ ਮਿਲ ਰਿਹਾ ਹੈ। ਪੁਲਿਸ ਅਧਿਕਾਰੀ ਆਖਦੇ ਹਨ ਕਿ ਪਾਸਪੋਰਟ ਵੈਰੀਫਿਕੇਸ਼ਨ ਕਰਕੇ ਪੁਲਿਸ ਵਿਭਾਗ ਦਾ ਕੰਮ ਕਾਫ਼ੀ ਵੱਧ ਗਿਆ ਹੈ।

**ਸਕੂਲਾਂ-ਕਾਲਜਾਂ ਨਾਲੋਂ ਵਧੀ ਆਈਲੈਟਸ ਸੈਂਟਰਾਂ ਦੀ ਗਿਣਤੀ**

ਪੰਜਾਬ ਵਿਚ ਬੇਰੁਜ਼ਗਾਰੀ ਦੇ ਭਿਅੰਕਰ ਦੌਰ ਕਾਰਨ ਹੁਣ ਸਕੂਲਾਂ-ਕਾਲਜਾਂ ਨਾਲੋਂ ਆਈਲੈਟਸ ਸੈਂਟਰ ਜ਼ਿਆਦਾ ਖੁੱਲ੍ਹ ਚੁੱਕੇ ਹਨ। ਕਾਲਜ ਬੰਦ ਹੋ ਰਹੇ ਹਨ, ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਸਕੂਲ ਦੀ ਪੜ੍ਹਾਈ ਖ਼ਤਮ ਹੁੰਦਿਆਂ ਹੀ ਆਈਲੈਟਸ ਕਰਵਾ ਕੇ ਬੱਚਿਆਂ ਨੂੰ ਵਿਦੇਸ਼ ਭੇਜ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਅਜੇ ਉਮਰ ਖੇਡਣ ਦੀ ਹੁੰਦੀ ਹੈ ਪਰ ਵਿਦੇਸ਼ ਜਾ ਕੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ- ਨਾਲ ਕੰਮ ਕਰਨਾ ਤੇ ਆਪਣੀਆਂ ਫੀਸਾਂ ਦਾ ਵੀ ਉਨ੍ਹਾਂ ਨੂੰ ਆਪ ਹੀ ਦੇਖਣਾ ਪੈਂਦਾ ਹੈ। ਅੱਜਕੱਲ੍ਹ ਵਿਦੇਸ਼ ਦੇ ਨਾਂ 'ਤੇ ਵਿਆਹਾਂ ਦੇ ਸੌਦੇ ਹੋਣ ਲੱਗ ਪਏ ਹਨ। ਜੇ ਕੁੜੀ ਨੇ ਆਈਲੈਟਸ ਕੀਤੀ ਹੋਈ ਹੈ ਤਾਂ ਮੁੰਡੇ ਵਾਲੇ ਉਸ ਦਾ ਸਾਰਾ ਖ਼ਰਚ ਕਰ ਕੇ ਬਾਹਰ ਭੇਜਦੇ ਹਨ ਪਰ ਕੁਝ ਅਜਿਹੀਆਂ ਦੁਖਦਾਈ ਘਟਨਾਵਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਕੁੜੀਆਂ ਬਾਹਰ ਪੜ੍ਹਾਈ ਦੌਰਾਨ ਗ਼ਲਤ ਰਾਹ ਪੈ ਜਾਂਦੀਆਂ ਹਨ, ਜਿਸ ਕਰਕੇ ਉਹ ਪਿੱਛੇ ਪਰਿਵਾਰ ਨਾਲੋਂ ਵੀ ਟੁੱਟ ਜਾਂਦੀਆਂ ਹਨ ਤੇ ਆਪਣੇ ਪਤੀ ਜਿਸ ਨਾਲ ਵਿਆਹ ਕਰਵਾ ਕੇ ਉਨ੍ਹਾਂ ਨੂੰ ਵਿਦੇਸ਼ ਭੇਜਿਆ ਹੁੰਦਾ ਹੈ, ਉਨ੍ਹਾਂ ਨੂੰ ਵੀ ਛੱਡ ਦਿੰਦੀਆਂ ਹਨ। ਮੁੰਡਿਆਂ ਦੇ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿਹੜੇ ਆਪਣੀ ਪਤਨੀ ਨੂੰ ਧੋਖਾ ਦੇ ਕੇ ਬਾਹਰ ਕਿਸੇ ਹੋਰ ਨਾਲ ਵਿਆਹ ਕਰਵਾ ਲੈਂਦੇ ਹਨ ਤੇ ਪਿੱਛੇ ਪਰਿਵਾਰ ਤੇ ਬੱਚਿਆਂ ਨੂੰ ਰੋਲ ਦਿੰਦੇ ਹਨ। ਇੱਥੋਂ ਪੜ੍ਹਾਈ ਵਿਚ 90 ਫ਼ੀਸਦੀ ਅੰਕ ਪ੍ਰਾਪਤ ਕਰਨ ਵਾਲੇ ਹੁਸ਼ਿਆਰ ਵਿਦਿਆਰਥੀਆਂ ਦਾ ਵਿਦੇਸ਼ਾਂ 'ਚ ਜਾ ਵਸਣਾ ਪੰਜਾਬ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪੰਜਾਬ ਨੂੰ ਅੱਜ ਲੋੜ ਹੈ ਪੰਜਾਬ ਵਿਚ ਪੜ੍ਹੇ- ਲਿਖੇ ਨੌਜਵਾਨਾਂ ਦੀ ਜੋ ਆਪਣੇ ਖੇਤਰ 'ਚ ਹੋਰਾਂ ਬੱਚਿਆਂ ਦਾ ਮਾਰਗ ਦਰਸ਼ਨ ਕਰ ਸਕਣ। ਪੰਜਾਬ ਨੂੰ ਅੱਗੇ ਲੈ ਕੇ ਜਾਣ ਵਾਸਤੇ ਨੌਜਵਾਨੀ ਦੀ ਬਹੁਤ ਲੋੜ ਹੈ ਪਰ ਜੇ ਪੰਜਾਬ ਵਿਚੋਂ ਨੌਜਵਾਨ ਇਸੇ ਤਰ੍ਹਾਂ ਬਾਹਰ ਵੱਲ ਨੂੰ ਲਗਾਤਾਰ ਰੁਖ਼ ਕਰਦੇ ਰਹਿਣਗੇ ਤਾਂ ਪੰਜਾਬ ਪੰਜਾਬੀਆਂ ਤੇ ਜਵਾਨੂ ਤੋਂ ਖਾਲੀ ਹੋ ਜਾਵੇਗਾ। ਸੋ ਇਹ ਪੰਜਾਬ ਲਈ ਬਹੁਤ ਗੰਭੀਰ ਮਸਲਾ ਹੈ।

## ਕੈਨੇਡਾ ਰਹਿੰਦੇ ਪਰਵਾਸੀ ਪੰਜਾਬੀਆਂ ਨੂੰ ਵੀਜ਼ਾ ਲੈਣ 'ਚ ਕੇਂਦਰ ਸਰਕਾਰ ਨੇ ਰੁਕਾਵਟ ਪਾਈ

**➢ ਪਰਵਾਸੀ ਪੰਜਾਬੀਆਂ ਨੇ ਲਗਾਏ ਦੋਸ਼ ਕਿ ਕਿਸਾਨ ਅੰਦੋਲਨ ਦੀ 'ਕਿੜ' ਕੱਢ ਰਿਹਾ ਏ ਕੇਂਦਰ**

**➢ ਪ੍ਰਵਾਸੀ ਪੰਜਾਬੀਆਂ ਨੇ ਧਾਲੀਵਾਲ ਕੋਲ ਮੁੱਦਾ ਚੁੱਕਿਆ**




ਜਲੰਧਰ/ਏ.ਟੀ.ਨਿਊਜ਼ ਸੂਬਾ ਸਰਕਾਰ ਵੱਲੋਂ 'ਪੰਜਾਬੀ ਐਨਆਰਆਈਜ਼ ਨਾਲ ਮਿਲਣੀ' ਨਾਂ ਦੇ ਸ਼ੁਰੂ ਕੀਤੇ ਗਏ ਪ੍ਰੋਗਰਾਮ ਵਿੱਚ ਕੈਨੇਡਾ ਤੋਂ ਆਏ ਪ੍ਰਵਾਸੀ ਪੰਜਾਬੀਆਂ ਨੇ ਆਖਿਆ ਕਿ ਕਿਸਾਨ ਅੰਦੋਲਨ ਤੋਂ ਬਾਅਦ ਕੈਨੇਡਾ ਵਸਦੇ ਪੰਜਾਬੀਆਂ ਨੂੰ ਪੰਜਾਬ ਆਉਣਾ ਬਹੁਤ ਔਖਾ ਹੋ ਗਿਆ ਹੈ। ਕੈਨੇਡਾ ਤੋਂ ਆਏ ਪੰਜਾਬੀਆਂ ਨੇ ਇਹ ਖ਼ੁਲਾਸਾ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕੋਲ ਕੀਤਾ, ਜੋ ਐਨਆਰਆਈਜ਼ ਦੀਆਂ ਮੁਸ਼ਕਲਾਂ ਸੁਣ ਰਹੇ ਸਨ। ਪਰਵਾਸੀ ਪੰਜਾਬੀ ਫਰੈਂਡਜ਼ ਆਫ ਇੰਡੀਆ-ਕੈਨੇਡਾ ਦੇ ਪ੍ਰਧਾਨ ਮਨਿੰਦਰ ਗਿੱਲ ਨੇ ਕੈਨੇਡਾ ਤੋਂ ਪੰਜਾਬ ਆਉਣ ਲਈ ਈ-ਵੀਜ਼ਾ ਦੀ ਸਹੂਲਤ ਵਿੱਚ ਪਰਵਾਸੀ ਪੰਜਾਬੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਮਾਮਲਾ ਵੀ ਮੰਤਰੀ ਕੋਲ ਚੁੱਕਿਆ। ਉਨ੍ਹਾਂ ਕਿਹਾ ਕਿ ਕਈ ਪਰਿਵਾਰਾਂ ਨੇ ਆਪਣੇ ਬਜ਼ੁਰਗਾਂ ਦੀਆਂ ਅਸਥੀਆਂ ਲਿਆਉਣੀਆਂ ਹੁੰਦੀਆਂ ਹਨ ਪਰ ਉਨ੍ਹਾਂ ਨੂੰ ਵੀ ਵੀਜ਼ਾ ਲੈਣ ਵਿੱਚ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਪੰਜਾਬੀਆਂ ਨੇ ਕਿਸਾਨ ਅੰਦੋਲਨ ਦੀ ਖੁੱਲ੍ਹ ਕੇ ਮਦਦ ਕੀਤੀ ਸੀ, ਜਿਸ ਕਾਰਨ ਹੁਣ ਉਨ੍ਹਾਂ ਨੂੰ ਭਾਰਤ ਆਉਣ ਲੱਗਿਆਂ ਵੀਜ਼ੇ ਦੀ ਵੱਡੀ ਸਮੱਸਿਆ ਆ ਰਹੀ ਹੈ। ਪੰਜਾਬ ਵਿੱਚ 6 ਹਵਾਈ ਅੱਡੇ ਹੋਣ ਦੇ ਬਾਵਜੂਦ ਕਿਸੇ ਵੀ ਹਵਾਈ ਅੱਡੇ ਤੋਂ ਕੈਨੇਡਾ ਲਈ ਸਿੱਧੀ ਉਡਾਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਮਨਿੰਦਰ ਗਿੱਲ ਨੇ ਕਿਹਾ ਕਿ ਮੋਦੀ ਸਰਕਾਰ ਦੇ ਪਹਿਲੇ ਪੰਜ ਸਾਲਾਂ ਦੌਰਾਨ ਕਾਲੀ ਸੂਚੀ ਨੂੰ ਖ਼ਤਮ ਕਰ ਦਿੱਤਾ ਸੀ। ਉਹ ਖ਼ੁਦ ਵੀ 19 ਸਾਲਾਂ ਤੱਕ ਕਾਲੀ ਸੂਚੀ ਵਿੱਚ ਰਹੇ। ਕਾਲੀ ਸੂਚੀ ਖ਼ਤਮ ਹੋਣ ਤੋਂ ਬਾਅਦ ਗਰਮ-ਖ਼ਿਆਲੀ ਸਿੱਖ ਕਾਰਕੁਨ ਵੀ

(ਬਾਕੀ ਸਫ਼ਾ 34 'ਤੇ)

## ਹਜ਼ਾਰਾਂ ਪ੍ਰਸੰਸਕ ਸਿੱਧੂ ਮੂਸੇਵਾਲਾ ਦੀ 'ਦਿ ਲਾਸਟ ਰਾਈਡ-ਥਾਰ' ਦੇਖਣ ਪੁੱਜੇ

**ਗੋਲੀਆਂ ਨਾਲ ਵਿੰਨ੍ਹੀ ਥਾਰ ਪਿੰਡ ਮੂਸਾ ਪੁੱਜੀ ਦੇਖਕੇ ਗਾਇਕ ਦਾ ਪਿਤਾ ਬਲਕੌਰ ਸਿੰਘ ਭਾਵੁਕ ਹੋਏ**



ਮਾਨਸਾ/ਏ.ਟੀ.ਨਿਊਜ਼ :- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ 'ਦਿ ਲਾਸਟ ਰਾਈਡ-ਥਾਰ' ਨੂੰ ਪਰਿਵਾਰ ਨੇ ਕਤਲ ਦੇ ਪੌਣੇ ਸੱਤ ਮਹੀਨਿਆਂ ਬਾਅਦ ਹਵੇਲੀ ਵਿੱਚ ਹੋਰਾਂ ਯਾਦਗਾਰੀ ਵਾਹਨਾਂ ਨਾਲ ਖੜ੍ਹਾ ਦਿੱਤਾ ਹੈ ਤਾਂ ਕਿ ਗਾਇਕ ਦੇ ਪ੍ਰਸੰਸਕ ਥਾਰ ਨੂੰ ਦੇਖ ਸਕਣ।

ਬੀਤੇ ਦਿਨ ਜਦੋਂ ਗੋਲੀਆਂ ਨਾਲ ਵਿੰਨ੍ਹੀ ਇਹ ਥਾਰ ਪਿੰਡ ਮੂਸਾ ਪੁੱਜੀ ਸੀ ਤਾਂ ਗਾਇਕ ਦਾ ਪਿਤਾ ਬਲਕੌਰ ਸਿੰਘ ਭਾਵੁਕ ਹੋ ਗਿਆ ਸੀ। ਭਾਵੇਂ ਮੂਸੇਵਾਲਾ ਦੇ ਕੁਝ ਪ੍ਰਸੰਸਕ ਅਤੇ ਰਿਸ਼ਤੇਦਾਰ ਇਸ ਥਾਰ ਨੂੰ ਮਨਹੂਸ ਮੰਨਦੇ ਹਨ ਪਰ ਪਿਤਾ ਵੱਲੋਂ ਉਸ ਨੂੰ ਯਾਦਗਾਰ ਵਜੋਂ ਸਾਂਭ ਕੇ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਤਲ ਤੋਂ ਬਾਅਦ ਸਿੱਧੂ ਮੂਸੇਵਾਲਾ ਦੀ ਥਾਰ ਥਾਣਾ ਸਿਟੀ ਮਾਨਸਾ ਵਿੱਚ ਬੰਦ ਸੀ। ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਅਤੁਲ ਕੰਬੋਜ ਦੀ ਅਦਾਲਤ ਦੇ ਹੁਕਮਾਂ 'ਤੇ ਗੱਡੀ ਪਰਿਵਾਰ ਨੂੰ ਸੌਂਪੀ ਗਈ। ਪਿਤਾ ਬਲਕੌਰ ਸਿੰਘ ਨੇ ਥਾਰ ਨੂੰ ਘਟਨਾ ਵਾਲੀ ਹਾਲਤ ਵਿਚ ਹੀ ਹਵੇਲੀ ਵਿੱਚ ਲਗਾਇਆ ਹੈ। ਬਲਕੌਰ ਸਿੰਘ ਨੇ ਇਨ੍ਹਾਂ ਗੋਲੀਆਂ ਦੇ ਨਿਸ਼ਾਨ ਅਤੇ ਅੰਦਰ ਦੀ ਹਾਲਤ ਬਿਲਕੁਲ ਉਵੇਂ ਹੀ ਰੱਖੀ ਹੈ।

## ਅਕਾਲ ਤਖ਼ਤ ਸਾਹਿਬ ਵਿਖੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਹਿਲੀ ਵਾਰ ਕਰਵਾਇਆ ਦਸਤਾਰਬੰਦੀ ਸਮਾਗਮ

**ਦਸਤਾਰ ਸਿੱਖਾਂ ਦੇ ਸਿਰ ਦਾ ਤਾਜ ਹੈ ਅਤੇ ਬਾਦਸ਼ਾਹਤ ਦੀ ਪ੍ਰਤੀਕ : ਜਥੇਦਾਰ**



ਅੰਮ੍ਰਿਤਸਰ/ਏ.ਟੀ.ਨਿਊਜ਼ :- ਸਿੱਖ ਨੌਜਵਾਨੀ ਅੰਦਰ ਦਸਤਾਰ ਦੀ ਮਹਾਨਤਾ ਉਜਾਗਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੌਮੀ ਦਸਤਾਰਬੰਦੀ ਸਮਾਗਮ ਕਰਵਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਮੌਕੇ 1300 ਬੱਚਿਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕਰਦਿਆਂ ਸਮੂਹਿਕ ਰੂਪ ਵਿਚ ਦਸਤਾਰਾਂ ਸਜਾ ਕੇ ਸਿੱਖੀ ਗੌਰਵ ਦਾ ਪ੍ਰਗਟਾਵਾ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੁਝ ਬੱਚਿਆਂ ਨੂੰ ਦਸਤਾਰਾਂ ਸਜਾ ਕੇ ਸਮਾਗਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਖ਼ਾਲਸੇ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ੀ ਗਈ ਦਸਤਾਰ ਸਿੱਖਾਂ ਦੇ ਸਿਰ ਦਾ ਤਾਜ ਹੈ ਅਤੇ ਬਾਦਸ਼ਾਹਤ ਦੀ ਪ੍ਰਤੀਕ ਹੈ। ਇਸ ਮਹਾਨ ਵਿਰਸੇ ਨਾਲ ਆਪਣੀ ਨਵੀਂ ਪੀੜ੍ਹੀ ਨੂੰ ਜੋੜਨਾ ਕੌਮ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਜਥੇਦਾਰ ਨੇ ਪੰਜਾਬ ਵਿਚ ਦਸਤਾਰ ਦੇ ਅਲੋਪ ਹੋਣ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਗੁਰੂ ਸਾਹਿਬਾਨ ਦੀ ਧਰਤੀ ਹੈ ਅਤੇ ਇੱਥੋਂ ਦੀਆਂ ਰਵਾਇਤਾਂ ਅਤੇ ਕਦਰਾਂ ਕੀਮਤਾਂ ਮਾਣਮੱਤੀਆਂ ਹਨ। ਸਿੱਖ ਬੱਚਿਆਂ ਦਾ ਸਾਬਤ ਸੂਰਤ ਹੋਣਾ, ਨਸ਼ਿਆਂ ਤੋਂ ਰਹਿਤ ਰਹਿਣਾ ਅਤੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਗੁਰਸਿੱਖ ਬਣਨਾ ਬੇਹੱਦ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵਿਰਸੇ ਨੂੰ ਸੰਭਾਲਣ ਤੇ ਇਸ ਬਾਰੇ ਅਗਲੀ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਉਚੇਚੇ ਯਤਨਾਂ ਦੀ ਲੋੜ ਹੈ। ਦੱਸਣਯੋਗ ਹੈ ਕਿ ਕੌਮੀ ਦਸਤਾਰਬੰਦੀ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ, ਅਲਾਇੰਸ ਆਫ ਸਿੱਖ ਆਰਗੇਨਾਈਜ਼ੇਸ਼ਨਜ਼, ਰੈਕਗਨਾਇਜ਼ਡ ਐਂਡ ਐਫੀਲੀਏਟਿਡ ਸਕੂਲ ਐਸੋਸੀਏਸ਼ਨ, ਸਰਦਾਰੀਆਂ ਟਰੱਸਟ, ਵਿਰਸਾ ਸੰਭਾਲ ਸਰਦਾਰੀ ਲਹਿਰ, ਰੰਗ ਕਰਤਾਰ ਦਿੱਲੀ ਅਤੇ ਸਿੱਖਸ ਫ਼ਾਰ ਇਕਵੈਲਿਟੀ ਫਾਊਂਡੇਸ਼ਨ ਨੇ ਸਹਿਯੋਗ ਕੀਤਾ ਹੈ। ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਸੁਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਮੈਂਬਰ ਜਗਸੀਰ ਸਿੰਘ ਮਾਂਗੇਆਣਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਆਦਿ ਹਾਜ਼ਰ ਸਨ।

# ਮੰਡੀਕਰਨ ਵਿਚੋਲੇ ਅੱਗੇ ਕਿਸਾਨ ਬੇਵੱਸ

## ਕਿਸਾਨੀ ਨੂੰ ਆਧੁਨਿਕੀਕਰਨ 'ਚ ਢਾਲਣਾ ਸਮੇਂ ਦੀ ਲੋੜ



**ਦਵਿੰਦਰ ਸ਼ਰਮਾ**
(ਲੇਖਕ ਇੱਕ ਪ੍ਰਸਿੱਧ ਖੁਰਾਕ ਨੀਤੀ ਵਿਸ਼ਲੇਸ਼ਕ ਹੈ ਅਤੇ ਖੇਤੀਬਾੜੀ ਖੇਤਰ ਨਾਲ ਸਬੰਧਤ ਮੁੱਦਿਆਂ ਦਾ ਮਾਹਰ ਹੈ)

ਕੁਝ ਦਿਨ ਪਹਿਲਾਂ ਇੱਕ ਦਿਲਚਸਪ ਟਵੀਟ ਪੜ੍ਹਿਆ ਸੀ। ਸਿਰਫ਼ ਹੈਰਾਨ ਕਰਨ ਵਾਲਾ ਹੀ ਨਹੀਂ ਸਗੋਂ ਸੋਚਣ ਉੱਤੇ ਮਜਬੂਰ ਕਰਨ ਵਾਲਾ ਸੀ, IFS ਅਧਿਕਾਰੀ ਦਾ ਹਿੰਦੀ ਵਿੱਚ ਕੀਤਾ ਇਹ ਟਵੀਟ ਵੀ ਸੋਚਣ-ਉਕਸਾਉਣ ਵਾਲਾ ਸੀ। ਇਸ ਵਿੱਚ ਕੁਝ ਇਸ ਤਰ੍ਹਾਂ ਲਿਖਿਆ ਸੀ : 'ਕ੍ਰਿਪਾ ਕਰਕੇ ਦੱਸੋ,' ਮੈਂ ਇਹ ਸੰਤਰੇ 17 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਵੇਚੇ ਸਨ ਅਤੇ ਹੁਣ ਇੱਥੇ ਮੈਂ ਇਹ 80 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਬਾਜ਼ਾਰ ਵਿੱਚ ਖ਼ਰੀਦ ਰਿਹਾ ਹਾਂ। ਟਵੀਟ ਦੇ ਨਾਲ, ਉਸਨੇ ਦਰੱਖਤ ਨਾਲ ਲਟਕਦੇ ਸੰਤਰਿਆਂ ਦੀ ਇੱਕ ਤਸਵੀਰ ਪੋਸਟ ਕੀਤੀ ਹੈ। ਇਹ ਮੈਨੂੰ ਤਾਮਿਲਨਾਡੂ ਦੇ ਇੱਕ ਪੱਤਰਕਾਰ ਤੋਂ ਜੈਵਿਕ ਕਿਸਾਨ ਬਣੇ ਇੱਕ ਹੋਰ ਟਵੀਟ ਦੀ ਯਾਦ ਦਿਵਾਉਂਦੀ ਹੈ। ਉਸਨੇ ਕਿਹਾ ਸੀ ਕਿ ਉਸਨੂੰ ਨਾਰੀਅਲ ਦੀ ਸਭ ਤੋਂ ਵਧੀਆ ਕੀਮਤ 8 ਰੁਪਏ ਪ੍ਰਤੀ ਟੁਕੜਾ ਮਿਲਦੀ ਹੈ ਅਤੇ ਉਸਦੇ ਕੋਲ ਬਜ਼ਾਰ ਤੋਂ ਪ੍ਰਤੀ ਟੁਕੜਾ 50 ਰੁਪਏ ਵਿੱਚ ਨਾਰੀਅਲ ਖਰੀਦਣ ਤੋਂ ਇਲਾਵਾ ਕੋਈ ਵਿਕਲਪ ਨਹੀਂ। ਸਾਬਕਾ ਦੋਵਾਂ ਟਵੀਟਾਂ ਨੂੰ ਧਿਆਨ ਵਿਚ ਰੱਖਦੇ ਹੋਏ, ਅਤੇ ਹੋਰ ਵੀ ਮਹੱਤਵਪੂਰਨ ਤੌਰ 'ਤੇ ਇਹ ਵੇਖਣਾ ਕਿ ਕਿਵੇਂ ਸਪਲਾਈ ਚੇਨ ਵਿਚ ਮੱਧ ਵਰਗ ਅਤੇ ਵਿਚੋਲੇ ਆਪਣੇ ਮੁਨਾਫੇ ਦੇ ਹਿੱਸੇ ਨੂੰ ਆਸਾਨੀ ਨਾਲ ਛੱਡ ਦਿੰਦੇ ਹਨ ਅਤੇ ਕਿਸਾਨਾਂ ਨੂੰ ਉਤਪਾਦਨ ਦੀ ਲਾਗਤ ਵੀ ਪੂਰੀ ਨਹੀਂ ਕਰਦੇ ਹਨ। ਜਦੋਂ ਕਿ ਉਤਪਾਦਕ ਅਤੇ ਖਪਤਕਾਰ ਦੁਖੀ ਹੁੰਦੇ ਹਨ ਤਾਂ ਵਿਚੋਲੇ ਬੈਂਕਾਂ ਭਰਦੇ ਰਹਿੰਦੇ ਹਨ। ਨਾਰੀਅਲ ਦੀ ਅੰਤਮ ਖਪਤਕਾਰ ਕੀਮਤ ਕਿਸਾਨਾਂ ਨੂੰ ਪ੍ਰਾਪਤ ਕੀਤੀ ਕੀਮਤ ਨਾਲੋਂ ਛੇ ਗੁਣਾ ਵੱਧ ਹੈ।

ਦਿਲਚਸਪ ਗੱਲ ਇਹ ਹੈ ਕਿ ਜਦੋਂ ਤੋਂ ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀ.ਏ.ਸੀ.ਪੀ.) ਨੇ ਖੇਤੀ ਸੱਭਿਆਚਾਰਕ ਕੀਮਤਾਂ ਦਾ ਅੰਦਾਜ਼ਾ ਲਗਾਉਣਾ ਸ਼ੁਰੂ ਕੀਤਾ ਹੈ, 7 ਨਿਰਧਾਰਕਾਂ ਵਿੱਚੋਂ ਇਸ ਨੂੰ ਮੰਗ ਅਤੇ ਸਪਲਾਈ ਕਾਰਕ ਅਤੇ ਘੱਟੋ-ਘੱਟ ਸਮਰਥਨ 'ਤੇ ਸੰਭਾਵਿਤ ਪ੍ਰਭਾਵ ਨੂੰ ਦੇਖਣਾ ਮਿਲਿਆ ਹੈ। ਕੀਮਤ (MSP) ਉਸ ਉਤਪਾਦ ਦੇ ਖਪਤਕਾਰ 'ਤੇ ਹੈ। ਹਾਲਾਂਕਿ ਨਾਰੀਅਲ ਅਤੇ ਜਾਂ ਅੱਜ ਦੋਵੇਂ CACP ਲਾਗਤ ਅਨੁਮਾਨਾਂ ਦੇ ਦਾਇਰੇ ਤੋਂ ਬਾਹਰ ਹਨ, ਇਹ ਤੱਥ ਕਿ ਵਿਚੋਲੇ ਅੰਤਮ ਖਪਤਕਾਰਾਂ ਦੀ ਕੀਮਤ ਦੇ ਇੰਨੇ ਵੱਡੇ ਹਿੱਸੇ ਨੂੰ ਲੈ ਕੇ ਚਲੇ ਜਾਂਦੇ ਹਨ, ਇਹ ਸੰਕੇਤ ਹੈ ਕਿ ਮੁਨਾਫੇ 'ਤੇ ਨਿਯੰਤਰਣ ਸਮੇਤ, ਬਾਜ਼ਾਰਾਂ ਨੂੰ ਸਖ਼ਤ ਨਿਯਮਾਂ ਦੇ ਅਧੀਨ ਲਿਆਉਣ ਵਿਚ ਅਸਫਲਤਾ ਦਾ ਸੰਕੇਤ ਹੈ। ਹਾਸ਼ੀਏ ਜਿਸ ਪਲ ਮੈਂ ਕਿਸਾਨਾਂ ਦੀ ਗੱਲ ਕਰਦਾ ਹਾਂ ਖਪਤਕਾਰ ਨੂੰ ਬਾਹਰ ਕੱਢਣ ਲਈ ਕੀਤੀ ਗਈ ਕੀਮਤ ਦਾ ਇੱਕ ਮਾਮੂਲੀ ਹਿੱਸਾ ਪ੍ਰਾਪਤ ਕਰਦੇ ਹੋਏ, ਮਾਰਕੀਟ ਦੇ ਉਤਸ਼ਾਹੀ ਲੋਕਾਂ ਦੀ ਇੱਕ ਵੋਕਲ ਕਬੀਲਾ ਸਾਹਮਣੇ ਆ ਜਾਂਦਾ ਹੈ। 'ਤੁਸੀਂ ਬਾਜ਼ਾਰਾਂ ਨੂੰ ਦੋਸ਼ ਨਹੀਂ ਦੇ ਸਕਦੇ ਹੋ ਕਿ ਸਪਲਾਈ ਲੜੀ ਵਿੱਚ ਕਈ ਲੋਕ ਲੱਗੇ ਹੋਏ ਹਨ। ਤੁਸੀਂ ਉਨ੍ਹਾਂ ਦੇ ਹਾਸ਼ੀਏ ਨੂੰ ਘਟਾ ਨਹੀਂ ਸਕਦੇ, ਇਹ ਉਨ੍ਹਾਂ ਬੇਅੰਤ ਦਲੀਲਾਂ ਵਿੱਚੋਂ ਇੱਕ ਹੈ ਜਿਸਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਉਲਟ, ਮੈਂ ਕਦੇ-ਕਦਾਈਂ ਅਜਿਹੀ ਆਵਾਜ਼ ਸੁਣੀ ਹੈ ਜੋ ਬੋਲਦੀ ਹੈ। ਗ਼ਰੀਬ ਕਿਸਾਨਾਂ ਲਈ ਜੋ ਹਮੇਸ਼ਾ ਹੀ ਰਿਸੀਵਿੰਗ ਦੇ ਅੰਤ 'ਤੇ ਹਨ, ਸਪਲਾਈ ਚੇਨ ਤੰਤਰ ਦਾ ਸ਼ਿਕਾਰ ਹੈ ਜੋ ਸਾਲਾਂ ਤੋਂ ਉਨ੍ਹਾਂ ਦਾ ਬੇਰਹਿਮੀ ਨਾਲ ਸ਼ੋਸ਼ਣ ਕਰਦਾ ਰਿਹਾ ਹੈ। ਤੁਸੀਂ ਕਿਸਾਨਾਂ ਨੂੰ ਮਾਰਕੀਟ ਦੀ ਸਮਝ ਨਾ ਰੱਖਣ ਲਈ ਜ਼ਿੰਮੇਵਾਰ ਠਹਿਰਾ ਸਕਦੇਂ ਹੋ। ਵੈਲਿਊ ਐਡੀਸ਼ਨ ਲਈ, ਉਹ ਇਸ ਦੇ ਨਤੀਜੇ ਭੁਗਤਦੇ ਰਹਿਣਗੇ। ਮੈਂ ਇਹ ਦਲੀਲ ਵਾਰ-ਵਾਰ ਸੁਣੀ ਹੈ। ਖੈਰ, ਕੋਈ ਵੀ ਇਹ ਸਵਾਲ ਪੁੱਛਣ ਲਈ ਤਿਆਰ ਨਹੀਂ ਹੈ ਕਿ ਪੂਰੀ ਸਪਲਾਈ ਚੇਨ ਮੁਨਾਫੇ ਵਿੱਚ ਹੈ, ਇਹ ਵਾਜਬ ਕਿਉਂ ਨਹੀਂ ਹੋ ਸਕਦਾ?

ਸ਼ੇਅਰ ਕੱਚੇ ਮਾਲ ਦੇ ਉਤਪਾਦਕ ਨੂੰ ਵੀ ਜਾਂਦਾ ਹੈ। ਜੇਕਰ ਖਪਤਕਾਰ ਸੰਤਰੇ ਦੀ ਕੀਮਤ 80 ਰੁਪਏ ਦੇ ਸਕਦੇ ਹਨ ਤਾਂ ਕਿਸਾਨ ਲਈ ਘੱਟੋ-ਘੱਟ 40 ਰੁਪਏ ਪ੍ਰਤੀ ਕਿਲੋ ਦੀ ਕੀਮਤ ਕਿਉਂ ਨਹੀਂ ਹੋ ਸਕਦੀ? ਕੀ 40 ਰੁਪਏ ਪ੍ਰਤੀ ਕਿਲੋ ਦਾ ਮਾਰਜਨ ਨਹੀਂ ਹੈ? ਜਾਂ ਕਿਸਾਨ ਦੀ ਕੀਮਤ ਦਾ 100 ਪ੍ਰਤੀਸ਼ਤ, ਅੰਤਰ ਵਿਚੋਲਿਆਂ ਲਈ ਕਾਫ਼ੀ ਹੈ? ਇਸ ਤੋਂ ਇਲਾਵਾ, ਜੇਕਰ ਮੱਧ ਪੁਰਸ਼ਾਂ ਨੂੰ ਕਿਸੇ ਵੀ ਉਤਪਾਦ ਲਈ 100 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਮਾਰਜਿਨ ਨਾਲ ਦੂਰ ਜਾਣਾ ਪੈਂਦਾ ਹੈ ਤਾਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸ਼ੋਸ਼ਣ ਦਾ ਕੀ ਅਰਥ ਹੈ? ਇਸ ਨੂੰ ਸਿੱਧੇ ਤੌਰ 'ਤੇ ਕਹਿਣ ਲਈ, ਇਹ ਸਿਰਫ਼ ਦਯਾ ਵਿੱਚ ਹੀ ਨਹੀਂ ਹੈ ਕਿ ਬਾਜ਼ਾਰਾਂ ਨੇ ਅੰਤਮ ਖਪਤਕਾਰ ਮੁੱਲ ਦੇ ਸਹੀ ਹਿੱਸੇ ਤੋਂ ਇਨਕਾਰ ਨਹੀਂ ਕੀਤਾ।

ਆਓ ਇੱਕ ਨਜ਼ਰ ਮਾਰੀਏ ਵਿਸ਼ਵ ਪੱਧਰ ਉੱਤੇ ਅਮਰੀਕਾ ਵਿੱਚ, ਇੱਥੋਂ ਤੱਕ ਕਿ ਨੈਸ਼ਨਲ ਫਾਰਮਰਜ਼ ਯੂਨੀਅਨ ਵੀ ਸ਼ਿਕਾਇਤ ਕਰਦੀ ਹੈ ਕਿ ਜਦੋਂ ਖਪਤਕਾਰਾਂ ਨੇ ਇਸ ਸਾਲ ਸਾਲਾਨਾ ਥੈਂਕਸਗੀਵਿੰਗ ਭੋਜਨ ਲਈ ਬਹੁਤ ਜ਼ਿਆਦਾ ਕੀਮਤ ਅਦਾ ਕੀਤੀ, ਜਿਸ ਵਿੱਚੋਂ ਲਗਭਗ ਬਣਦੀ ਕੀਮਤ ਦਾ ਕੋਈ ਵੀ ਹਿਸਾ ਕਿਸਾਨਾਂ ਨੂੰ ਨਹੀਂ ਦਿੱਤਾ ਗਿਆ।





ਟਵੀਟਸ ਦੀ ਇੱਕ ਲੜੀ ਵਿੱਚ, ©6" ਇੱਕ ਤੁਲਨਾ ਕਰਦਾ ਹੈ ਕਿ ਟਰਕੀ ਦੀ ਪ੍ਰਚੂਨ ਕੀਮਤ, ਥੈਂਕਸਗਪਵਿੰਗ ਭੋਜਨ ਦਾ ਮੁੱਖ ਕੋਰਸ, 1.99 ਪ੍ਰਤੀ ਪੌਂਡ ਹੈ ਅਤੇ ਕਿਸਾਨ ਦੀ ਕੀਮਤ £ 0.06 ਪ੍ਰਤੀ ਪੌਂਡ ਹੈ, ਫਰੋਜ਼ਨ ਸਵੀਟ ਕੋਰਨ ਦੀ ਮਾਰਕੀਟ ਕੀਮਤ $0.44 ਦੇ ਕਿਸਾਨ ਹਿੱਸੇ ਦੇ ਮੁਕਾਬਲੇ $2.59 ਹੈ। ਇਸੇ ਤਰ੍ਹਾਂ ਮੈਸ਼ਡ ਆਲੂਆਂ ਦੇ 5 ਪੌਂਡ ਬੈਗ ਦੀ ਪ੍ਰਚੂਨ ਕੀਮਤ 5.99 ਡਾਲਰ ਹੈ ਅਤੇ ਕਿਸਾਨਾਂ ਨੂੰ 1.30 ਡਾਲਰ ਮਿਲਦੇ ਹਨ। ਜਿਵੇਂ ਕਿ ਤੁਸੀਂ ਦੇਖ ਸਕਦੇ ਹੋ, ਵਿਚੋਲੇ ਵਾਲੇ ਹਾਸ਼ੀਏ ਬਹੁਤ ਵੱਡੇ ਹੁੰਦੇ ਹਨ ਅਤੇ ਉਨ੍ਹਾਂ ਕੋਲੋਂ ਕੋਈ ਸਵਾਲ ਨਹੀਂ ਪੁੱਛੇ ਗਏ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਕਿਸਾਨ ਦੇ ਭਾਅ ਨੂੰ ਨਿਚੋੜਿਆ ਜਾ ਰਿਹਾ ਹੈ, ਜਦੋਂ ਕਿ ਕਾਰਪੋਰੇਟ ਮੁਨਾਫੇ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ©6" ਕਿਸਾਨਾਂ ਦੇ ਨਾਲ-ਨਾਲ ਖਪਤਕਾਰਾਂ ਲਈ ਵਾਜਬ ਭਾਅ ਲਈ ਲੜਾਈ ਜਾਰੀ ਰੱਖਣ ਦੀ ਸਹੁੰ ਚੁੱਕਦਾ ਹੈ।

ਹੁਣ ਯੂ.ਕੇ. ਵੱਲ ਚਲੀਏ। ਇੱਕ ਰਿਪੋਰਟ ਵਿੱਚ- ਭੋਜਨ ਦੀਆਂ ਕੀਮਤਾਂ ਨੂੰ ਅਨਪਿਕ ਕਰਨਾ ਕਿ ਤੁਹਾਡਾ ਭੋਜਨ ਪੌਂਡ ਕਿੱਥੇ ਜਾਂਦਾ ਹੈ ਅਤੇ ਕਿਸਾਨਾਂ ਨੂੰ ਇੰਨਾ ਘੱਟ ਕਿਉਂ ਮਿਲਦਾ ਹੈ? ਫੂਡ ਚੈਰਿਟੀ ਸਸਟੇਨ ਨੂੰ ਜੋ ਪਤਾ ਲੱਗਾ ਉਹ ਵੀ ਹੈਰਾਨ ਕਰਨ ਵਾਲਾ ਹੈ। ਸਿਰਫ਼ ਕਿਸਾਨ ਹੀ ਨਹੀਂ, ਮੈਨੂੰ ਲੱਗਦਾ ਹੈ ਕਿ ਖਪਤਕਾਰਾਂ ਨੂੰ ਵੀ ਸਮਝਣ ਦੀ ਲੋੜ ਹੈ। ਇਸ ਦਾ ਕੀ ਮਤਲਬ ਹੈ ਕਿ ਉਹ ਵਪਾਰ ਦੁਆਰਾ ਲੁੱਟੇ ਜਾ ਰਹੇ ਹਨ। ਲੰਡਨ ਦੀ ਸਿਟੀ ਯੂਨੀਵਰਸਿਟੀ ਦੇ ਖੋਜਕਾਰਾਂ ਦੇ ਅਧਿਐਨ 'ਤੇ ਆਧਾਰਿਤ ਇਹ ਰਿਪੋਰਟ ਦੱਸਦੀ ਹੈ ਕਿ ਪ੍ਰਚੂਨ ਵਿਕਰੇਤਾਵਾਂ ਅਤੇ ਵਿਚੋਲਿਆਂ ਦੇ ਕੱਟੇ ਜਾਣ ਤੋਂ ਬਾਅਦ, ਕਿਸਾਨ ਕੋਲ ਜੋ ਬਚਿਆ ਹੈ, ਉਹ ਮੁਨਾਫੇ ਦਾ ਸ਼ਾਇਦ ਹੀ ਇਕ ਫੀਸਦੀ ਬਚਿਆ ਹੈ। ਇਹ ਇੱਕ ਜੀਵਤ ਆਮਦਨ ਨਹੀਂ ਹੈ। ਇਹ ਇੱਕ ਦਿਹਾੜੀ ਮਜ਼ਦੂਰ ਦੀ ਕਮਾਈ ਨਾਲੋਂ ਵੀ ਘੱਟ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਯੂ.ਕੇ. ਜਾਂ ਯੂਰਪ ਵਿੱਚ ਕਿਸਾਨ ਖੇਤੀ ਨੂੰ ਛੱਡ ਰਹੇ ਹਨ ਅਤੇ ਗੈਰ-ਖੇਤੀ ਗਤੀਵਿਧੀਆਂਵੱਲ ਵੱਧ ਰਹੇ ਹਨ।

ਇੰਨੀ ਘੱਟ ਆਮਦਨ ਦੇ ਨਾਲ, ਕੋਈ ਕਿਸਾਨ ਦੇ ਬਚਣ ਦੀ ਉਮੀਦ ਕਿਵੇਂ ਕਰ ਸਕਦਾ ਹੈ? ਸਸਟੇਨ ਸਟੱਡੀ ਨੇ ਪੰਜ ਭੋਜਨ ਪਦਾਰਥਾਂ 'ਤੇ ਦੇਖਿਆ ਸੀ ਜੋ ਲੋਕ ਰੋਜ਼ਾਨਾ ਵਰਤਦੇ ਹਨ - ਐਪਲ, ਪਨੀਰ, ਬੀਫ ਬਰਗਰ, ਗਾਜਰ ਅਤੇ ਬਰੈੱਡ। ਹਾਲਾਂਕਿ ਸਸਟੇਨ ਰਿਪੋਰਟ ਨੇ ਨਿਯਮਾਂ ਨੂੰ ਸਖ਼ਤ ਕਰਨ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਸਹੀ ਕੀਮਤ ਮਿਲਣ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ, ਮੇਰੇ ਖਿਆਲ ਵਿੱਚ ਹੁਣ ਸਮਾਂ ਆ ਗਿਆ ਹੈ ਜਦੋਂ ਵਿਸ਼ਵ ਭਰ ਵਿੱਚ ਮੰਗ ਕਿਸਾਨਾਂ ਲਈ ਕੀਮਤ ਦੀ ਬਰਾਬਰੀ ਦੀ ਹੋਣੀ ਚਾਹੀਦੀ ਹੈ ਜਾਂ ਜਿਸਨੂੰ ਅਸੀਂ ਭਾਰਤ ਵਿੱਚ ਗਾਰਾਨ ਟੀਡ ਕੀਮਤ ਕਹਿੰਦੇ ਹਾਂ।

ਕਲਪਨਾ ਕਰੋ, ਜੇਕਰ ਅਮਰੀਕਾ ਵਿੱਚ ਟਰਕੀ ਦੇ ਕਿਸਾਨ ਨੂੰ ਉਨ੍ਹਾਂ ਪੰਛੀਆਂ ਲਈ ਇੱਕ ਐਮਐਸਪੀ ਪ੍ਰਾਪਤ ਹੁੰਦਾ ਹੈ ਜੋ ਉਹ ਵੇਚਦਾ ਹੈ ਜਾਂ ਯੂ.ਕੇ. ਦੇ ਕਿਸਾਨਾਂ ਨੂੰ ਸੇਬ ਅਤੇ ਪਨੀਰ ਦੀ ਗਾਰੰਟੀ ਕੀਮਤ ਮਿਲਦੀ ਹੈ ਜੋ ਉਹ ਵੇਚਦਾ ਹੈ ਜਾਂ ਇਸ ਮਾਮਲੇ ਲਈ ਭਾਰਤ ਵਿੱਚ ਸੰਤਰੇ ਵੇਚਣ ਵਾਲੇ ਹੋਰ ਟਿਕਲਚਰਿਸਟ ਨੂੰ ਇੱਕ ਨਿਸ਼ਚਿਤ ਅਤੇ ਨਿਸ਼ਚਿਤ ਕੀਤਾ ਜਾਂਦਾ ਹੈ। ਨਿਸ਼ਚਿਤ ਕੀਮਤ, ਕੱਚੇ ਅਤੇ ਬੁਨਿਆਦੀ ਖੁਰਾਕੀ ਵਸਤਾਂ ਦੇ ਪ੍ਰੋਡਿਊਸਰ ਹੀ ਨਹੀਂ ਬਣ ਜਾਣਗੇ। ਆਰਥਿਕ ਤੌਰ 'ਤੇ ਵਿਵਹਾਰਕ ਪਰ ਇਹ ਯਕੀਨੀ ਤੌਰ 'ਤੇ ਪਿਰਾਮਿਡ ਦੇ ਤਲ 'ਤੇ ਖੁਸ਼ਹਾਲੀ ਲਿਆਏਗਾ। 'ਸਬਕਾ ਸਾਥ ਸਬਕਾ ਵਿਕਾਸ' ਦਾ ਇਹੀ ਮਤਲਬ ਹੈ। ਅਸੀਂ ਕਿਸਾਨਾਂ ਨੂੰ ਮੰਡੀਆਂ ਦੀਆਂ ਅਸਥਿਰਤਾ ਦਾ ਸਾਹਮਣਾ ਕਰਨ ਲਈ ਛੱਡਣਾ ਜਾਰੀ ਨਹੀਂ ਰੱਖ ਸਕਦੇ। ਇਸੇ ਤਰ੍ਹਾਂ, ਬਾਜ਼ਾਰਾਂ ਨੂੰ ਖਪਤਕਾਰਾਂ ਨੂੰ ਲੁੱਟਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸ਼ੇਕਸਪੀਅਰ ਦੇ ਪੂਰੇ ਸਤਿਕਾਰ ਨਾਲ, ਸ਼ੁਰੂਆਤ ਨੂੰ ਟੇਮਿੰਗ ਕਰਨਾ ਇਕ ਬਹੁਤ ਜ਼ਰੂਰੀ ਬਣ ਗਿਆ ਹੈ। ਅਸੀਂ ਲੰਬੇ ਸਮੇਂ ਤੋਂ ਬਾਜ਼ਾਰਾਂ ਦੀ ਅਸਥਿਰਤਾ ਨੂੰ ਨਜ਼ਰਅੰਦਾਜ਼ ਕੀਤਾ ਹੈ। ਇੱਕ ਵਿਧੀ ਵਿਕਸਤ ਕੀਤੀ ਜਾਣੀ ਚਾਹੀਦੀ ਹੈ ਜਿਸ ਨਾਲ ਬਾਜ਼ਾਰਾਂ ਨੂੰ ਨਿਰਪੱਖ ਬਣਾਇਆ ਜਾ ਸਕੇ।

# ਕਤਰ ਫੁੱਟਬਾਲ ਵਿਸ਼ਵ ਕੱਪ 'ਚ ਅਰਜਨਟੀਨਾ ਤੀਜੀ ਵਾਰ ਚੈਂਪੀਅਨ ਬਣਿਆ

## ਐਮਬਾਪੇ ਦੀ ਹੈਟਟ੍ਰਿਕ ਦੇ ਬਾਵਜੂਦ ਪੈਨਲਟੀ ਸ਼ੂਟਆਊਟ 'ਚ ਫਰਾਂਸ ਨੂੰ ਹਰਾਇਆ 4-2 ਨਾਲ ਹਰਾਇਆ

**➢ ਮੈਸੀ ਨੇ ਕਿਹਾ-ਅਜੇ ਨਹੀਂ ਲਵਾਂਗਾ ਸੰਨਿਆਸ**
**➢ ਅਰਜਨਟੀਨਾ ਤੋਂ ਹਾਰ ਤੋਂ ਬਾਅਦ ਫਰਾਂਸ ਵਿੱਚ ਦੰਗੇ**



ਲੁਸੈਲ (ਦੋਹਾ)/ਏ.ਟੀ.ਨਿਊਜ਼ :- ਫੁੱਟਬਾਲ ਵਿਸ਼ਵ ਕੱਪ ਦੇ ਫਾਈਨਲ ਮੈਚ ਵਿਚ ਅਰਜਨਟੀਨਾ ਨੇ ਫਰਾਂਸ ਨੂੰ ਪੈਨਲਟੀ ਸ਼ੂਟਆਊਟ ਵਿਚ 4-2 ਨਾਲ ਹਰਾ ਕੇ ਤੀਜੀ ਵਾਰ ਵਰਲਡ ਕੱਪ ਉੱਤੇ ਕਬਜ਼ਾ ਕਰ ਲਿਆ। ਅਰਜਨਟੀਨਾ ਨੇ 36 ਸਾਲ ਬਾਅਦ ਤੀਜੀ ਵਾਰ ਵਿਸ਼ਵ ਕੱਪ ਖ਼ਿਤਾਬ ਉੱਤੇ ਕਬਜ਼ਾ ਕੀਤਾ ਹੈ। ਇਸ ਤੋਂ ਪਹਿਲਾਂ 1978 ਤੇ 1986 ਵਿਚ ਅਰਜਨਟੀਨਾ ਨੇ ਵਿਸ਼ਵ ਕੱਪ ਜਿੱਤਿਆ ਸੀ। ਪਹਿਲੇ ਹਾਫ਼ ਤੱਕ ਦੋ ਗੋਲਾਂ ਦੀ ਲੀਡ ਲੈਣ ਤੋਂ ਅਗਲੇ ਮੱਧ ਵਿਚ ਫਰਾਂਸ ਨੇ ਮੈਚ ਵਿਚ ਵਾਪਸੀ ਕਰਦਿਆਂ ਦੋ ਗੋਲਾਂ ਨਾਲ ਮੁਕਾਬਲਾ ਬਰਾਬਰੀ ਤੇ ਲਿਆ ਦਿੱਤਾ। ਇਸੇ ਦੌਰਾਨ ਦਿੱਤੇ ਵਾਧੂ ਸਮੇਂ ਵਿਚ ਅਰਜਨਟੀਨਾ ਦੇ ਲਿਓਨਲ ਮੈਸੀ ਨੇ ਗੋਲ ਕਰ ਕੇ ਆਪਣੀ ਟੀਮ ਨੂੰ 3-2 ਨਾਲ ਅੱਗੇ ਕਰ ਦਿੱਤਾ। ਹਾਲਾਂਕਿ ਕਾਇਲੀਅਨ ਐਮਬਾਪੇ ਨੇ ਮੈਚ ਦਾ ਆਪਣਾ ਤੀਜਾ ਗੋਲ ਕਰਦਿਆਂ ਫਰਾਂਸ ਨੂੰ ਬਰਾਬਰੀ ਉੱਤੇ ਲਿਆ ਖੜ੍ਹਾ ਕੀਤਾ। ਮੁਕਾਬਲਾ ਤਿੰਨ-ਤਿੰਨ ਨਾਲ ਬਰਾਬਰ ਹੋਣ ਅਤੇ ਵਾਧੂ ਸਮਾਂ ਦੇਣ ਤੋਂ ਬਾਅਦ ਮੁਕਾਬਲਾ ਪੈਨਲਟੀ ਸ਼ੂਟਆਊਟ 'ਤੇ ਚਲਾ ਗਿਆ ਜਿਸ ਵਿਚ ਅਰਜਨਟੀਨਾ ਦੀ ਟੀਮ ਨੇ 4-2 ਗੋਲਾਂ ਦੇ ਫਰਕ ਨਾਲ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਂ ਕਰ ਲਿਆ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮੈਸੀ ਨੇ 23ਵੇਂ ਮਿੰਟ ਵਿਚ ਪੈਨਲਟੀ ਕਿੱਕ ਰਾਹੀਂ ਟੂਰਨਾਮੈਂਟ ਦਾ ਆਪਣਾ ਛੇਵਾਂ ਗੋਲ ਕੀਤਾ ਤੇ ਅਰਜਨਟੀਨਾ ਨੂੰ 1-0 ਨਾਲ ਅੱਗੇ ਕਰ ਦਿੱਤਾ। ਇਸ ਤਰ੍ਹਾਂ ਉਸ ਨੇ ਬ੍ਰਾਜ਼ੀਲ ਦੇ ਮਹਾਨ ਖਿਡਾਰੀ ਪੇਲੇ ਦੇ ਰਿਕਾਰਡ ਦੀ ਬਰਾਬਰੀ ਕਰ ਲਈ। ਜਦਕਿ ਏਂਜਲ ਡੀ ਮਾਰੀਆ ਨੇ 36ਵੇਂ ਮਿੰਟ ਵਿਚ ਗੋਲ ਕਰ ਕੇ ਅਰਜਨਟੀਨਾ ਨੂੰ 2-0 ਦੀ ਲੀਡ ਦਿਵਾ ਦਿੱਤੀ। ਪਰ ਫਰਾਂਸ ਦੇ ਸਟਾਰ ਖਿਡਾਰੀ ਕਾਇਲੀਅਨ ਐਮਬਾਪੇ ਨੇ 97 ਸਕਿੰਟਾਂ ਦੇ ਫ਼ਰਕ ਨਾਲ ਦੋ ਗੋਲ ਕਰ ਕੇ ਮੈਚ ਹੀ ਪਲਟ ਦਿੱਤਾ ਤੇ ਆਪਣੀ ਟੀਮ ਨੂੰ ਅਰਜਨਟੀਨਾ ਦੇ ਬਰਾਬਰ ਲਿਆ ਖੜ੍ਹਾ ਕੀਤਾ। ਫ਼ਰਾਂਸ ਅਤੇ ਅਰਜਨਟੀਨਾ ਵਿਚਕਾਰ ਮੁਕਾਬਲਾ

ਫ਼ਰਾਂਸ ਦੀ ਟੀਮ ਪਿਛਲੇ ਸੱਤ ਵਿਸ਼ਵ ਕੱਪਾਂ ਵਿੱਚੋਂ ਚਾਰ ਵਾਰ ਫਾਈਨਲ ਵਿੱਚ ਥਾਂ ਬਣਾਉਣ ਵਿੱਚ ਕਾਮਯਾਬ ਰਹੀ

ਫ਼ਰਾਂਸ ਦੀ ਟੀਮ 2022 ਤੋਂ ਪਹਿਲਾਂ 1998, 2006 ਤੇ 2018 ਵਿੱਚ ਫਾਈਨਲ ਖੇਡੀ

ਫ਼ਰਾਂਸ ਨੇ 1998 ਤੇ 2018 ਦੇ ਵਿਸ਼ਵ ਕੱਪ ਆਪਣੇ ਨਾਮ ਕੀਤੇ

ਅਰਜਨਟੀਨਾ ਨੇ ਇਸ ਵਾਰ ਆਪਣਾ ਛੇਵਾਂ ਵਿਸ਼ਵ ਕੱਪ ਫਾਈਨਲ ਖੇਡਿਆ

ਇਸ ਤਰ੍ਹਾਂ ਅਰਜਨਟੀਨਾ ਵਿਸ਼ਵ ਕੱਪ ਜਿੱਤਣ ਨਾਲ 2002 ਵਿੱਚ ਬ੍ਰਾਜ਼ੀਲ ਦੇ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਇਹ ਵਿਸ਼ਵ ਕੱਪ ਜਿੱਤਣ ਵਾਲੀ ਪਹਿਲੀ ਦੱਖਣੀ ਅਮਰੀਕੀ ਟੀਮ ਬਣ ਗਈ ਹੈ। ਫਰਾਂਸ ਦੀ ਟੀਮ ਨੂੰ ਉਨ੍ਹਾਂ ਦੇ ਪਿਛਲੇ 10 ਵਿਸ਼ਵ ਕੱਪ ਵਿੱਚ ਕੋਈ ਵੀ ਦੱਖਣੀ ਅਮਰੀਕੀ ਟੀਮ ਨਹੀਂ ਹਰਾ ਸਕੀ ਸੀ। 1978 ਵਿੱਚ ਅਰਜਨਟੀਨਾ ਨੇ ਹੀ ਫਰਾਂਸ ਨੂੰ ਹਰਾਇਆ ਸੀ। ਅਰਜਨਟੀਨਾ ਦੀ ਟੀਮ ਨੇ ਕਤਰ ਵਿੱਚ ਹੁਣ ਤੱਕ ਦੇ ਆਪਣੇ ਮੁਕਾਬਲਿਆਂ ਵਿੱਚ ਹਮੇਸ਼ਾ ਪਹਿਲਾ ਗੋਲ ਕੀਤਾ ਹੈ।

ਹੁਣ ਤੱਕ ਅਰਜਨਟੀਨਾ ਤੇ ਫਰਾਂਸ ਵਿਚਾਲੇ 12 ਮੁਕਾਬਲੇ ਹੋ ਚੁੱਕੇ ਹਨ ਜਿਨ੍ਹਾਂ ਵਿੱਚ 6 ਮੁਕਾਬਲੇ ਅਰਜਨਟੀਨਾ ਨੇ ਜਿੱਤੇ ਹਨ, 3 ਮੁਕਾਬਲੇ ਫਰਾਂਸ ਨੇ ਜਿੱਤੇ ਹਨ ਤੇ 3 ਮੁਕਾਬਲੇ ਬਰਾਬਰੀ ਉੱਤੇ ਖ਼ਤਮ ਹੋਏ ਹਨ।

**2022 ਵਿੱਚ ਹੋਏ ਵੱਡੇ ਉਲਟਫੇਰ**

ਅਰਜਨਟੀਨਾ ਆਪਣਾ ਪਹਿਲਾ ਮੈਚ ਸਾਊਦੀ ਅਰਬ ਤੋਂ ਹਾਰ ਗਿਆ ਸੀ ਤੇ ਇਸ ਮਗਰੋਂ ਅਰਜਨਟੀਨਾ ਨੇ ਵਾਪਸੀ ਕੀਤੀ ਤੇ ਫਾਈਨਲ ਤੱਕ ਪਹੁੰਚਿਆ।

ਮੋਰੱਕੋ ਫੀਫਾ ਵਿਸ਼ਵ ਕੱਪ ਦੇ ਸੈਮੀਫਾਇਨਲ ਤੱਕ ਪਹੁੰਚਣ ਵਾਲਾ ਪਹਿਲਾ ਅਫ਼ਰੀਕੀ ਤੇ ਅਰਬ ਦੇਸ਼ ਬਣਿਆ।

ਜਪਾਨ ਨੇ ਜਰਮਨੀ ਨੂੰ 1-0 ਨਾਲ ਮਾਤ ਦਿੱਤੀ।

ਦੱਖਣੀ ਕੋਰੀਆ ਨੇ ਪੁਰਤਗਾਲ ਨੂੰ 2-1 ਨਾਲ ਹਰਾਇਆ।

ਇਹ ਦੋਵੇਂ ਮੁਲਕ ਏਸ਼ੀਆਈ ਸਨ ਤੇ ਇਨ੍ਹਾਂ ਦੋਵਾਂ ਨੇ ਫੁੱਟਬਾਲ ਦੀਆਂ ਦਿੱਗਜ ਟੀਮਾਂ ਨੂੰ ਹਰਾਇਆ।

ਦੂਜੇ ਪਾਸੇ ਅਰਜਨਟੀਨਾ ਅਤੇ ਲਿਓਨਲ ਮੇਸੀ ਦੇ ਪ੍ਰਸ਼ੰਸਕਾਂ ਲਈ ਖ਼ੁਸ਼ਖ਼ਬਰੀ ਇਹ ਹੈ ਕਿ ਮੇਸੀ ਨੇ ਉਨ੍ਹਾਂ ਅਟਕਲਾਂ ਨੂੰ ਖ਼ਾਰਜ ਕਰ ਦਿੱਤਾ ਹੈ ਕਿ ਉਹ ਆਪਣੀ ਟੀਮ ਨੂੰ ਵਿਸ਼ਵ ਚੈਂਪੀਅਨ ਬਣਾਉਣ ਤੋਂ ਬਾਅਦ ਫੁੱਟਬਾਲ ਤੋਂ ਸੰਨਿਆਸ ਲੈਣ ਜਾ ਰਿਹਾ ਹੈ। ਲਿਓਨਲ ਮੇਸੀ ਨੇ ਕਿਹਾ ਹੈ ਕਿ ਉਹ ਆਪਣੇ ਦੇਸ਼ ਲਈ ਅਜਿਹੇ ਹੋਰ ਮੈਚ ਖੇਡਣਾ ਚਾਹੁੰਦਾ ਹੈ, ਇਸ ਲਈ ਹੁਣ ਸੰਨਿਆਸ ਨਹੀਂ ਲਵੇਗਾ।

**ਪੈਰਿਸ ਵਿੱਚ ਦੰਗੇ**

ਫੁੱਟਬਾਲ ਵਿਸ਼ਵ ਕੱਪ ਦੇ ਫਾਈਨਲ ਵਿਚ ਅਰਜਨਟੀਨਾ ਤੋਂ ਹਾਰਨ ਤੋਂ ਬਾਅਦ ਫਰਾਂਸ ਦੇ ਪ੍ਰਸ਼ੰਸਕ ਨਿਰਾਸ਼ ਹੋ ਗਏ। ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਹਜ਼ਾਰਾਂ ਪ੍ਰਸ਼ੰਸਕਾਂ ਨੇ ਦੰਗੇ ਕਰਨੇ ਸ਼ੁਰੂ ਕਰ ਦਿੱਤੇ। ਵਾਹਨਾਂ ਦੀ ਭੰਨ-ਤੋੜ ਕੀਤੀ ਗਈ ਅਤੇ ਅਗਜ਼ਨੀ ਵੀ ਕੀਤੀ ਗਈ। ਪੈਰਿਸ ਤੋਂ ਇਲਾਵਾ ਇਹ ਹਿੰਸਾ ਹੋਰ ਵੀ ਕਈ ਸ਼ਹਿਰਾਂ ਵਿੱਚ ਫੈਲ ਗਈ। ਸਥਿਤੀ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਅੱਥਰੂ ਗੈਸ ਛੱਡਣੀ ਪਈ। ਪੈਰਿਸ ਵਿੱਚ ਹਜ਼ਾਰਾਂ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ। ਪੁਲਿਸ ਨੇ ਦੱਸਿਆ ਕਿ ਲਿਓਨ, ਨਾਇਸ ਵਿੱਚ ਵੀ ਹਿੰਸਕ ਘਟਨਾਵਾਂ ਵਾਪਰੀਆਂ ਹਨ। ਪੈਰਿਸ ਦੇ ਮਸ਼ਹੂਰ ਚੈਂਪਸ ਐਲੀਸੀਸ ਵਿੱਚ ਵੀ ਪ੍ਰਸ਼ੰਸਕ ਇੱਕ ਦੂਜੇ ਨਾਲ ਭਿੜ ਗਏ।

ਅਧਿਕਾਰੀ ਨੇ ਕਿਹਾ ਕਿ ਫਰਾਂਸ ਦੀ ਜਿੱਤ ਨੂੰ ਦੇਖਣ ਲਈ ਲੱਖਾਂ ਪ੍ਰਸ਼ੰਸਕ ਵੱਖ ਵੱਖ ਸ਼ਹਿਰਾਂ ਵਿੱਚ ਜਨਤਕ ਥਾਵਾਂ 'ਤੇ ਇਕੱਠੇ ਹੋਏ ਸਨ। ਹਾਲਾਂਕਿ ਅਰਜਨਟੀਨਾ ਤੋਂ 4-2 ਦੀ ਹਾਰ ਤੋਂ ਬਾਅਦ ਉਹ ਬੇਕਾਬੂ ਹੋ ਗਏ। ਗ਼ੁੱਸੇ ਵਿਚ ਆਏ ਪ੍ਰਸ਼ੰਸਕਾਂ ਦੀ ਪੁਲਿਸ ਨਾਲ ਝੜਪ ਵੀ ਹੋਈ। ਕਈ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ।

# ਉੱਭਰਦੇ ਖਿਡਾਰੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ



ਕਤਰ ਫੀਫਾ ਵਿਸ਼ਵ ਕੱਪ 2022 ਵਿਚ ਸੀਨੀਅਰ ਅਤੇ ਸਥਾਪਿਤ ਖਿਡਾਰੀਆਂ ਦੇ ਨਾਲ-ਨਾਲ ਅਨੇਕਾਂ ਨੌਜਵਾਨ ਖਿਡਾਰੀਆਂ ਵੀ ਕਮਾਲ ਦਾ ਪ੍ਰਦਰਸ਼ਨ ਕੀਤਾ। ਜੇਕਰ ਰੂਸ ਵਿਚ ਆਯੋਜਿਤ ਕੀਤੇ ਗਏ 2018 ਦੇ ਵਿਸ਼ਵ ਕੱਪ ਦੀ ਤਾਂ ਉਸ ਵਿਚ ਫ਼ਰਾਂਸ ਦੇ ਉੱਭਰਦੇ ਹੋਏ ਖਿਡਾਰੀ ਕਿਲੀਅਨ ਐਮਬਾਪੇ ਨੂੰ 'ਬੇਸਟ ਯੰਗ ਪਲੇਅਰ' ਐਲਾਨਿਆ ਗਿਆ ਸੀ। 2022 ਦੇ ਵਿਸ਼ਵ ਕੱਪ ਵਿਚ ਚਮਕਣ ਵਾਲੀ ਪੁਰਤਗਾਲ ਦਾ ਗੋਂਜ਼ਾਲੋ ਰਾਮੋਸ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਜਿਸ ਨੇ ਸਵਿਟਜ਼ਰਲੈਂਡ ਵਿਰੁੱਧ ਹੈਟ੍ਰਿਕ ਭਾਵ ਤਿੰਨ ਗੋਲ ਕਰ ਕੇ ਆਪਣੀ ਟੀਮ ਨੂੰ 16 ਸਾਲ ਬਾਅਦ ਕੁਆਰਟਰ ਫਾਈਨਲ ਵਿਚ ਪਹੁੰਚਾਇਆ ਸੀ। ਇੰਗਲੈਂਡ ਦੀ ਟੀਮ ਭਾਵੇਂ ਕੁਆਰਟਰ ਫਾਈਨਲ ਵਿਚ ਫ਼ਰਾਂਸ ਕੋਲੋਂ ਹਾਰ ਕੇ ਵਿਸ਼ਵ ਕੱਪ ਤੋਂ ਬਾਹਰ ਹੋ ਗਈ ਸੀ, ਪਰ ਉਸ ਦਾ ਖਿਡਾਰੀ ਬੁਕਾਯੋ ਸਾਕਾ ਸੁਰਖ਼ੀਆਂ ਵਿਚ ਹੈ ਜਿਸ ਨੇ ਈਰਾਨ ਵਿਰੁੱਧ ਦੋ ਅਤੇ ਸੈਨੇਗਲ ਵਿਰੁੱਧ ਇਕ ਗੋਲ ਕੀਤਾ ਸੀ। ਇਸ ਦੇਸ਼ ਦਾ ਇਕ ਹੋਰ ਖਿਡਾਰੀ ਮਾਰਕਸ ਰਸ਼ਫੋਰਡ ਵੀ ਕਾਫ਼ੀ ਚਰਚਾ ਵਿਚ ਹੈ ਜਿਸ ਨੇ ਵੇਲਜ਼ ਵਿਰੁੱਧ ਦੋ ਅਤੇ ਈਰਾਨ ਵਿਰੁੱਧ ਇਕ ਗੋਲ ਕਰ ਕੇ ਖੇਡ ਪ੍ਰੇਮੀਆਂ ਦੇ ਦਿਲ ਜਿੱਤ ਲਏ ਸਨ। ਵਿਸ਼ਵ ਦਰਜਾਬੰਦੀ ਦੀ ਇਕ ਨੰਬਰ ਦੀ ਟੀਮ ਬ੍ਰਾਜ਼ੀਲ ਭਾਵੇਂ ਕੁਆਰਟਰ ਫਾਈਨਲ ਵਿਚ ਕ੍ਰੋਏਸ਼ੀਆ ਹੱਥੋਂ 4-2 ਪੈਨਲਟੀਆਂ ਨਾਲ ਹਾਰ ਕੇ ਵਿਸ਼ਵ ਕੱਪ ਵਿਚੋਂ ਬਾਹਰ ਹੋ ਗਈ ਸੀ ਪਰ ਉਸ ਦੇ ਸ਼ਾਨਦਾਰ ਖਿਡਾਰੀ ਰਿਚਰਲੀਸਨ ਨੇ ਵਿਸ਼ਵ ਕੱਪ ਦੌਰਾਨ ਸਰਬੀਆ ਵਿਰੁੱਧ ਦੋ ਅਤੇ ਦੱਖਣੀ ਕੋਰੀਆ ਵਿਰੁੱਧ ਇਕ ਗੋਲ ਕਰ ਕੇ ਖੇਡ ਵਿਸ਼ਲੇਸ਼ਕਾਂ ਦੇ ਮਨ ਵਿਚ ਖ਼ਾਸ ਜਗ੍ਹਾ ਬਣਾਈ ਹੈ। ਫੁੱਟਬਾਲ ਜਗਤ ਦਾ ਇਕ ਹੋਰ ਉੱਭਰਦਾ ਸਿਤਾਰਾ ਜਿਸ ਵੱਲ ਖੇਡ ਸਮੀਖਅਕਾਂ ਦੀ ਨਜ਼ਰ ਟਿਕੀ ਹੈ ਉਹ ਹੈ ਸਪੇਨ ਦਾ ਅਠਾਰਾਂ ਸਾਲਾਂ ਲਾ-ਲਿਗਾ ਦਾ ਮਿੱਡ ਫੀਲਡਰ ਪਾਬਲੋ ਗਾਵੀ ਜਿਸ ਨੇ ਵਿਸ਼ਵ ਕੱਪ ਦੌਰਾਨ ਆਪਣੀ ਕਾਰਗੁਜ਼ਾਰੀ ਨਾਲ ਲੋਕਾਂ ਨੂੰ ਕਾਫੀ ਪ੍ਰਭਾਵਿਤ ਕੀਤਾ। ਉਸ ਨੇ ਵਿਸ਼ਵ ਕੱਪ ਦੌਰਾਨ ਗੋਲ ਭਾਵੇਂ ਇਕ ਹੀ ਕੀਤਾ ਹੈ ਪਰ ਖੇਡ ਦੇ ਜਾਣਕਾਰ ਉਸ ਦੀ ਖੇਡ ਸ਼ੈਲੀ ਅਤੇ ਉਸ ਦੇ ਦਮ-ਖ਼ਮ ਨੂੰ ਵੇਖਦਿਆਂ ਉਸ ਵਿਚ ਭਵਿੱਖ ਦੇ ਸ਼ਾਨਦਾਰ ਖਿਡਾਰੀ ਨੂੰ ਦੇਖ ਰਹੇ ਹਨ। ਵਿਸ਼ਵ ਕੱਪ 2022 ਵਿਚ ਪ੍ਰਭਾਵੀ ਤਰੀਕੇ ਨਾਲ ਹਾਜ਼ਰੀ ਲਵਾਉਣ ਵਾਲੀ ਏਸ਼ੀਆਈ ਟੀਮ ਸਾਊਦੀ ਅਰਬ ਦੀ ਟੀਮ ਭਾਵੇਂ ਗਰੁੱਪ ਮੁਕਾਬਲਿਆਂ ਵਿਚ ਹੀ ਬਾਹਰ ਹੋ ਗਈ ਸੀ ਪਰ ਉਸ ਦੇ ਖਿਡਾਰੀ ਸਲੇਮ-ਆਲਦਾਵਸਰੀ ਨੇ ਅਰਜਨਟੀਨਾ ਅਤੇ ਮੈਕਸੀਕੋ ਵਿਰੁੱਧ ਗੋਲ ਕਰ ਕੇ ਫੁੱਟਬਾਲ ਪ੍ਰੇਮੀਆਂ ਨੂੰ ਖ਼ਾਸਾ ਪ੍ਰਭਾਵਿਤ ਕੀਤਾ ਹੈ, ਖ਼ਾਸ ਕਰਕੇ ਉਦੋਂ ਜਦੋਂ ਇਸ ਟੀਮ ਨੇ ਆਪਣੇ ਪਹਿਲੇ ਹੀ ਮੈਚ ਵਿਚ ਚੋਟੀ ਦੀ ਟੀਮ ਅਰਜਨਟੀਨਾ ਨੂੰ 2-1 ਨਾਲ ਹਰਾਇਆ ਸੀ।

ਇਕ ਹੋਰ ਏਸ਼ੀਆਈ ਟੀਮ ਜਿਸ ਨੇ ਆਪਣੀ ਛਾਪ ਛੱਡੀ ਹੈ ਉਹ ਹੈ ਦੱਖਣੀ ਕੋਰੀਆ। ਉਸ ਦੇ ਖਿਡਾਰੀ ਚੋ ਗੂ-ਸੰਗ ਨੇ ਕੱਪ ਵਿਚ ਦੋ ਗੋਲ ਕੀਤੇ ਸਨ ਅਤੇ ਆਪਣੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਾਲ ਦਰਸ਼ਕਾਂ ਨੂੰ ਮੰਤਰ ਮੁਗਧ

(ਬਾਕੀ ਸਫ਼ਾ 34 'ਤੇ)

# ਫੁੱਟਬਾਲ ਖੇਡ ਨਾਇਕ ਲਿਓਨਲ ਮੇਸੀ ਦੀ ਜੀਵਨ ਕਥਾ



ਅਰਜਨਟੀਨਾ ਨੇ ਇਸ ਤੋਂ ਪਹਿਲਾਂ ਵਿਸ਼ਵ ਕੱਪ ਮੈਸੀ ਦੇ ਜਨਮ ਤੋਂ ਪਹਿਲਾਂ ਜਿੱਤਿਆ ਸੀ। ਮੈਸੀ 1987 ਵਿਚ ਜਨਮੇ ਤੇ ਅਰਜਨਟੀਨਾ ਨੇ ਵਿਸ਼ਵ ਕੱਪ 1978 ਤੇ 1986 ਵਿੱਚ ਜਿੱਤਿਆ ਸੀ। ਕਈ ਵਾਰ ਮੈਸੀ ਦੀ ਤੁਲਨਾ ਹੁਣ ਤੱਕ ਦੇ ਮਹਾਨ ਖਿਡਾਰੀਆਂ, ਬ੍ਰਾਜ਼ੀਲ ਦੇ ਪੇਲੇ ਅਤੇ ਅਰਜਨਟੀਨਾ ਦੇ ਡਿਏਗੋ ਮੈਰਾਡੋਨਾ ਨਾਲ ਕੀਤੀ ਜਾਂਦੀ ਸੀ। ਪਰ ਮੈਸੀ ਪੜਾਅ ਦਰ ਪੜਾਅ ਸਫ਼ਰ ਤੈਅ ਕਰਦਿਆਂ ਦੁਨੀਆਂ ਦੇ ਬਹਿਤਰੀਨ ਖਿਡਾਰੀ ਬਣੇ। ਲਿਓਨਲ ਮੇਸੀ ਨੇ 2021 ਵਿੱਚ ਸੱਤਵੀਂ ਵਾਰ ਵਿਸ਼ਵ ਫੁੱਟਬਾਲ ਦੇ ਸਰਵੋਤਮ ਖਿਡਾਰੀ ਦਾ ਖ਼ਿਤਾਬ ਜਿੱਤਿਆ। ਮੈਸੀ ਨੇ 2021 ਵਿੱਚ ਆਪਣੀ ਟੀਮ ਨੂੰ ਕੋਪਾ ਅਰਮੀਕਾ ਜਿਤਾਉਣ ਵਿੱਚ ਮਦਦ ਕੀਤੀ ਸੀ। ਉਨ੍ਹਾਂ ਨੇ ਇਸ ਸਾਲ ਕੌਮਾਂਤਰੀ ਪੱਧਰ 'ਤੇ 40 ਗੋਲ ਕੀਤੇ ਸਨ। ਜਿਨ੍ਹਾਂ ਵਿੱਚੋਂ 28 ਬਾਰਸੀਲੋਨਾ ਲਈ, ਚਾਰ ਆਪਣੇ ਨਵੇਂ ਫਰਾਂਸੀਸੀ ਕਲੱਬ ਪੈਰਿਸ ਸੇਂਟ-ਜਰਮਨ ਲਈ ਅਤੇ ਅੱਠ ਅਰਜਨਟੀਨਾ ਲਈ ਕੀਤੇ ਸਨ। ਇੱਕ ਸਾਲ ਨੂੰ ਛੱਡ ਕੇ 2008 ਤੋਂ 2019 ਦਰਮਿਆਨ ਇਹ ਪੁਰਸਕਾਰ ਮੈਸੀ ਜਾਂ ਰੋਨਾਲਡੋ ਨੂੰ ਹੀ ਮਿਲਦਾ ਰਿਹਾ ਹੈ। ਮਹਿਜ਼ ਇੱਕ ਵਾਰ 2018 ਵਿੱਚ, ਕ੍ਰੋਏਸ਼ੀਆ ਦੇ ਮਿਡਫੀਲਡਰ ਲੂਕਾ ਮੋਡ੍ਰਿਕ ਨੂੰ ਇਸ ਸਨਮਾਨ ਮਿਲਿਆ ਸੀ। ਮੈਸੀ ਹੁਣ ਤੱਕ ਇਹ ਇਨਾਮ ਸਭ ਤੋਂ ਵੱਧ ਵਾਰ ਜਿੱਤਣ ਵਾਲੇ ਖਿਡਾਰੀ ਹਨ। ਉਹ 2009, 2010, 2011, 2012, 2015, 2019 ਤੇ 2021 ਵਿੱਚ ਜਿੱਤ ਚੁੱਕੇ ਹਨ। ਲਿਓਨਲ ਮੈਸੀ ਤੇ ਕ੍ਰਿਸਟਾਇਨੋ ਰੋਨਾਲਡੋ ਦੁਨੀਆਂ ਦੇ ਸਭ ਤੋਂ ਮਹਿੰਗੇ ਖਿਡਾਰੀਆਂ ਵਿੱਚੋਂ ਹਨ। 2022 ਦੀ ਫੋਰਬਜ਼ ਵੱਲੋਂ ਜਾਰੀ ਕੀਤੀ ਗਈ ਸੂਚੀ ਮੁਤਾਬਕ ਅਰਜਨਟੀਨਾ ਦੇ ਖਿਡਾਰੀ ਲਿਓਨਲ ਮੈਸੀ ਦੀ ਸਾਲਾਨਾ ਆਮਦਨ 11 ਕਰੋੜ ਅਮਰੀਕਨ ਡਾਲਰ ਹੈ।ਮੈਸੀ ਨੇ ਆਪਣੀ ਬਚਪਨ ਦੀ ਦੋਸਤ ਏਂਤੇਨੇਲਾ ਰੋਕੁਜੋ ਨਾਲ 2017 ਵਿੱਚ ਵਿਆਹ ਕਰਵਾਇਆ। ਉਹ ਏਂਤੇਨੇਲਾ ਨੂੰ 5 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਮਿਲੇ ਸਨ। ਏਂਤੇਨੇਲਾ ਉਨ੍ਹਾਂ ਦੇ ਸਭ ਤੋਂ ਕਰੀਬੀ ਦੋਸਤ ਲੁਕਾਸ ਸੈਕੈਗਲਿਆ ਦੇ ਚਾਚੇ ਦੀ ਧੀ ਹੈ। ਕਤਰ ਵਿਸ਼ਵ ਕੱਪ ਦੌਰਾਨ ਮੈਸੀ ਦੀ ਪਤਨੀ ਤੇ ਬੱਚੇ ਉਨ੍ਹਾਂ ਦੀ ਖ਼ੁਸ਼ੀ ਵਿੱਚ ਸ਼ਾਮਿਲ ਹੋਣ ਪਹੁੰਚੇ ਹੋਏ।

# ਕਤਰ ਫੀਫਾ ਵਰਲਡ ਕੱਪ: ਭੂਗੋਲਿਕ ਧਰਾਤਲ ਬਨਾਮ ਅੰਤਰਰਾਸ਼ਟਰੀ ਕਾਮੇ







ਫੁੱਟਬਾਲ ਵਿਸ਼ਵ ਕੱਪ ਫ਼ਾਈਨਲ ਅਰਜਨਟੀਨਾ ਨੇ ਜਿੱਤ ਲਿਆ ਹੈ। ਅਰਜਨਟੀਨਾ ਦੀ ਇਹ ਜਿੱਤ ਲਿਓਨਲ ਮੈਸੀ ਦੇ ਨਾਮ ਰਹੀ।

ਉਨ੍ਹਾਂ ਇਹ ਜਿੱਤ ਐਮਬਾਪੇ ਦੇ ਤਿੰਨ ਗੋਲਾਂ ਦੇ ਫ਼ਰਾਂਸ ਵਲੋਂ ਦਿੱਤੇ ਸਖ਼ਤ ਮੁਕਾਬਲੇ ਨੂੰ ਪਾਰ ਕਰ ਹਾਸਿਲ ਕੀਤੀ 'ਤੇ ਇਸ ਮੈਚ ਦੌਰਾਨ ਮੈਸੀ, ਐਮਬਾਪੇ ਤੇ ਗੋਲਕੀਪਰ ਐਮਿਲਿਆਨੋ ਮਾਰਟੀਨੇਜ਼ ਦਾ ਜਾਦੂ ਸਭ ਨੂੰ ਕੀਲ ਗਿਆ।

ਪਰ ਇਹ ਵਿਸ਼ਵ ਕੱਪ ਖੇਡ 'ਤੋਂ ਵੀ ਵਧੇਰੇ ਕਈ ਹੋਰ ਕਾਰਨਾਂ ਕਰਕੇ ਵਿਵਾਦਾਂ ਵਿੱਚ ਰਿਹਾ। ਜ਼ਿਕਰਯੋਗ ਹੈ ਕਿ ਇਸ ਮਾਰੂਥਲ ਦੇਸ਼ ਵਿੱਚ ਕਰੀਬ 29 ਲੱਖ ਲੋਕ ਰਹਿੰਦੇ ਹਨ। ਕਤਰ ਵਿਚਲੇ ਪਾਣੀ ਦੇ ਸ੍ਰੋਤਾਂ ਨਾਲ ਜਿੰਨ੍ਹੇ ਲੋਕਾਂ ਦੀ ਪਾਣੀ ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ ਅਤੇ ਕਤਰ ਦੀ ਅਸਲ ਅਬਾਦੀ ਵਿਚਲੇ ਫ਼ਰਕ ਦਾ ਅਰਥ ਹੈ ਕਿ ਵਾਧੂ ਪਾਣੀ ਦੀ ਭਾਲ, ਜਿਸ ਵੀ ਤਰੀਕੇ ਹੋ ਸਕੇ। ਇਸ ਬਾਰੇ ਗੱਲ ਕਰਦਿਆਂ ਕਤਰ ਯੁਨੀਵਰਸਿਟੀ ਵਿੱਚ ਮੈਰੀਨ ਵਿਗਿਆਨ ਦੇ ਪ੍ਰੋਫ਼ੈਸਰ ਰਾਧੌਨ ਬੇਨ ਹਾਮਾਦਾਓ ਕਹਿੰਦੇ ਹਨ ਕਿ ਜੇਕਰ ਜੇ ਤੁਸੀਂ ਪਾਣੀ ਦੇ ਮੌਜੂਦ ਕੁਦਰਤੀ ਸੋਮਿਆਂ ਉੱਤੇ ਨਿਰਭਰ ਰਹਿੰਦੇ ਹੋ , ਤਾਂ ਕਤਰ ਵਿੱਚ ਸਿਰਫ਼ 14 ਹਜ਼ਾਰ ਲੋਕ ਹੀ ਰਹਿ ਸਕਦੇ ਹਨ ਭਾਵ ਓਥੇ ਸਿਰਫ ਇੰਨੇ ਲੋਕਾਂ ਲਈ ਹੀ ਪਾਣੀ ਹੈ ।ਕਤਰ ਵਿੱਚ ਕੋਈ ਨਦੀ ਨਹੀਂ ਹੈ ਅਤੇ ਹਰ ਸਾਲ 10 ਸੈਂਟੀਮੀਟਰ ਤੋਂ ਵੀ ਘੱਟ ਮੀਂਹ ਪੈਂਦਾ ਹੈ। ਇਸ ਨਾਲ ਵਿਸ਼ਵ ਕੱਪ ਸਟੇਡੀਅਮਾਂ ਦਾ ਇੱਕ ਚੌਥਾਈ ਹਿੱਸਾ ਵੀ ਨਾ ਭਰੇਗਾ। ਕਤਰ ਵਿੱਚ ਖੇਡਣ ਦੇ ਅਨੁਕੂਲ ਸਤ੍ਹਾ ਤਿਆਰ ਕਰਨਾ ਦੂਜੇ ਦੇਸ਼ਾਂ ਦੇ ਮੁਕਾਬਲੇ ਵਧੇਰੇ ਚੁਣੌਤੀਪੂਰਨ ਸੀ । ਉੱਤਰੀ ਦੋਹਾ ਵਿੱਚ ਟੂਰਨਾਮੈਂਟ ਲਈ ਬਣਾਏ ਐਮਰਜੈਂਸੀ ਗ੍ਰਾਸ ਰਿਜ਼ਰਵ ਦੇ 425,000 ਸਕੁਏਰ ਮੀਟਰ ਲਈ ਰੀਸਾਈਕਲ ਕੀਤਾ ਪਾਣੀ ਵਰਤਿਆ ਗਿਆ,ਜਦਕਿ ਮੁਕਾਬਲੇ ਅਤੇ ਟਰੇਨਿੰਗ ਵਾਲੀਆਂ ਪਿੱਚਾਂ ਲਈ ਪਾਣੀ ਬਣਾਉਟੀ ਸ੍ਰੋਤ ਤੋਂ ਤਿਆਰ ਕੀਤਾ ਗਿਆ ਤੇ ਇਹ ਸ੍ਰੋਤ ਸੀ ਸਮੁੰਦਰੀ ਪਾਣੀ ਵਿੱਚੋਂ ਲੂਣ ਨੂੰ ਅਲੱਗ ਕਰਕੇ ਤਿਆਰ ਕੀਤਾ ਪਾਣੀ। ਵਿਗਿਆਨਿਕ ਭਾਸ਼ਾ ਵਿਚ ਇਸ ਪ੍ਰਕਿਰਿਆ ਨੂੰ ਅਲਵਣੀਕਰਣ ਜਾਂ ਡੀਸੈਲੀਨੇਸ਼ਨ ਕਹਿੰਦੇ ਹਨ।

ਜ਼ਿਕਰਯੋਗ ਹੈ ਕਿ ਫ਼ੁੱਟਬਾਲ ਵਿਸ਼ਵ ਕੱਪ ਸ਼ੁਰੂ ਹੋਣ ਤੋਂ ਲੈ ਕੇ ਫ਼ਾਈਨਲ ਮੈਚ ਤੱਕ ਲੁਜ਼ੇਲ ਸਟੇਡੀਅਮ ਵਿੱਚ ਕਰੀਬ 300 ਟਨ ਪਾਣੀ ਛਿੜਕਿਆ ਗਿਆ।

ਕਤਰ ਦੇ ਰੇਗਿਸਤਾਨ 'ਚ ਖ਼ੁਸ਼ਕ ਤੇ ਪਾਣੀ ਦੀ ਘਾਟ ਵਾਲੇ ਇਲਾਕੇ ਵਿੱਚ ਸਟੇਡੀਅਮ 'ਚ ਲੱਗੇ ਘਾਹ ਦਾ ਤਾਪਮਾਨ ਫ਼ੁੱਟਬਾਲ ਖੇਡਣ ਦੇ ਅਨੁਕੂਲ ਬਣਾਈ ਰੱਖਣਾ ਇੱਕ ਚੁਣੌਤੀ ਹੈ।

ਅਜਿਹਾ ਯਕੀਨੀ ਬਣਾਉਣ ਲਈ ਦੇਸ਼ ਭਰ ਵਿੱਚ ਟਰੇਨਿੰਗ ਤੇ ਮੁਕਾਬਲਿਆਂ ਲਈ ਵਰਤੇ ਜਾ ਰਹੇ ਗਰਾਊਂਡਾਂ ਵਿੱਚ ਹਰ ਰੋਜ਼ 10 ਹਜ਼ਾਰ ਲੀਟਰ ਪਾਣੀ ਛਿੜਕਿਆ ਜਾਂਦਾ ਹੈ।

ਪਾਣੀ ਦੀ ਇੰਨੇ ਵੱਡੇ ਪੱਧਰ 'ਤੇ ਵਰਤੋਂ, ਪਾਣੀ ਦੀ ਹੀ ਕਿੱਲਤ ਨਾਲ ਜੂਝ ਰਹੇ ਦੇਸ਼ ਲਈ ਇੱਕ ਹੋਰ ਚੁਣੌਤੀ ਵੀ ਪੈਦਾ ਕਰਦੀ ਹੈ ਕਿ ਉਹ ਵਾਤਾਵਰਣ 'ਤੇ ਕਿਸੇ ਵੀ ਮਾੜੇ ਪ੍ਰਭਾਵ ਨੂੰ ਨਾ ਪੈਣ ਦੇਣ। ਉਹਨਾਂ ਦਾ ਕਹਿਣਾ ਹੈ ਕਿ ਜੇ ਵਿਸ਼ਵ ਕੱਪ ਹਰ ਵਾਰ ਦੀ ਤਰ੍ਹਾਂ ਗਰਮੀਆਂ ਵਿੱਚ ਹੁੰਦਾ ਤਾਂ ਕਤਰ ਦੇ ਅੱਠ ਸਟੇਡੀਅਮਾਂ ਵਿੱਚ ਕੰਮ ਕਰਦੇ ਗਰਾਊਂਡ ਸਟਾਫ਼ ਲਈ ਮੁਸ਼ਕਿਲ ਹੋਰ ਵੱਡੀ ਹੋ ਸਕਦੀ ਸੀ ਤੇ ਅਜਿਹੀ ਸੂਰਤ 'ਚ ਹਰ ਰੋਜ਼ 50 ਹਜ਼ਾਰ ਲੀਟਰ ਪਾਣੀ ਦੀ ਲੋੜ ਪੈਣੀ ਸੀ।

ਸਿਰਫ਼ ਇਹੀ ਨਹੀਂ ਅੰਤਰਰਾਸ਼ਟਰੀ ਮਜ਼ਦੂਰਾਂ ਨਾਲ ਹੋ ਰਹੇ ਸਲੂਕ ਲਏ ਵੀ ਕਤਰ ਵਿਵਾਦ 'ਚ ਘਿਰ ਗਿਆ ਹੈ। ਪਿਛਲੇ ਸਾਲ ਗਾਰਡੀਅਨ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ ਕਤਰ ਦੇ ਮੇਜ਼ਬਾਨ ਬਣਨ ਤੋਂ ਬਾਅਦ 2010 ਤੋਂ ਲੈ ਕੇ 2020 ਵਿਚਕਾਰ ਭਾਰਤ, ਪਾਕਿਸਤਾਨ, ਨੇਪਾਲ, ਸ਼੍ਰੀਲੰਕਾ ਅਤੇ ਬੰਗਲਾਦੇਸ਼ ਤੋਂ ਕਤਰ ਵਿੱਚ ਨਿਰਮਾਣ ਕਾਰਜਾਂ ਲਈ ਗਏ ਮਜ਼ਦੂਰਾਂ ਵਿੱਚੋਂ 6,500 ਪ੍ਰਵਾਸੀ ਮਜ਼ਦੂਰਾਂ ਦੀ ਮੌਤ ਹੋ ਚੁੱਕੀ ਹੈ।

ਕਾਮਿਆਂ ਦੇ ਅਧਿਕਾਰਾਂ ਨਾਲ ਸਬੰਧਤ ਸਮੂਹ ਫੇਅਰ ਸਕੁਏਅਰ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਵਿੱਚ ਕਈ ਵਰਲਡ ਕੱਪ ਇੰਫਰਾਸਟਰੱਕਚਰ ਪ੍ਰਾਜੈਕਟ 'ਚ ਕੰਮ ਕਰ ਰਹੇ ਸਨ।

ਹਿਊਮਨ ਰਾਈਟ ਵਾਚ ਦੀ 2021 ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਪਰਵਾਸੀ ਮਜ਼ਦੂਰ ਹੁਣ ਵੀ ਤਨਖ਼ਾਹ ਵਿੱਚ ਗ਼ੈਰਕਾਨੂੰਨੀ ਤਰੀਕੇ ਨਾਲ ਕੀਤੀ ਗਈ ਕਟੌਤੀ ਝੱਲ ਰਹੇ ਹਨ। ਇਸ ਦੇ ਨਾਲ ਹੀ ਦਿਨ ਭਰ ਵਿੱਚ ਕਈ ਘੰਟੇ ਕੰਮ ਕਰਨ ਦੇ ਬਾਵਜੂਦ ਕਈ ਮਹੀਨੇ ਤੱਕ ਬਿਨਾਂ ਤਨਖ਼ਾਹ ਤੋਂ ਕੰਮ ਕਰਨ ਲਈ ਮਜਬੂਰ ਸਨ।

ਇਹੀ ਨਹੀਂ ਇਹ ਮਜ਼ਦੂਰ ਅਣਮਨੁੱਖੀ ਵਤੀਰਾ ਝੱਲ ਰਹੇ ਹਨ। ਕਤਰ ਦੇ ਅਲ ਜਨੌਬ ਸਟੇਡੀਅਮ ਤੋਂ 20 ਕਿਲੋਮੀਟਰ ਦੂਰ, ਹਜ਼ਾਰਾਂ ਪਰਵਾਸੀ ਮਜ਼ਦੂਰ ਵੱਡੀ ਸਕਰੀਨ 'ਤੇ ਫ਼ੁੱਟਬਾਲ ਮੈਚ ਦੇਖਦੇ ਸਨ। ਇਹ ਉਸ ਥਾਂ ਦੇ ਨੇੜੇ ਨਹੀਂ ਜਾ ਸਕਦੇ, ਜਿਸ ਨੂੰ ਇਨ੍ਹਾਂ ਵਿੱਚੋਂ ਕਈਆਂ ਨੇ ਆਪਣੇ ਹੱਥਾਂ ਨਾਲ ਬਣਾਇਆ।

ਟੀਵੀ 'ਤੇ ਦਿਖਾਏ ਜਾਂਦੇ ਕੌਸਮੋਪੋਲੀਟਨ, ਆਲੀਸ਼ਾਨ ਅਤੇ ਅਤਿ-ਅਧੁਨਿਕ ਦੋਹਾ ਦੀ ਚਮਕ ਤੋਂ ਦੂਰ, ਦੇਸ਼ ਵਿਚਲੇ ਸਭ ਤੋਂ ਹੇਠਲੇ ਤਬਕੇ ਦੇ ਲੋਕ 'ਗਰੀਬਾਂ ਦੇ ਫੈਨ ਜ਼ੋਨ' ਵਿੱਚ ਇਕੱਠੇ ਹੁੰਦੇ ਹਨ। ਵਾਤਾਵਰਨ ਵਿਚ ਵਿਗਾੜ ਦਾ ਖਮਿਆਜ਼ਾ ਪੂਰੇ ਵਿਸ਼ਵ ਨੇ ਝੱਲਿਆ ਹੈ ਤੇ ਝੱਲ ਰਿਹਾ ਹੈ ਅਤੇ ਇਸ ਤੋਂ ਬਾਅਦ ਆਈ ਆਰਥਿਕ ਮੰਦੀ ਨੇ ਕਈਆਂ ਨੂੰ ਪਰਵਾਸ ਕਰਨ 'ਤੇ ਮਜ਼ਬੂਰ ਕੀਤਾ ਹੈ, ਪਰ ਮਜ਼ਦੂਰਾਂ ਦੇ ਹੱਕਾਂ ਦੇ ਹੋ ਰਹੇ ਘਾਣ ਲਈ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ।

# ਟਰੰਪ ਦੇ ਹੱਕ 'ਚ ਨਹੀਂ ਅਮਰੀਕੀ ਜਮਹੂਰੀਅਤ

ਦਰਬਾਰਾ ਸਿੰਘ ਕਾਹਲੋਂ

ਦੂਸਰੇ ਵਿਸ਼ਵ ਯੁੱਧ ਸਮੇਂ ਬਰਤਾਨੀਆ ਦੇ ਤਾਕਤਵਰ ਪ੍ਰਧਾਨ ਮੰਤਰੀ ਰਹੇ ਵਿੰਸਟਨ ਚਰਚਿਲ ਦਾ ਮੰਨਣਾ ਸੀ ਕਿ ਹੁਣ ਤੱਕ ਇਸ ਵਿਸ਼ਵ ਵਿਚ ਜਿੰਨੀਆਂ ਵੀ ਕਿਸਮਾਂ ਦੀਆਂ ਸਰਕਾਰਾਂ ਅਜ਼ਮਾਈਆਂ ਗਈਆਂ, ਉਨ੍ਹਾਂ 'ਚੋਂ ਸਭ ਤੋਂ ਭੈੜੀ ਕਿਸਮ ਦੀ ਲੋਕਤੰਤਰੀ ਸਰਕਾਰ ਹੈ। ਇਨ੍ਹਾਂ ਬੋਲਾਂ ਵਿਚ ਕਿਧਰੇ ਵੀ ਅਤਿਕਥਨੀ ਵਿਖਾਈ ਨਹੀਂ ਦਿੰਦੀ। ਇਨ੍ਹਾਂ ਵਿਚ ਭਾਵੇਂ ਪੁਰਾਤਨਕਾਲੀ ਯੂਨਾਨੀ 'ਸਿਟੀ ਸਟੇਟਸ' ਹੋਣ, ਸਭ ਤੋਂ ਪੁਰਾਣੀ ਚਲੀ ਆ ਰਹੀ ਬਰਤਾਨਵੀ ਪਾਰਲੀਮੈਂਟਰੀ ਸਰਕਾਰ ਹੋਵੇ, ਸਭ ਤੋਂ ਤਾਕਤਵਰ ਅਮਰੀਕੀ ਰਾਸ਼ਟਰਪਤੀ ਕਿਸਮ ਵਾਲੀ ਸਰਕਾਰ ਹੋਵੇ ਜਾਂ ਫਿਰ ਸਭ ਤੋਂ ਵਿਸ਼ਾਲ ਪਾਰਲੀਮੈਂਟਰੀ ਜਨਤਕ ਭਲਾਈ ਵਾਲੀ ਭਾਰਤੀ ਲੋਕਤੰਤਰੀ ਸਰਕਾਰ ਹੋਵੇ, ਲਿਖਤੀ ਜਾਂ ਅਲਿਖਤੀ ਸੰਵਿਧਾਨ ਅਨੁਸਾਰ ਚੱਲਣ ਵਾਲੀਆਂ ਇਨ੍ਹਾਂ ਸਭ ਸਰਕਾਰਾਂ ਵਿਚ ਇਕ ਕਾਨੂੰਨ ਮਿੱਤਰਾਂ ਲਈ, ਦੂਸਰਾ ਦੁਸ਼ਮਣਾਂ ਲਈ ਹੁੰਦਾ ਹੈ।

ਇਕ ਕਾਨੂੰਨ ਤਾਕਤਵਰਾਂ ਲਈ ਅਤੇ ਦੂਸਰਾ ਸ਼ਕਤੀਹੀਣਾਂ ਲਈ ਹੁੰਦਾ ਹੈ। ਇਕ ਅਮੀਰਾਂ ਅਤੇ ਦੂਸਰਾ ਗ਼ਰੀਬਾਂ ਲਈ ਮੌਜੂਦ ਹੈ। ਲੋਕਸ਼ਾਹੀਆਂ ਵਿਚ ਕਿਧਰੇ ਵੀ ਲੋਕਾਂ ਨੂੰ ਨਹੀਂ ਦਰਸਾਇਆ ਜਾਂਦਾ ਕਿ ਕਾਨੂੰਨ ਸਰਬ ਸਾਂਝਾ ਅਤੇ ਭੇਦਭਾਵ ਰਹਿਤ ਹੁੰਦਾ ਹੈ।



ਅਮਰੀਕਾ ਦਾ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਜਿਸ ਨੇ ਸੰਨ 2016 ਵਿਚ ਰਿਪਬਲਿਕਨ ਉਮੀਦਵਾਰ ਵਜੋਂ ਚੋਣਾਂ ਜਿੱਤੀਆਂ ਅਤੇ 4 ਸਾਲਾ ਸੱਤਾ ਕਾਰਜਕਾਲ ਤੋਂ ਬਾਅਦ ਸੰਨ 2020 ਵਿਚ ਚੋਣਾਂ ਹਾਰਨ ਦੇ ਬਾਵਜੂਦ ਸੱਤਾ ਵਿਚ ਬਣੇ ਰਹਿਣ ਲਈ ਉਸ ਨੇ ਵੱਡੇ ਹੱਥਕੰਡੇ ਅਪਣਾਏ ਅਤੇ ਆਖ਼ਰ 6 ਜਨਵਰੀ 2021 ਨੂੰ ਆਪਣੇ ਨਿਊ ਨਾਜ਼ੀਵਾਦੀ, ਗੋਰਾ ਨਸਲਵਾਦੀ ਅਤੇ ਹਿੰਸਕ ਸਮਰਥਕਾਂ ਨੂੰ ਅਮਰੀਕੀ ਕਾਂਗਰਸ 'ਤੇ ਹਮਲਾ ਕਰਨ ਲਈ ਉਕਸਾਇਆ। ਸੰਨ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਮੂੰਹ ਦੀ ਖਾਣ ਵਾਲੇ ਟਰੰਪ ਜਿਸ 'ਤੇ ਪਦ 'ਤੇ ਹੁੰਦੇ ਹੋਏ ਦੋ ਵਾਰ ਮਹਾਦੋਸ਼ ਅਮਰੀਕੀ ਕਾਂਗਰਸ ਵੱਲੋਂ ਚਲਾਇਆ ਗਿਆ ਹੋਵੇ, ਉਸ ਨੇ ਸੰਨ 2024 ਵਿਚ ਦੁਬਾਰਾ ਰਾਸ਼ਟਰਪਤੀ ਚੋਣ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਦਾਅਵੇਦਾਰੀ ਦਾ ਐਲਾਨ ਕਰ ਦਿੱਤਾ ਹੈ।

**ਰਾਸ਼ਟਰਘਾਤੀ ਹੈ ਛਲ-ਬਲ ਨਾਲ ਧਰਮ-ਪਰਿਵਰਤਨ ਕਰਵਾਉਣਾ, ਬਣਾਉਣੇ ਹੋਣਗੇ ਸਪੱਸ਼ਟ ਕਾਇਦੇ-ਕਾਨੂੰਨ**

ਡੋਨਾਲਡ ਟਰੰਪ ਦੇ ਹਮਾਇਤੀ ਅਮਰੀਕੀ ਮੱਧਕਾਲੀ ਚੋਣਾਂ ਵਿਚ ਸ਼ਿਕਸਤ ਖਾ ਚੁੱਕੇ ਹਨ ਜਿਸ ਤੋਂ ਉਸ ਨੇ ਕੋਈ ਸਬਕ ਨਹੀਂ ਸਿੱਖਿਆ। ਉਸ ਦੇ ਖ਼ਿਲਾਫ਼ 6 ਜਨਵਰੀ 2021 ਨੂੰ ਕੀਤੇ ਗੁਨਾਹ ਕਰ ਕੇ ਕਾਨੂੰਨੀ ਪ੍ਰਕਿਰਿਆ ਤੇ ਜਾਂਚ ਚੱਲ ਰਹੀ ਹੈ। ਇਹੀ ਨਹੀਂ, ਟਰੰਪ 'ਤੇ ਜਾਰਜੀਆ ਰਾਜ ਦੇ ਚੋਣ ਨਤੀਜੇ ਪ੍ਰਭਾਵਿਤ ਕਰਨ ਦੇ ਦੋਸ਼ ਵੀ ਉਸ 'ਤੇ ਹਨ ਤੇ ਗ਼ੈਰ-ਕਾਨੂੰਨੀ ਤੌਰ 'ਤੇ ਆਪਣੇ ਕਾਰਜਕਾਲ ਤੋਂ ਬਾਅਦ ਕਲਾਸੀਫਾਈਡ ਦਸਤਾਵੇਜ਼ ਚੋਰੀ ਕੀਤੇ ਜਾਣ ਦੇ ਇਲਜ਼ਾਮ ਵੀ ਹਨ। ਇਸ ਸਬੰਧੀ ਨਾ ਸਿਰਫ਼ ਉਸ ਨੇ ਆਪ ਕੁਫਰ ਤੋਲਿਆ ਬਲਕਿ ਹਮਾਇਤੀਆਂ ਨੂੰ ਵੀ ਅਜਿਹਾ ਕਰਨ ਲਈ ਮਜਬੂਰ ਕੀਤਾ ਸੀ। ਕੁਫਰ ਤੋਲਣ ਵਿਚ ਟਰੰਪ ਨੇ ਨਾਜ਼ੀਵਾਦੀ ਹਿਟਲਰ ਦੇ ਪਬਲਿਕ ਰਿਲੇਸ਼ਨ ਮੰਤਰੀ ਗੋਬਲਜ਼ ਨੂੰ ਵੀ ਮਾਤ ਪਾ ਦਿੱਤੀ ਹੈ। ਡੋਨਾਲਡ ਟਰੰਪ ਨੇ ਰਾਸ਼ਟਰਪਤੀ ਹੁੰਦੇ ਹੋਏ ਲੋਕਤੰਤਰ, ਇਸ ਦੇ ਮਜ਼ਬੂਤ ਸੰਸਥਾਤਮਿਕ ਸਤੰਭਾਂ, ਨਿਰਪੱਖ ਨਿਆਂਪਾਲਿਕਾ ਤੇ ਮੀਡੀਆ ਦਾ ਮਜ਼ਾਕ ਉਡਾਇਆ ਸੀ ਅਤੇ ਇਨ੍ਹਾਂ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਸੀ।

ਵੱਡਾ ਸਵਾਲ ਇਹ ਹੈ ਕਿ ਅਮਰੀਕੀ ਅਵਾਮ ਅਤੇ ਲੋਕਤੰਤਰ ਅਜਿਹੇ ਵਿਅਕਤੀ ਨੂੰ ਮੁੜ ਸਵੀਕਾਰ ਕਿਵੇਂ ਕਰ ਸਕਦਾ ਹੈ ? ਜਦੋਂ ਦਾ ਸੰਨ 2015 ਵਿਚ ਇਹ ਕਾਰੋਬਾਰੀ ਕਾਰਪੋਰੇਟਵਾਦੀ ਅਮਰੀਕੀ ਰਾਜਨੀਤੀ ਵਿਚ ਦਾਖ਼ਲ ਹੋਇਆ ਹੈ, ਉਸ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਅਮਰੀਕੀ ਲੋਕਤੰਤਰ, ਇਸ ਦੀਆਂ ਸੰਸਥਾਵਾਂ, ਰਵਾਇਤਾਂ, ਸੰਵਿਧਾਨਕ ਪ੍ਰੰਪਰਾਵਾਂ ਨੂੰ ਉਲਟ-ਪੁਲਟ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਲੋਕਤੰਤਰ ਨੂੰ ਆਪਣੇ ਰਾਜਨੀਤਕ, ਕਾਰੋਬਾਰੀ, ਘੱਟਗਿਣਤੀ ਸਿਆਹਫਾਮਾਂ, ਹਿਸਪੈਨਿਕਾਂ, ਮਿਹਨਤਕਸ਼ਾਂ, ਛੋਟੇ ਕਾਰੋਬਾਰੀਆਂ ਵਿਰੁੱਧ ਹਥਿਆਰ ਬਣਾ ਕੇ ਰੱਖ ਦਿੱਤਾ। ਰਾਸ਼ਟਰਪਤੀ ਦੇ ਅਹੁਦੇ ਦੀ ਤਾਕਤਵਰ ਸੰਸਥਾ ਦਾ ਸ਼ਰਮਨਾਕ ਢੰਗ ਨਾਲ ਦੁਰਉਪਯੋਗ ਕੀਤਾ। ਸੰਨ 2016 ਵਿਚ ਚੋਣ ਪ੍ਰਚਾਰ ਵੇਲੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਲੋਕਾਂ ਲਈ ਨਵੀਂ ਆਸ ਦੀ ਕਿਰਨ ਬਣੇਗਾ ਜੋ ਮੌਜੂਦਾ ਸਿਸਟਮ, ਰਾਜਨੀਤੀ, ਪ੍ਰਬੰਧ ਤੋਂ ਅੱਕ ਅਤੇ ਥੱਕ ਚੁੱਕੇ ਹਨ। ਉਹ ਅਮਰੀਕਾ ਦਾ ਖੁੱਸਿਆ ਗੌਰਵ ਬਹਾਲ ਕਰੇਗਾ।

ਉਸ ਦੇ ਸ਼ਾਸਨ, ਵਿਕਾਸ ਕਾਰਜਾਂ, ਨਵੀਨਤਮ ਤਕਨੀਕੀ, ਸਾਇੰਸੀ, ਪੁਲਾੜ ਪ੍ਰਾਜੈਕਟਾਂ ਦਾ ਕੇਂਦਰ ਅਮਰੀਕੀ ਅਵਾਮ ਅਤੇ ਅਮਰੀਕਾ ਹੋਵੇਗਾ ਪਰ ਸੱਤਾ ਸੰਭਾਲਣ ਤੋਂ ਬਾਅਦ ਟਰੰਪ ਅਤੇ ਰਿਪਬਲਿਕਨ ਪਾਰਟੀ ਨੇ ਰਾਸ਼ਟਰ ਨੂੰ ਇਕ ਤੋਂ ਬਾਅਦ ਦੂਸਰੀ ਅਸਫਲਤਾ ਅਤੇ ਨਿਘਾਰ ਵੱਲ ਧੱਕਿਆ। ਜਿਸ ਕੋਵਿਡ-19 ਮਹਾਂਮਾਰੀ ਨੂੰ ਉਸ ਨੇ ਮਜ਼ਾਕ ਵਿਚ ਲਿਆ, ਉਸ ਅੱਗੇ ਉਹ ਅਤੇ ਉਸ ਦਾ ਪ੍ਰਸ਼ਾਸਨ ਮੂਧੇ ਮੂੰਹ ਡਿੱਗਾ ਬੇਵੱਸ ਨਜ਼ਰ ਆਇਆ। ਮਹਾਸ਼ਕਤੀ ਦੇ ਸਿਹਤ ਪ੍ਰਬੰਧਾਂ ਦੀ ਪੋਲ ਪੂਰੇ ਵਿਸ਼ਵ ਮੂਹਰੇ ਖੁੱਲ੍ਹ ਗਈ। ਸੰਨ 2018 ਦੀਆਂ ਅਮਰੀਕੀ ਮੱਧਕਾਲੀ ਚੋਣਾਂ ਵਿਚ ਰਿਪਬਲਿਕਨ ਕਾਂਗਰਸ ਵਿਚ ਹਾਰ ਗਏ। ਸੰਨ 2020 ਵਿਚ ਸੈਨੇਟ ਅਤੇ ਫਿਰ ਰਾਸ਼ਟਰਪਤੀ ਚੋਣਾਂ ਵਿਚ ਹਾਰ ਗਏ। ਹੁਣ ਨਵੰਬਰ 2022 ਦੀਆਂ ਮੱਧਕਾਲੀ ਚੋਣਾਂ ਵਿਚ ਹਾਰ ਕਾਰਨ ਅਮਰੀਕੀ ਕੌਮ ਨੂੰ ਗੁਮਰਾਹ ਕਰਨ ਅਤੇ ਉਸ ਨਾਲ ਝੂਠ ਬੋਲਣ ਦਾ ਮੁਗਾਲਤਾ ਸਪੱਸ਼ਟ ਹੋ ਗਿਆ ਹੈ। ਨਿਊ ਹੈਂਪਸ਼ਾਇਰ ਦੇ ਹਰਮਨ ਪਿਆਰੇ ਰਿਪਬਲਿਕਨ ਗਵਰਨਰ ਕਰਿਸ ਸਨੂੰਨੂ ਨੇ ਬਹੁਤ ਸੌਖੇ ਜਿੱਤ ਹਾਸਲ ਕਰਨ ਉਪਰੰਤ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਹਾਰੇ ਹੋਏ ਵਿਅਕਤੀ ਹਨ ਅਤੇ ਹੈਂਪਸ਼ਾਇਰ, ਨਿਊਯਾਰਕ, ਅਰੀਜ਼ੋਨਾ, ਮਿਸ਼ੀਗਨ, ਪੈਨਸਲਵੇਨੀਆ ਆਦਿ ਰਾਜਾਂ ਵਿਚ ਉਸ ਦੀ

(ਬਾਕੀ ਸਫ਼ਾ 35 'ਤੇ)

ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਅੰਕ

# ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ



ਪ੍ਰਿੰ. ਪ੍ਰਿਤਪਾਲ ਸਿੰਘ
ਮਹਿਰੋਕ (ਡਾ.)
98885-10185



ਸ਼ਹਾਦਤਾਂ ਦਾ ਲੰਮਾ ਇਤਿਹਾਸ ਸਿੱਖ ਕੌਮ ਦੀ ਮਾਣਮੱਤੀ ਇਤਿਹਾਸਕ ਪਰੰਪਰਾ ਦਾ ਹਿੱਸਾ ਹੈ। ਇਤਿਹਾਸ ਗਵਾਹ ਹੈ ਕਿ ਮੁਗ਼ਲ ਹਾਕਮ ਲੰਮੇ ਅਰਸੇ ਤਕ ਗ਼ੈਰ-ਇਸਲਾਮੀ ਲੋਕਾਂ ਉਪਰ ਅਥਾਹ ਜ਼ੁਲਮ ਕਰਦੇ ਰਹੇ। ਮੁਗ਼ਲ ਹਾਕਮ ਇਸ ਭਰਮ ਨੂੰ ਪਾਲਦੇ ਰਹੇ ਸਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਨਾਲ-ਨਾਲ ਜਦੋਂ ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਅਸਹਿ ਤਸੀਹੇ ਦਿੱਤੇ ਜਾ ਚੁੱਕੇ ਸਨ ਤਾਂ ਆਵਾਮ ਵਿੱਚ ਏਨਾ ਡਰ ਪੈਦਾ ਹੋ ਚੁੱਕਿਆ ਹੋਵੇਗਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਿੱਢੀ ਇਨਕਲਾਬੀ ਲਹਿਰ ’ਤੇ ਚੱਲਣ ਤੋਂ ਤੌਬਾ ਕਰ ਲੈਣਗੇ। ਇਸ ਲਹਿਰ ਨਾਲ ਜੁੜਨਾ ਤਾਂ ਕੀ, ਇਸ ਦਾ ਜ਼ਿਕਰ ਕਰਨ ਤੋਂ ਵੀ ਉਹ ਕੰਬਣ ਲੱਗ ਜਾਣਗੇ। ਦਰਅਸਲ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਨਹੀਂ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਚੱਲੇ ਕੁਰਬਾਨੀਆਂ ਦੇ ਸਿਲਸਿਲੇ ਨੇ ਸਿੱਖੀ ਦੀਆਂ ਜੜ੍ਹਾਂ ਏਨੀਆਂ ਮਜ਼ਬੂਤ ਕਰ ਦਿੱਤੀਆਂ ਹਨ ਕਿ ਇਨ੍ਹਾਂ ਨੂੰ ਕੋਈ ਹਿਲਾ ਨਹੀਂ ਸਕਦਾ। 1686 ਈਸਵੀ ਵਿੱਚ ਭੰਗਾਣੀ ਦੇ ਯੁੱਧ ਵਿੱਚ ਖਾਧੀ ਹਾਰ ਦੀ ਸ਼ਰਮਿੰਦਗੀ ਝੱਲਣ ਵੇਲੇ ਬਾਈਧਾਰ ਦੇ ਰਾਜਿਆਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਇਹ ਲਹਿਰ ਏਨਾ ਜ਼ੋਰ ਫੜ ਗਈ ਸੀ ਕਿ ਇਸ ਨੂੰ ਠੱਲ੍ਹ ਪਾ ਸਕਣੀ ਆਸਾਨ ਨਹੀਂ ਸੀ।

1699 ਈਸਵੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਉਨ੍ਹਾਂ ਊਚ-ਨੀਚ ਅਤੇ ਜਾਤ-ਪਾਤ ਦੇ ਭੇਦ ਮਿਟਾ ਕੇ ਮਾਨਵ ਜਾਤੀ ਦੇ ਇੱਕਸਮਾਨ ਹੋਣ ਦਾ ਐਲਾਨ ਕੀਤਾ, ਜਿਸ ਕਾਰਨ ਕੁਝ ਲੋਕਾਂ ਨੂੰ ਬਹੁਤ ਤਕਲੀਫ਼ ਹੋਈ। ਤਲਖੀ ਵਿੱਚ ਆ ਕੇ ਔਰੰਗਜ਼ੇਬ ਨੇ ਆਪਣੀਆਂ ਫ਼ੌਜਾਂ ਨੂੰ ਆਨੰਦਪੁਰ ਸਾਹਿਬ ’ਤੇ ਚੜ੍ਹਾਈ ਕਰ ਦੇਣ ਦਾ ਹੁਕਮ ਸੁਣਾ ਦਿੱਤਾ। 1701 ਈਸਵੀ ਵਿੱਚ ਪਹਾੜੀ ਰਾਜੇ ਵੀ ਫ਼ੌਜਾਂ ਲੈ ਕੇ ਆਨੰਦਪੁਰ ਸਾਹਿਬ ਨੂੰ ਘੇਰਨ ਲਈ ਆ ਗਏ ਸਨ। ਦਿੱਲੀ ਦੀਆਂ ਸ਼ਾਹੀ ਫ਼ੌਜਾਂ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੀ ਵੱਡੀ ਰਲਵੀਂ ਤਾਕਤ ਨੇ 1701 ਤੋਂ 1704 ਈਸਵੀ ਤਕ ਆਨੰਦਪੁਰ ਸਾਹਿਬ ਦੁਆਲੇ ਘੇਰਾ ਪਾਈ ਰੱਖਿਆ ਪਰ ਉਹ ਆਪਣੀ ਸਮੂਹਿਕ ਵਿਉਂਤਬੰਦੀ ਨਾਲ ਵੀ ਜਿੱਤ ਹਾਸਲ ਨਾ ਕਰ ਸਕੇ। ਦੁਸ਼ਮਣਾਂ ਨੇ ਝੂਠੀਆਂ ਸਹੁੰਆਂ ਖਾ ਕੇ, ਛਲ-ਕਪਟ ਕਰ ਕੇ ਅਤੇ ਚਾਲਾਂ ਚੱਲ ਕੇ ਕਿਲ੍ਹਾ ਖਾਲੀ ਕਰਵਾ ਲਿਆ ਪਰ ਗੁਰੂ ਸਾਹਿਬ ਦੇ ਕਿਲ੍ਹੇ ਵਿੱਚੋਂ ਬਾਹਰ ਆਉਣ ਸਾਰ ਹੀ ਧਾਵਾ ਬੋਲ ਦਿੱਤਾ। ਇਹ ਲੜਾਈ ਤਿੰਨ ਸਾਲ ਤਕ ਚੱਲਦੀ ਰਹੀ। ਗੁਰੂ ਸਾਹਿਬ ਨੇ 1704 ਈਸਵੀ ਵਿੱਚ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਸੀ। ਸਰਸਾ ਨਦੀ ਨੂੰ ਪਾਰ ਕਰਦਿਆਂ ਮੁੜ ਘਮਸਾਨ ਦਾ ਯੁੱਧ ਹੋਇਆ ਅਤੇ ਗੁਰੂ ਸਾਹਿਬ ਦਾ ਪਰਿਵਾਰ ਵਿਛੜ ਗਿਆ। ਮਾਤਾ ਸੁੰਦਰੀ ਜੀ ਦਿੱਲੀ ਵਾਲੇ ਪਾਸੇ ਚਲੇ ਗਏ। ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਇੱਕ ਪਾਸੇ ਰਹਿ ਗਏ। ਮਾਤਾ ਜੀ ਨਾਲ ਗੁਰੂ ਘਰ ਦਾ ਰਸੋਈਆ ਗੰਗੂ ਵੀ ਸੀ। ਉਸ ਨੇ ਮਾਤਾ ਜੀ ਨੂੰ ਉਸ ਦੇ ਪਿੰਡ ਚੱਲ ਕੇ ਰਹਿਣ ਲਈ ਬੇਨਤੀ ਕੀਤੀ। ਮਾਤਾ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਉਸ ਦੇ ਘਰ ਪਿੰਡ ਖੇੜੀ ਜਾ ਟਿਕੇ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਰਹਿ ਗਏ। ਗੁਰੂ ਸਾਹਿਬ ਨੇ ਚਮਕੌਰ ਸਾਹਿਬ ਵਿਖੇ ਇੱਕ ਹਵੇਲੀ ਵਿੱਚ ਵਿਸ਼ਰਾਮ ਕੀਤਾ। ਪਿੱਛਾ ਕਰ ਰਹੇ ਦੁਸ਼ਮਣ ਇੱਥੇ ਵੀ ਆ ਪਹੁੰਚੇ। ਗੁਰੂ ਸਾਹਿਬ ਨਾਲ ਇਸ ਸਮੇਂ ਚਾਲੀ ਸਿੰਘ ਸਨ। ਘਮਸਾਨ ਦੇ ਯੁੱਧ ਦੌਰਾਨ ਸਿੰਘਾਂ ਨੇ ਦੁਸ਼ਮਣ ਦੇ ਆਹੂ ਲਾਹ ਸੁੱਟੇ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰੂ ਜੀ ਨੂੰ ਬੇਨਤੀ ਕਰਦੇ ਹੋਏ ਉਨ੍ਹਾਂ ਤੋਂ ਯੁੱਧ ਵਿੱਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਬੇਹੱਦ ਪ੍ਰਸੰਨ ਹੋਏ ਅਤੇ ਉਨ੍ਹਾਂ ਆਪ ਉਨ੍ਹਾਂ ਨੂੰ ਕਿਰਪਾਨ ਭੇਟ ਕੀਤੀ ਅਤੇ ਅਸੀਸ ਦਿੱਤੀ।

*ਗੁਰੂ ਸਾਹਿਬ ਨੇ 1704 ਈਸਵੀ ਵਿੱਚ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਸੀ। ਸਰਸਾ ਨਦੀ ਨੂੰ ਪਾਰ ਕਰਦਿਆਂ ਮੁੜ ਘਮਸਾਨ ਦਾ ਯੁੱਧ ਹੋਇਆ ਅਤੇ ਗੁਰੂ ਸਾਹਿਬ ਦਾ ਪਰਿਵਾਰ ਵਿਛੜ ਗਿਆ। ਮਾਤਾ ਸੁੰਦਰੀ ਜੀ ਦਿੱਲੀ ਵਾਲੇ ਪਾਸੇ ਚਲੇ ਗਏ। ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਇੱਕ ਪਾਸੇ ਰਹਿ ਗਏ। ਮਾਤਾ ਜੀ ਨਾਲ ਗੁਰੂ ਘਰ ਦਾ ਰਸੋਈਆ ਗੰਗੂ ਵੀ ਸੀ। ਉਸ ਨੇ ਮਾਤਾ ਜੀ ਨੂੰ ਉਸ ਦੇ ਪਿੰਡ ਚੱਲ ਕੇ ਰਹਿਣ ਲਈ ਬੇਨਤੀ ਕੀਤੀ। ਮਾਤਾ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਉਸ ਦੇ ਘਰ ਪਿੰਡ ਖੇੜੀ ਜਾ ਟਿਕੇ।*

ਸਾਹਿਬਜ਼ਾਦਾ ਅਜੀਤ ਸਿੰਘ ਨੇ ਮੈਦਾਨ-ਏ-ਜੰਗ ਵਿੱਚ ਜਾ ਕੇ ਦੁਸ਼ਮਣ ਨੂੰ ਲਲਕਾਰਿਆ। ਉਨ੍ਹਾਂ ਦੀ ਤਲਵਾਰ ਚਲਾਉਣ ਦੀ ਨਿਪੁੰਨਤਾ ਅਤੇ ਯੁੱਧ ਕਲਾ ਨੂੰ ਵੇਖ ਕੇ ਦੁਸ਼ਮਣ ਦੀਆਂ ਫ਼ੌਜਾਂ ਹੈਰਾਨ ਰਹਿ ਗਈਆਂ। ਸੂਰਮਿਆਂ ਵਾਂਗ ਲੜਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਆਪਣੇ ਵੱਡੇ ਭਰਾ ਸਾਹਿਬਜ਼ਾਦਾ ਅਜੀਤ ਸਿੰਘ ਦੇ ਸ਼ਹੀਦ ਹੋ ਜਾਣ ਬਾਰੇ ਜਾਣ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਦਸਮੇਸ਼ ਪਿਤਾ ਤੋਂ ਯੁੱਧ ਵਿੱਚ ਜੂਝਣ ਦੀ ਆਗਿਆ ਮੰਗੀ। ਅਖੀਰ ਸਾਹਿਬਜ਼ਾਦਾ ਜੁਝਾਰ ਸਿੰਘ ਵੀ ਰਣਭੂਮੀ ਵਿੱਚ ਜੂਝਦੇ ਹੋਏ ਸ਼ਹੀਦ ਹੋ ਗਏ। ਇਹ ਸਾਕਾ ਅੱਠ ਪੋਹ, 1761 ਬਿਕਰਮੀ ਅਰਥਾਤ 22 ਦਸੰਬਰ 1704 ਈਸਵੀ ਨੂੰ ਵਾਪਰਿਆ ਸੀ। ਚਮਕੌਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਿੰਘਾਂ ਨੂੰ ਸਿੱਖ ਇਤਿਹਾਸ ਵਿੱਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਓਧਰ, ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਜਦੋਂ ਗੰਗੂ ਦੇ ਘਰ ਪਿੰਡ ਖੇੜੀ ਵਿਖੇ ਜਾ ਟਿਕੇ ਤਾਂ ਉਸ ਦੀ ਬਦਨੀਅਤ ਜ਼ਾਹਰ ਹੋਣ ਲੱਗੀ। ਗੰਗੂ ਦਾ ਲੋਭੀ ਮਨ ਡੋਲ ਗਿਆ ਅਤੇ ਉਸ ਨੇ ਇੱਕ ਰਾਤ ਮਾਤਾ ਜੀ ਦਾ ਕੁਝ ਸਮਾਨ ਚੋਰੀ ਕਰ ਲਿਆ। ਫੜੇ ਜਾਣ ’ਤੇ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਫੜਾ ਕੇ ਇਨਾਮ ਹਾਸਲ ਕਰਨ ਦੇ ਮਨਸੂਬਾ ਬਣਾ ਲਿਆ। ਗੰਗੂ ਵੱਲੋਂ ਸੂਚਨਾ ਮਿਲਣ ’ਤੇ ਮੋਰਿੰਡੇ ਦੇ ਹਾਕਮ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਤਕ ਇਹ ਖ਼ਬਰ ਪੁੱਜਦੀ ਕਰ ਦਿੱਤੀ। ਸੂਬੇਦਾਰ ਨੇ ਮਾਤਾ ਗੁਜਰੀ ਜੀ ਅਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿਖੇ ਠੰਢੇ ਬੁਰਜ ਵਿੱਚ ਕੈਦ ਕਰ ਦਿੱਤਾ। ਵਜ਼ੀਰ ਖ਼ਾਨ ਨੇ ਆਪਣੇ ਵਜ਼ੀਰਾਂ, ਅਹਿਲਕਾਰਾਂ, ਸਲਾਹਕਾਰਾਂ ਅਤੇ ਦਰਬਾਰੀਆਂ ਦਾ ਇਕੱਠ ਕੀਤਾ ਤੇ ਫ਼ੈਸਲਾ ਕੀਤਾ ਕਿ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਪ੍ਰੇਰਿਤ ਕੀਤਾ ਜਾਵੇ, ਜਿਸਦਾ ਮੰਤਵ ਗੁਰੂ ਸਾਹਿਬ ਵੱਲੋਂ ਚਲਾਈ ਲਹਿਰ ਨੂੰ ਕਮਜ਼ੋਰ ਕਰਨਾ ਤੇ ਸ਼ਰਧਾਲੂਆਂ ਦਾ ਇਸ ਤੋਂ ਮੋਹ ਭੰਗ ਕਰਨਾ ਸੀ। ਸਾਹਿਬਜ਼ਾਦਿਆਂ ਨੂੰ ਦਰਬਾਰ ਵਿੱਚ ਲਿਆਂਦਾ ਗਿਆ। ਉਨ੍ਹਾਂ ਨੂੰ ਅਨੇਕਾਂ ਸਵਾਲ ਕੀਤੇ ਗਏ। ਸਾਹਿਬਜ਼ਾਦਿਆਂ ਦੇ ਆਪਣੇ ਅਸੂਲਾਂ ਅਤੇ ਵਿਚਾਰਾਂ ਉਪਰ ਦ੍ਰਿੜ੍ਹ ਰਹਿਣ, ਉਨ੍ਹਾਂ ਦੇ ਅਡੋਲ ਵਿਸ਼ਵਾਸ ਅਤੇ ਹਾਜ਼ਰਜੁਆਬੀ ਵੇਖ ਕੇ ਦਰਬਾਰੀ ਹੈਰਾਨ ਰਹਿ ਗਏ। ਉਨ੍ਹਾਂ ਨੂੰ ਅਨੇਕਾਂ ਲਾਲਚ ਦਿੱਤੇ ਗਏ, ਸੁੱਖ-ਸਹੂਲਤਾਂ ਅਤੇ ਜਗੀਰਾਂ ਦੇਣ ਦੇ ਲੁਭਾਉਣੇ ਸੁਪਨੇ ਦਿਖਾਏ ਗਏ ਪਰ ਸਾਹਿਬਜ਼ਾਦਿਆਂ ’ਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੋਇਆ। ਉਨ੍ਹਾਂ ਸਭ ਪੇਸ਼ਕਸ਼ਾਂ ਨੂੰ ਠੁਕਰਾ ਕੇ ਕਿਸੇ ਵੀ ਸੂਰਤ ਵਿੱਚ ਆਪਣਾ ਧਰਮ ਨਾ ਛੱਡਣ ਦਾ ਐਲਾਨ ਕਰ ਦਿੱਤਾ। ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਦਿੱਤੀਆਂ ਪੇਸ਼ਕਸ਼ਾਂ ਉਪਰ ਗ਼ੌਰ ਕਰ ਕੇ ਜੁਆਬ ਦੇਣ ਲਈ ਇੱਕ ਦਿਨ ਦੀ ਮੋਹਲਤ ਦਿੱਤੀ। ਸਾਹਿਬਜ਼ਾਦਿਆਂ ਨੇ ਇਸ ਬਾਰੇ ਮਾਤਾ ਗੁਜਰੀ ਜੀ ਨੂੰ ਦੱਸਿਆ ਤਾਂ ਉਨ੍ਹਾਂ ਦੋਵਾਂ ਲਾਡਲਿਆਂ ਨੂੰ ਦੁਲਾਰਿਆ ਅਤੇ ਆਪਣੀ ਗੋਦੀ ਵਿੱਚ ਲੈ ਕੇ ਅਸ਼ੀਰਵਾਦ ਦਿੰਦਿਆਂ ਧਰਮ ਉਪਰ ਦ੍ਰਿੜ ਰਹਿਣ ਤੇ ਵਿਸ਼ਵਾਸ ਦੀ ਦ੍ਰਿੜ੍ਹਤਾ ਬਣਾਈ ਰੱਖਣ ਦਾ ਗੁਰ ਚੇਤੇ ਕਰਵਾਇਆ। ਸਾਹਿਬਜ਼ਾਦਿਆਂ ਨੂੰ ਮੌਤ ਦੇ ਡਰਾਵੇ ਦਿੱਤੇ ਗਏ। ਦਰਬਾਰ ਵਿੱਚ ਮੌਜੂਦ ਮਾਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਮਾਸੂਮ ਬੱਚਿਆਂ ਉਪਰ ਸਖ਼ਤੀ ਅਤੇ ਜ਼ੁਲਮ ਨਾ ਕਰਨ ਦੀ ਸਲਾਹ ਦਿੱਤੀ। ਵਜ਼ੀਰ ਸੁੱਚਾ ਨੰਦ ਨੇ ਇਸ ਸਲਾਹ ਨੂੰ ਨਕਾਰਦਿਆਂ ਇਸ ਦਾ ਕੜਾ ਵਿਰੋਧ ਕੀਤਾ ਅਤੇ ਸਾਹਿਬਜ਼ਾਦਿਆਂ ਨੂੰ ਸਖ਼ਤ ਸਜ਼ਾ ਦੇਣ ਦੀ ਵਕਾਲਤ ਕੀਤੀ। ਮਾਲੇਰਕੋਟਲਾ ਦੇ ਨਵਾਬ ਨੇ ਹੋਣ ਵਾਲੇ ਇਸ ਅਮਾਨਵੀ ਅੱਤਿਆਚਾਰ ਨੂੰ ਸਹਿਣ ਨਾ ਕਰਨ ਸਕਣ ਦੀ ਸੰਵੇਦਨਾ ਤਹਿਤ ਰੋਸ ਵਜੋਂ ਦਰਬਾਰ ਵਿੱਚੋਂ ਚਲੇ ਜਾਣ ਨੂੰ ਬਿਹਤਰ ਸਮਝਿਆ। ਇਸ ਮਸਲੇ ਉਪਰ ਵਿਚਾਰ-ਚਰਚਾ ਹੁੰਦੀ ਰਹੀ। ਤੀਜੇ ਦਿਨ ਦਰਬਾਰ ਮੁੜ ਜੁੜਿਆ। ਸਾਹਿਬਜ਼ਾਦੇ ਆਪਣੇ ਫ਼ੈਸਲੇ ਉਪਰ ਦ੍ਰਿੜ੍ਹ ਰਹੇ। ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਖ਼ੁਸ਼ਾਮਦੀਆਂ ਦੀ ਰਾਇ ਸੀ ਕਿ ਸਾਹਿਬਜ਼ਾਦਿਆਂ ਨੂੰ ਅਜਿਹੇ ਤਸੀਹੇ ਦੇ ਕੇ ਮਾਰਿਆ ਜਾਵੇ ਕਿ ਸਜ਼ਾ ਦੀ ਪ੍ਰਕਿਰਿਆ ਦੌਰਾਨ ਉਹ ਮੌਤ ਤੋਂ ਪਹਿਲਾਂ ਕਿਸੇ ਸਮੇਂ ਵੀ ਆਪਣਾ ਹਠ ਛੱਡ ਦੇਣ ਲਈ ਮਜਬੂਰ ਹੋ ਜਾਣ। ਵਿਚਾਰ-ਵਟਾਂਦਰੇ ਉਪਰੰਤ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਨ ਦੇ ਨਿਰਣੇ ਉੱਤੇ ਮੋਹਰ ਲਗਾ ਦਿੱਤੀ ਗਈ। ਸ਼ਹਿਰ ਤੋਂ ਹਟਵੀਂ ਥਾਂ ’ਤੇ ਸਾਹਿਬਜ਼ਾਦਿਆਂ ਨੂੰ ਖੜ੍ਹੇ ਹੋਣ ਲਈ ਕਹਿ ਕੇ ਆਲੇ-ਦੁਆਲੇ ਇੱਟਾਂ ਨਾਲ ਕੰਧ ਦੀ ਉਸਾਰੀ ਸ਼ੁਰੂ ਕਰ ਦਿੱਤੀ ਗਈ। ਜਦੋਂ ਕੰਧ ਦੀ ਚਿਣਾਈ ਗੋਡਿਆਂ ਤੱਕ ਹੋ ਗਈ ਤਾਂ ਇਹ ਕੰਮ ਰੋਕਣਾ ਪਿਆ ਕਿਉਂਕਿ ਇਸ ਤੋਂ ਉਪਰ ਕੰਧ ਸਿੱਧੀ ਰੱਖਣੀ ਔਖੀ ਸੀ। ਮਿਸਤਰੀਆਂ ਨੇ ਇੱਟਾਂ ਨੂੰ ਤੋੜਨ ਦੀ ਥਾਂ ਤੇਸਾ ਮਾਰ ਕੇ ਗੋਡੇ ਦੀ ਚੱਪਣੀ ਲਾਹ ਦਿੱਤੀ। ਇਸ ਦਰਦ ਨਾਲ ਵੀ ਸਾਹਿਬਜ਼ਾਦੇ ਸ਼ਾਂਤ ਚਿੱਤ ਰਹੇ। ਗਰਦਨ ਤੱਕ ਕੰਧ ਦੀ ਚਿਣਾਈ ਹੋ ਜਾਣ ’ਤੇ ਉਨ੍ਹਾਂ ਨੂੰ ਫਿਰ ਹਾਕਮ ਦਾ ਕਹਿਣਾ ਮੰਨ ਲੈਣ ਲਈ ਆਖਿਆ ਗਿਆ ਪਰ ਸਾਹਿਬਜ਼ਾਦੇ ਆਪਣੇ ਫੌਲਾਦੀ ਇਰਾਦੇ ’ਤੇ ਡਟੇ ਰਹੇ। ਕੋਲ ਖੜ੍ਹੇ ਜੱਲਾਦਾਂ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਨੇ ਦੋਵਾਂ ਸਾਹਿਬਜ਼ਾਦਿਆਂ ’ਤੇ ਤਲਵਾਰ ਚਲਾ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਜਦੋਂ ਮਾਤਾ ਗੁਜਰੀ ਜੀ ਨੂੰ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਇਸ ਸ਼ਹੀਦੀ ਸਾਕੇ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਮਾਸੂਮਾਂ ਵੱਲੋਂ ਧਰਮ ਦਾ ਪਾਲਣ ਕਰਨ ’ਤੇ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਕੀਤਾ। ਮਾਤਾ ਜੀ ਦੇ ਅਜਿਹੇ ਪ੍ਰਤੀਕਰਮ ਬਾਰੇ ਜਾਣ ਕੇ ਨਵਾਬ ਲਾਲ-ਪੀਲਾ ਹੋ ਉੱਠਿਆ ਅਤੇ ਉਸ ਨੇ ਮਾਤਾ ਜੀ ਨੂੰ ਸ਼ਹੀਦ ਕਰ ਦੇਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ। ਮਾਤਾ ਜੀ ਨੂੰ ਬੁਰਜ ਤੋਂ ਥੱਲੇ ਸੁੱਟ ਕੇ ਬੜੀ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ 13 ਪੋਹ 1761 ਬਿਕ੍ਰਮੀ ਅਰਥਾਤ 27 ਦਸੰਬਰ, 1704 ਈਸਵੀ ਨੂੰ ਹੋਈ ਸੀ। ਭਾਈ ਟੋਡਰ ਮੱਲ ਅਤੇ ਹੋਰ ਸਿੰਘਾਂ ਨੇ ਜਿਸ ਥਾਂ ’ਤੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਸਸਕਾਰ ਕੀਤਾ ਸੀ, ਉਸ ਥਾਂ ਇਸ ਸ਼ਹੀਦੀ ਸਾਕੇ ਦੀ ਯਾਦ ’ਚ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਸੁਸ਼ੋਭਿਤ ਹੈ। ਦਸੰਬਰ ਦੇ ਆਖ਼ਰੀ ਹਫ਼ਤੇ ਹਰੇਕ ਸਾਲ ਇਸ ਅਸਥਾਨ ’ਤੇ ਭਾਰੀ ਸ਼ਹੀਦੀ ਜੋੜ ਮੇਲ ਲੱਗਦਾ ਹੈ। ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਵਹੀਰਾਂ ਘੱਤ ਕੇ ਇੱਥੇ ਆਉਂਦੇ ਹਨ। ਸਿੱਖ ਇਤਿਹਾਸ ਵਿੱਚ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਕੌਮ ਲਈ ਪ੍ਰੇਰਣਾ, ਸੱਚ ’ਤੇ ਪਹਿਰਾ ਦੇਣ, ਧਰਮ ’ਤੇ ਡਟੇ ਰਹਿਣ, ਈਨ ਨਾ ਮੰਨਣ ਅਤੇ ਅਸੂਲਾਂ ਦੀ ਖ਼ਾਤਰ ਆਪਾ ਕੁਰਬਾਨ ਕਰ ਦੇਣ ਦੀ ਪ੍ਰੇਰਣਾ ਦੇਣ ਦਾ ਸਰੋਤ ਸਮਝੀਆਂ ਜਾਂਦੀਆਂ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



# ‘ਸਾਕਾ ਸਰਹਿੰਦ’

ਸੰਸਾਰ ਵਿਚ ਸੰਘਰਸ਼ ਅਤੇ ਦਲੇਰੀ ਦੀਆਂ ਬਹੁਤ ਮਿਸਾਲਾਂ ਹਨ। ਪਰ ਸਿੱਖ ਕੌਮ ਦਾ ਇਕ ਵਿਲੱਖਣ ਇਤਿਹਾਸ ਹੈ। ਹਰ ਮੁਸੀਬਤ ਦਾ ਸਾਹਮਣਾ ਸੰਜਮ, ਸਾਹਸ, ਦ੍ਰਿੜਤਾ ਅਤੇ ਬੀਰਤਾ ਨਾਲ ਕੀਤਾ ਹੈ। ਘੱਲੂਘਾਰਿਆਂ ਤੋਂ ਬਾਅਦ 26 ਫਰਵਰੀ, 1764 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹਿੰਦ ਨੂੰ ਮੁੜ ਫਤਿਹ ਕਰ ਲਿਆ ਗਿਆ ਅਤੇ ਜੈਨ ਖਾਂ ਸੂਬਾ ਸਰਹਿੰਦ ਨੂੰ ਮਾਰ ਮੁਕਾਇਆ।

ਸਿੱਖ ਸੰਘਰਸ਼ ਵਿਚ ਸਵੈਮਾਣ ਅਤੇ ਮਨੁੱਖ ਦੀ ਪੂਰਨ ਅਜ਼ਾਦੀ ਲਈ ਸਿੱਖਾਂ ਨੇ ਧਾਰਮਿਕ ਕੱਟੜਪੰਥੀਆਂ ਦੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਦਾ ਮੁਕਾਬਲਾ ਕੀਤਾ ਜਿਵੇਂ : ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ ਅਤੇ ਆਰੇ ਦੇ ਦੰਦਿਆਂ ਤੇ, ਚਰਖੜੀਆਂ ਤੇ ਰੰਬੀਆਂ ਦੀ ਧਾਰ ਤੇ ਜੰਬੂਰ ਦੀਆਂ ਖਿੱਚਾਂ ਤੇ, ਸਰਹਿੰਦ ਦੀ ਕੰਧ ਅਤੇ ਚਮਕੌਰ ਦੀਆਂ ਜੰਗਾਂ ਵਿਚ ਹਰ ਹਾਲ ਵਿਚ ਬੜੀ ਦ੍ਰਿੜਤਾ ਨਾਲ ਜ਼ੁਲਮ ਦਾ ਮੁਕਾਬਲਾ ਕੀਤਾ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਫੌਜੀ ਤਾਕਤ ਤੋਂ ਪਹਾੜੀ ਰਾਜੇ ਭੈਭੀਤ ਸਨ। ਕਿਉਂਕਿ ਉਨ੍ਹਾਂ ਨੂੰ ਆਪਣੇ ਧਰਮ ਅਤੇ ਰਾਜਸੱਤਾ ਨੂੰ ਖਤਰਾ ਜਾਪਦਾ ਸੀ। ਉਨ੍ਹਾਂ ਮੁਗਲ ਬਾਦਸ਼ਾਹ ਔਰੰਗਜੇਬ ਤੋਂ ਮਦਦ ਮੰਗੀ। ਬਾਦਸ਼ਾਹ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਜੀ ਵਿਰੁਧ ਵਧਣ ਲਈ ਕਿਹਾ। ਉਨ੍ਹਾਂ ਨੇ 1701 ਨੂੰ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਦਾ ਮੁਕਾਬਲਾ ਤਿੰਨ ਸਾਲ ਤੱਕ ਚਲਦਾ ਰਿਹਾ। ਅੰਤ 1794 ਨੂੰ ਵੈਰੀ ਦੀਆਂ ਰਲਵੀਂਆਂ ਫੌਜਾਂ ਨੇ ਕਿਲੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਰਸਦ-ਪਾਣੀ ਅੰਦਰ ਜਾਣ ਤੇ ਪਾਬੰਦੀ ਲਗਾ ਦਿੱਤੀ। ਸਿੱਟੇ ਵਜੋਂ ਭੁੱਖ ਅਤੇ ਪਿਆਸ ਹੱਥੋਂ ਸਿੰਘ ਤੰਗ ਆ ਗਏ। ਨਿੱਤ ਦਿਨ ਉਹ ਕਮਜ਼ੋਰ ਹੋਣ ਲੱਗੇ। ਵੈਰੀ ਕੋਲ ਸਿਖਲਾਈ ਪ੍ਰਾਪਤ ਵੱਡੀ ਫੌਜ ਸੀ। ਫਿਰ ਵੀ ਵੈਰੀ ਨੇ ਜਾਣ ਲਿਆ ਕਿ ਗੁਰੂ ਸਾਹਿਬ ਜੀ ਕੋਲੋਂ ਜਬਰੀ ਕਿਲਾ ਖਾਲੀ ਨਹੀਂ ਕਰਵਾਇਆ ਜਾ ਸਕਦਾ। ਰਲਵੇਂ ਜਰਨੈਲਾਂ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਜੇਕਰ ਉਹ ਕਿਲਾ ਛੱਡ ਦੇਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਕੋਈ ਹਮਲਾ ਨਹੀਂ ਕੀਤਾ ਜਾਵੇਗਾ।

ਭਾਵੇਂ ਗੁਰੂ ਸਾਹਿਬ ਜੀ ਨੂੰ ਉਨ੍ਹਾਂ ਤੇ ਇਤਬਾਰ ਨਹੀਂ ਸੀ ਪਰ ਹਾਲਾਤ ਹੀ ਅਜਿਹੇ ਸਨ ਕਿ ਗੁਰੂ ਸਾਹਿਬ ਜੀ ਨੇ 20-21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਅਨੰਦਪੁਰ ਛੱਡ ਦਿੱਤਾ। ਗੁਰੂ ਸਾਹਿਬ ਜੀ ਨਾਲ 400-500 ਸਿੰਘ, ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਨ। ਇਥੋਂ ਹੀ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਸ਼ੁਰੂ ਹੁੰਦਾ ਹੈ। ਜਦੋਂ ਗੁਰੂ ਜੀ ਦਾ ਕਾਫ਼ਲਾ ਸਰਸਾ ਨਦੀ ਤੇ ਪਹੁੰਚਿਆ, ਵੈਰੀ ਨੇ ਸਾਰੀਆਂ ਕਸਮਾਂ ਤੋੜ ਕੇ ਕਾਫ਼ਲੇ ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਜੀ ਘੇਰੇ ਵਿਚ ਆ ਗਏ। ਵੈਰੀ ਦੀ ਰਲਵੀਂ ਫੌਜ ਪਿੱਛਾ ਕਰਦੀ ਆ ਰਹੀ ਸੀ। ਸਿੰਘ ਵੀ ਮੈਦਾਨ ਵਿਚ ਡਟ ਖਲੋਤੇ। ਘਮਸਾਨ ਦੀ ਜੰਗ ਸ਼ੁਰੂ ਸੀ। ਸਿੰਘਾਂ ਨੇ ਹਿੰਮਤ ਕਰਕੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਰਸਾ ਪਾਰ ਲੰਘਾ ਦਿੱਤਾ। ਗੁਰੂ ਸਾਹਿਬ ਜੀ ਅਤੇ ਕੁਝ ਸਿੰਘ ਘੋੜਿਆਂ ਸਮੇਤ ਸਰਸਾ ਪਾਰ ਲੰਘ ਗਏ। ਇਸ ਸਮੇਂ ਦੌਰਾਨ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਪਰਿਵਾਰ ਤੋਂ ਵਿਛੜ ਗਏ। ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਕਿਸੇ ਹੋਰ ਰਾਹ ਪੈ ਗਏ। ਗੁਰੂ ਸਾਹਿਬ ਜੀ ਕੁਝ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਵੱਲ ਵਧ ਰਹੇ ਸਨ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਸਹੇੜੀ (ਮੋਰਿੰਡਾ) ਵਿਖੇ ਜਾ ਠਹਿਰੇ। ਮਾਤਾ ਜੀ ਕੋਲ ਧਨ ਦੌਲਤ ਵੀ ਸੀ। ਇਹ ਵੇਖ ਕੇ ਗੰਗੂ ਦੇ ਮਨ ਵਿਚ ਲਾਲਚ ਅਤੇ ਬੇਈਮਾਨੀ ਆ ਗਈ। ਉਸ ਨੇ ਰਾਤ ਨੂੰ ਮਾਤਾ ਜੀ ਦੇ ਪੱਲੇ ਜੋ ਨਕਦੀ ਧਨ ਅਤੇ ਗਹਿਣੇ ਸਨ, ਚੋਰੀ ਕਰ ਲਏ। ਸਵੇਰੇ ਜਦੋਂ ਮਾਤਾ ਜੀ ਨੇ ਚੋਰੀ ਬਾਰੇ ਪੁੱਛਿਆ ਤਾਂ ਗੰਗੂ ਆਪਣੀ ਚੋਰੀ ਛੁਪਾਉਣ ਲਈ ਖਹਿਬੜ ਹੀ ਪਿਆ। ਹੋਰ ਲਾਲਚ ਵਿਚ ਸਰਕਾਰ ਕੋਲੋਂ ਇਨਾਮ ਪ੍ਰਾਪਤ ਕਰਨ ਲਈ ਉਸ ਨੇ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਕਾਰ ਕੋਲ ਫੜਾਉਣ ਲਈ ਕਹਿ ਦਿੱਤਾ।

ਮਾਤਾ ਜੀ ਨੇ ਬੜਾ ਸਮਝਾਇਆ ਕਿ ਗੰਗੂ ਇਹ ਪਾਪ ਨਾ ਕਰ। ਉਸ ਨੇ ਮੋਰਿੰਡਾ ਦੇ ਕੋਤਵਾਲ ਕੋਲ ਜਾ ਕੇ ਦਸ ਪਾ ਦਿੱਤੀ ਕਿ ਗੁਰੂ ਸਾਹਿਬ ਜੀ ਦਾ ਪਰਿਵਾਰ ਉਸ ਦੇ ਘਰ ਵਿਚ ਹੈ। ਮੋਰਿੰਡਾ ਪੁਲਿਸ ਨੇ ਜਾਨੀ ਖਾਂ ਤੇ ਮਾਨੀ ਖਾਂ ਨੂੰ ਭੇਜ ਕੇ 23 ਦਸੰਬਰ 1704 ਦੀ ਸਵੇਰ ਨੂੰ ਗੁਰੂ ਸਾਹਿਬ ਜੀ ਦਾ ਪਰਿਵਾਰ ਗ੍ਰਿਫ਼ਤਾਰ ਕਰ ਲਿਆ। ਸ਼ਾਮ ਤੱਕ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਪੇਸ਼ ਕਰ ਦਿੱਤਾ। ਅਗਲੀ ਕਾਰਵਾਈ ਹੋਣ ਤੱਕ ਸੂਬੇਦਾਰ ਨੇ ਤਿੰਨ ਨੂੰ ਸਰਹਿੰਦ ਦੇ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ। ਪੋਹ ਦੀ ਠੰਢੀ ਰਾਤ ਵਿਚ ਪਰਿਵਾਰ ਨੂੰ ਮੁਗਲਾਂ ਦੇ ਜ਼ੁਲਮ ਦਾ ਸਾਹਮਣਾ ਕਰਨਾ ਪਿਆ। ਹਕੂਮਤ ਦੇ ਪਹਿਰੇ ਦੀ ਪੂਰੀ ਸਖਤ ਸੀ ਕਿ ਕੋਈ ਮਦਦ ਨਾ ਪਹੁੰਚੇ। ਸਿੱਖੀ ਦੇ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਪਰਿਵਾਰ ਦੀ ਗਰਮ ਦੁੱਧ ਨਾਲ ਸੇਵਾ ਕੀਤੀ। ਮੋਤੀ ਰਾਮ ਮਹਿਰਾ ਬਾਬਾ ਜੀ ਦਾ ਇਸ ਕੁਰਬਾਨੀ ਲਈ ਸਿੱਖ ਇਤਿਹਾਸ ਵਿਚ ਇਕ ਬੜਾ ਸਤਿਕਾਰ ਹੈ।

23-24 ਦਸੰਬਰ 1704 ਦੀ ਰਾਤ ਠੰਢੇ ਬੁਰਜ ਵਿਚ ਕੈਦ ਰੱਖਣ ਤੋਂ ਬਾਅਦ 24 ਦਸੰਬਰ, 1704 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸਾਹਿਬਜ਼ਾਦੇ ਚੜ੍ਹਦੀ ਕਲਾ, ਸਿਦਕ, ਸੰਜਮ ਅਤੇ ਬੜੀ ਦ੍ਰਿੜਤਾ ਨਾਲ ਪੇਸ਼ ਹੋਏ। ਸਾਹਿਬਜ਼ਾਦਿਆਂ ਨੂੰ ਡਰਾਵਾ ਦਿੱਤਾ ਕਿ ਉਨ੍ਹਾਂ ਦੇ ਗੁਰੂ-ਪਿਤਾ ਜੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਹੁਣ ਤੁਹਾਨੂੰ ਕੋਈ ਨਹੀਂ ਬਚਾ ਸਕਦਾ। ਤੁਸੀਂ ਇਥੋਂ ਬਚਕੇ ਵੀ ਨਹੀਂ ਨਿਕਲ ਸਕੇ। ਤੁਹਾਡੀ ਜਾਨ ਬਖਸ਼ੀ ਜਾ ਸਕਦੀ ਹੈ ਕਿ ਇਸਲਾਮ ਕਬੂਲ ਕਰ ਲਉ। ਸਾਹਿਬਜ਼ਾਦਿਆਂ ਨੇ ਬੜੀ ਦ੍ਰਿੜਤਾ ਨਾਲ ਉਤਰ ਦਿੱਤਾ ਕਿ ਉਹ ਆਪਣੇ ਧਰਮ ਨੂੰ ਬਚਾਉਣ ਅਤੇ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। ਸਾਨੂੰ ਆਪਣੇ ਧਾਰਮਿਕ ਵਿਰਸੇ ਦੀਆਂ ਕੁਰਬਾਨੀਆਂ ਤੇ ਬੜਾ ਮਾਣ ਹੈ। ਉਪਰੋਂ ਦਾਦੀ ਮਾਂ ਦਾ ਹੌਂਸਲਾ ਸਾਡੇ ਨਾਲ ਹੈ। ਅਸੀਂ ਧਰਮ ਦੀ ਸ਼ਾਨ ਹਮੇਸ਼ਾ ਉੱਚੀ ਰੱਖਣੀ ਹੈ। ਕਚਹਿਰੀ ਵਿਚ ਹਕੂਮਤ ਦੇ ਉਚ ਅਧਿਕਾਰੀਆਂ ਨੇ ਵੀ ਕਿਹਾ ਕਿ ਬੱਚਿਓ ਨਵਾਬ ਅੱਗੇ ਝੁਕ ਜਾਵੋ। ਜਾਨ ਬਖਸ਼ੀ ਲਈ ਇਸਲਾਮ ਕਬੂਲ ਕਰਨ ਲਈ ਵੀ ਪ੍ਰੇਰਿਆ।

ਸੂਬੇਦਾਰ ਹੁਣ ਦੁਨਿਆਵੀ ਲਾਲਚ ਦੇਣ ਤੇ ਆ ਗਿਆ ਕਿ ਇਸਲਾਮ ਕਬੂਲ ਕਰਕੇ ਸ਼ਾਹੀ ਠਾਠ ਬਾਠ ਦੀ ਜਿੰਦਗੀ ਦਾ ਸੁਪਨਾ ਵਿਖਾਇਆ। ਪਰ ਸਾਹਿਬਜ਼ਾਦੇ ਅਡੋਲ ਅਤੇ ਆਪਣੇ ਬਚਨ ਤੇ ਕਾਇਮ ਰਹੇ। ਬੜੀ ਦਲੀਲ ਨਾਲ ਹਰ ਲਾਲਚ ਠੁਕਰਾ ਦਿੱਤਾ। ਸੂਬੇਦਾਰ ਉਨ੍ਹਾਂ ਦੀ ਦਲੇਰੀ ਤੇ ਹੈਰਾਨ ਸੀ। ਪਰ ਉਸ ਨੇ ਸੋਚਿਆ ਕਿ ਬੱਚੇ ਹਨ, ਡਰਾਉਣ ਧਮਕਾਉਣ ਨਾਲ ਸਹਿਮ ਜਾਣਗੇ, ਹੌਲੀ ਹੌਲੀ ਮੰਨ ਜਾਣਗੇ। ਉਸ ਦਿਨ ਦੀ ਕਾਰਵਾਈ ਖਤਮ ਹੋਈ। ਅਗਲੇ ਦਿਨ ਪੇਸ਼ ਹੋਣ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਨੂੰ ਮੁੜ ਠੰਢੇ ਬੁਰਜ ਵਿਚ ਭੇਜ ਦਿੱਤਾ।

25 ਦਸੰਬਰ 1704 ਨੂੰ ਮੁੜ ਕਚਹਿਰੀ ਵਿਚ ਪੇਸ਼ੀ ਹੋਈ। ਸਾਹਿਬਜ਼ਾਦੇ ਹੋਰ ਵੀ ਦ੍ਰਿੜ ਸਨ। ਫਿਰ ਉਹੀ ਜਾਹੋ ਜਲਾਲ ਅਤੇ ਚੜ੍ਹਦੀ ਕਲਾ ਕਾਇਮ ਸੀ। ਅਦਾਲਤ ਦੀ ਕਾਰਵਾਈ ਵਿਚ ਫਿਰ ਉਹੀ ਇਸਲਾਮ ਕਬੂਲਣ ਦੀ ਕਹਾਣੀ ਦੁਹਰਾਈ ਗਈ। ਸੂਬੇਦਾਰ ਫਿਰ ਡਰਾਉਣ ਧਮਕਾਉਣ ਲੱਗਾ। ਉਸ ਨੇ ਕ੍ਰੋਧ ਵਿਚ ਆ ਕੇ ਕਿਹਾ ਕਿ ਇਸਲਾਮ ਨਾ ਕਬੂਲ ਕਰਨ ਤੇ ਉਨ੍ਹਾਂ ਨੂੰ ਜਿੰਦਾ ਕੰਧ ਵਿਚ ਚਿਣ ਕੇ ਕਤਲ ਕਰਨ ਤੱਕ ਦੀ ਧਮਕੀ ਦਿੱਤੀ। ਸਾਹਿਬਜ਼ਾਦੇ ਅਡੋਲ ਸਨ। ਸੂਬੇਦਾਰ ਨੇ ਕਾਜੀ ਨੂੰ ਸਾਹਿਬਜ਼ਾਦਿਆਂ ਦੇ ਦੋਸ਼ ਸਮਝਾਉਂਦਿਆਂ ਉਨ੍ਹਾਂ ਵਿਰੁਧ ਤੁਰੰਤ ਸਜ਼ਾ ਸੁਣਾਉਣ ਦਾ ਫੈਸਲਾ ਦੇਣ ਲਈ ਕਿਹਾ। ਪਰ ਕਾਜੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਨਾਲ ਦੁਸ਼ਮਣੀ ਤੇ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦੇਂਦਾ। ਸੂਬੇਦਾਰ ਨੇ ਚਲਾਕੀ ਨਾਲ ਹਾਜ਼ਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਨੂੰ ਦਿਵਾਨ ਸੁੱਚਾ ਨੰਦ ਦੇ ਇਸ਼ਾਰੇ ਤੇ ਯਾਦ ਕਰਵਾਇਆ ਕਿ ਉਸ ਦਾ ਭਰਾ ਨਾਹਰ ਖਾਂ ਜੋ ਮੁਗਲ ਫੌਜਾਂ ਦਾ ਆਗੂ ਸੀ, ਗੁਰੂ ਸਾਹਿਬ ਜੀ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਕਿ ਉਹ ਸਾਹਿਬਜ਼ਾਦਿਆਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਇਹ ਉਸ ਲਈ ਸ਼ਾਹੀ ਮੌਕਾ ਹੈ। ਪਰ ਇਖਲਾਕੀ ਨਵਾਬ ਸੂਬੇਦਾਰ ਦੀ ਚਲਾਕੀ ਵਿਚ ਨਹੀਂ ਆਇਆ। ਅੱਲ੍ਹਾ ਯਾਰ ਖਾਂ ਜੋਗੀ ਦੇ ਹਵਾਲੇ ਵਿਚ ਕਿ : ‘ਬਦਲਾ ਹੀ ਲੇਨਾ ਹੋਗਾ, ਤੋ ਹਮ ਲੇਂਗੇ ਬਾਪ ਸੇ, ਮਹਿਫੂਜ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ।’

ਪਰ ਮੱਕਾਰ ਸੁੱਚਾ ਨੰਦ ਨਹੀਂ ਸੀ ਚਾਹੁੰਦਾ ਕਿ ਬੱਚਿਆਂ ਨੂੰ ਛੱਡਿਆ ਜਾਵੇ। ਉਸ ਨੇ ਬਹਾਨੇ ਨਾਲ ਕਿਹਾ ਕਿ ਜੇਕਰ ਹੁਣ ਛੱਡ ਦਿੱਤਾ ਤਾਂ ਅੱਗੇ ਜਾ ਕੇ ਵੱਡੀ ਬਗਾਵਤ ਕਰਨਗੇ। ਇਸ ਲਈ ਇਹ ਕੱਲ੍ਹ ਦੇ ਬਾਗੀ ਹਕੂਮਤ ਲਈ ਖਤਰਾ ਹਨ। ਬਾਗੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਹੋਰ ਕੋਈ ਚਾਰਾ ਨਾ ਦਿਸਣ ਤੇ ਸੂਬੇਦਾਰ ਵਜ਼ੀਰ ਖਾਂ ਨੇ ਕਿਹਾ ਕਿ ਬੱਚਿਓ ਮੈਂ ਤੁਹਾਨੂੰ ਆਖਰੀ ਮੌਕਾ ਦਿੰਦੇ ਹਾਂ ਕਿ ਇਸਲਾਮ ਕਬੂਲ ਕਰ ਲਵੋ ਜਾਂ ਮੌਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਵੋ। ਸਾਹਿਬਜ਼ਾਦਿਆਂ ਨੇ ਆਪਣਾ ਦ੍ਰਿੜ ਇਰਾਦੇ ਨਾਲ ਫੈਸਲਾ ਸੁਣਾਉਂਦਿਆਂ ਬੜੇ ਜੋਸ ਵਿਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਵਲੋਂ ਬਣਾਈ ਸ਼ੇਰਾਂ ਦੀ ਕੌਮ ਦੇ ਸਾਹਿਬਜ਼ਾਦੇ ਹਾਂ, ਜੋ ਮੌਤ ਤੋਂ ਨਹੀਂ ਡਰਦੇ। ਤਦ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜਿੰਦਾ ਕੰਧ ਵਿਚ ਚਿਣ ਦੇਣ ਦਾ ਹੁਕਮ ਸੁਣਾ ਦਿੱਤਾ। ਨਵਾਬ ਮਲੇਰਕੋਟਲਾ ਨੇ ਇਸ ਫੈਸਲੇ ਤੇ ਅਸਹਿਮਤੀ ਪ੍ਰਗਟ ਕਰਦਿਆਂ, ਇਸ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ। ਪਰ ਉਸ ਦੀ ਸੱਚ ਦੀ ਆਵਾਜ ਨੂੰ ਨਾ ਸੁਣਿਆ ਗਿਆ। ਨਵਾਬ ਨੇ ਹਾਅ ਦਾ ਨਾਹਰਾ ਮਾਰਿਆ ਤੇ ਕਚਹਿਰੀ ਛੱਡ ਦੇ ਚਲੇ ਗਏ।

ਸੂਬੇਦਾਰ ਵਜ਼ੀਰ ਖਾਂ ਦੇ ਹੁਕਮ ਨਾਲ ਕੰਧ ਦੀ ਉਸਾਰੀ ਦਾ ਸਮਾਨ ਮੰਗਵਾ ਲਿਆ ਗਿਆ, ਮਾਸੂਮ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਰਦੇ ਲਾਉਂਦਿਆਂ ਵੀ ਉਨ੍ਹਾਂ ਨੂੰ ਮੁੜ ਮੁੜ ਇਸਲਾਮ ਕਬੂਲਣ ਲਈ ਉਕਸਾਇਆ ਜਾਂਦਾ ਰਿਹਾ। ਪਰ ਸਾਹਿਬਜ਼ਾਦੇ ਹਮੇਸ਼ਾ ਦੀ ਤਰ੍ਹਾਂ ਅਡੋਲ ਸਨ। ਜਦ ਕੰਧ ਛਾਤੀ ਤੱਕ ਆਣ ਪੁੱਜੀ ਤਾਂ ਬੁਨਿਆਦ ਹਿੱਲ ਗਈ ਤੇ ਕੰਧ ਢਹਿ ਢੇਰੀ ਹੋ ਗਈ। ਸਾਹਿਬਜ਼ਾਦਿਆਂ ਨੂੰ ਬਾਹਰ ਕੱਢ ਲਿਆ ਗਿਆ। ਉਨ੍ਹਾਂ ਨੂੰ ਫਿਰ ਠੰਢੇ ਬੁਰਜ ਭੇਜ ਦਿੱਤਾ। ਜਿੱਥੇ ਉਹ ਫਿਰ ਤੋਂ ਕਾਇਮ ਹੋ ਗਏ ਸਨ।

27 ਦਸੰਬਰ 1704 ਨੂੰ ਸਾਹਿਬਜ਼ਾਦਿਆਂ ਦੀ ਤੀਸਰੀ ਅਤੇ ਆਖਰੀ ਵਾਰ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਫਿਰ ਹਾਕਮਾਂ ਨੇ ਉਹੀ ਕੋਸ਼ਿਸ਼ ਕੀਤੀ ਕਿ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਤਾਂ ਦ੍ਰਿੜ ਸਨ। ਉਨ੍ਹਾਂ ਨੇ ਸ਼ਹੀਦੀ ਕਬੂਲ ਕਰ ਲਈ। ਹਕੂਮਤ ਦੀ ਹਾਰ ਹੁੰਦੀ ਵੇਖ ਕੇ ਸੁੱਚਾ ਨੰਦ ਫਿਰ ਬੌਖਲਾ ਉੱਠਿਆ ਅਤੇ ਫੈਸਲਾ ਕਰਵਾ ਲਿਆ ਕਿ ਸਾਹਿਬਜ਼ਾਦਿਆਂ ਦੇ ਸੀਸ ਕਲਮ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਸਮਾਣਾ ਦੇ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਨਾਮੀਂ ਜਲਾਦਾਂ ਨੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਬੜੀ ਬੇਰਹਿਮੀ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤੇ। ਸਾਹਿਬਜ਼ਾਦਿਆਂ ਨੇ ਆਪਣੇ ਸਰੀਰ ਭੇਂਟ ਕਰਕੇ ਆਪਣੇ ਪੁਰਖਿਆਂ ਦੀਆਂ ਸ਼ਹੀਦੀਆਂ ਦੀ ਲਾਜ ਰੱਖ ਲਈ। ਉਹ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਲੋਕਾਂ ਨੇ ਹਾਅ ਦਾ ਨਾਹਰਾ ਮਾਰਿਆ ਕਿ ਧੰਨ ਹੈ ਉਹ ਮਾਂ ਜਿਸ ਨੇ ਅਜਿਹੇ ਬਹਾਦਰ ਸਪੂਤਾਂ ਨੂੰ ਜਨਮ ਦਿੱਤਾ ਹੈ। ਇਸ ਤਰ੍ਹਾਂ 7-9 ਸਾਲ ਦੀ ਉਮਰ ਦੇ ਸਾਹਿਬਜ਼ਾਦੇ ਮੁਗਲ ਹਕੂਮਤ ਦੇ ਜਾਲਮ ਹਾਕਮਾਂ ਨੇ ਸ਼ਹੀਦ ਕਰਵਾ ਦਿੱਤੇ। ਮਾਤਾ ਗੁਜਰੀ ਜੀ ਵੀ ਇਸੇ ਜੁਲਮ ਹੇਠ ਸ਼ਹੀਦੀ ਪਾ ਗਏ। ਸਾਕਾ ਸਰਹਿੰਦ ਦਿਵਸ ਸਾਲਾਨਾ ਜੋੜ ਮੇਲਾ ਫਤਿਹਗੜ੍ਹ ਸਾਹਿਬ ਵਿਖੇ 11,12 ਅਤੇ 13 ਪੋਹ ਨੂੰ ਮਨਾਇਆ ਜਾਂਦਾ ਹੈ।

ਸੂਬਾ ਸਰਹਿੰਦ ਦੇ ਦੀਵਾਨ ਟੋਡਰ ਮੱਲ ਜੀ ਜੋ ਸਿੱਖੀ ਦੇ ਸ਼ਰਧਾਲੂ ਨੇਕ ਇਨਸਾਨ ਸਨ। ਉਨ੍ਹਾਂ ਨੇ ਸ਼ਾਮ ਤੱਕ ਤਿੰਨਾਂ ਦੀਆਂ ਰਸਮਾਂ ਦਾ ਪ੍ਰਬੰਧ ਕਰ ਲਿਆ ਸੀ। ਜ਼ਮੀਨ ਦੇ ਇਸ ਟੁਕੜ ਲਈ ਉਨ੍ਹਾਂ ਨੂੰ ਖੜੇ ਰੁੱਖ ਸੋਨੇ ਦੀਆਂ ਮੋਹਰਾਂ ਅਸ਼ਰਫ਼ੀਆ ਵਿਛਾ ਕੇ ਮੁਲ ਤਾਰਨਾ ਪਿਆ। ਜਿੱਥੇ ਗੁਰਦੁਆਰਾ ‘ਜੋਤੀ ਸਰੂਪ’ ਸੁਸ਼ੋਭਿਤ ਹੈ। ਸਿੱਖ ਇਤਿਹਾਸ ਵਿਚ ‘ਸਾਕਾ ਸਰਹਿੰਦ’ ਕੁਰਬਾਨੀ ਦੀ ਇਕ ਵਿਲੱਖਣ ਮਿਸਾਲ ਹੈ।

ਸਿੱਖ ਇਤਿਹਾਸ ਵਿਚ ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਦੀਵਾਨ ਟੋਡਰ ਮੱਲ ਜੀ ਦਾ ਨਾਂ ਉਨ੍ਹਾਂ ਦੇ ਨੇਕ ਕਿਰਦਾਰ ਲਈ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਦੀਆਂ ਸਰਵ ਉੱਚ ਸ਼ਹੀਦੀਆਂ ਸੰਸਾਰ ਵਿਚ ਬੇਮਿਸਾਲ ਹਨ। ਇਸ ਦ੍ਰਿੜ ਇਰਾਦੇ ਦੇ ਜਜ਼ਬਾਤ ਨੇ ਸਾਬਤ ਕੀਤਾ ਕਿ ਕਿਸੇ ਲਾਲਚ ਜਾਂ ਡਰ ਅੱਗੇ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਕਦੇ ਨਹੀਂ ਝੁਕ ਸਕਦਾ।ਸਰਹਿੰਦ ਦੀ ਕੰਧ ਸਿੱਖ ਰਾਜ ਦੀ ਨੀਂਹ ਪੱਥਰ ਸਾਬਿਤ ਹੋਈ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ‘ਸਾਕਾ ਸਰਹਿੰਦ’ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। 14 ਮਈ 1710 ਨੂੰ ਜੁਲਮ ਦਾ ਕਿੰਗਰਾ ਢਾਹਿਆ। ਭਾਰੀ ਮੁਸੀਬਤਾਂ ਅਤੇ ਮੁਹਿੰਮਾਂ ਵਿਚੋਂ ਲੰਘ ਕੇ ਸਿੱਖ ਕੌਮ ਫਿਰ ਤੋਂ ਜਥੇਬੰਦੀ ਹੁੰਦੀ ਰਹੀ। ਸੰਨ 1783 ਵਿਚ ਜਰਨੈਲ ਬਘੇਲ ਸਿੰਘ ਅਤੇ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ ਤੇ ਕਬਜਾ ਕਰ ਲਿਆ। ਸਿੱਖਾਂ ਦੀ ਸੰਯੁਕਤ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ 12 ਅਪ੍ਰੈਲ 1801 ਤੋਂ ਜੂਨ 27, 1839 ਤੱਕ ਕਾਇਮ ਰੱਖਿਆ।

ਸਿੱਖ ਸੰਘਰਸ਼ ਵਿਚ ਸਵੈਮਾਣ ਅਤੇ ਮਨੁੱਖ ਦੀ ਪੂਰਨ ਅਜ਼ਾਦੀ ਲਈ ਸਿੱਖਾਂ ਨੇ ਧਾਰਮਿਕ ਕੱਟੜਪੰਥੀਆਂ ਦੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਦਾ ਮੁਕਾਬਲਾ ਕੀਤਾ ਜਿਵੇਂ : ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ ਅਤੇ ਆਰੇ ਦੇ ਦੰਦਿਆਂ ਤੇ, ਚਰਖੜੀਆਂ ਤੇ ਰੰਬੀਆਂ ਦੀ ਧਾਰ ਤੇ ਜੰਬੂਰ ਦੀਆਂ ਖਿੱਚਾਂ ਤੇ, ਸਰਹਿੰਦ ਦੀ ਕੰਧ ਅਤੇ ਚਮਕੌਰ ਦੀਆਂ ਜੰਗਾਂ ਵਿਚ ਹਰ ਹਾਲ ਵਿਚ ਬੜੀ ਦ੍ਰਿੜਤਾ ਨਾਲ ਜ਼ੁਲਮ ਦਾ ਮੁਕਾਬਲਾ ਕੀਤਾ।

ਤਰਲੋਚਨ ਸਿੰਘ

# ਚਮਕੌਰ ਦੀ ਗੜ੍ਹੀ ਦਾ ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ

ਸੂਰਜ ਅਸਤ ਹੋਣ ਨਾਲ ਜਦੋਂ ਚਮਕੌਰ ਦੀ ਜੰਗ ਬੰਦ ਹੋਈ ਤਾਂ ਗੜ੍ਹੀ ਵਿਚ ਗਿਣਤੀ ਦੇ 11 ਸਿੰਘ ਰਹਿ ਗਏ ਸਨ ਜਿਨ੍ਹਾਂ ਵਿਚ ਸ਼ਹੀਦ ਪਿਤਾ ਦਾ ਸਪੁੱਤਰ ਅਤੇ ਸ਼ਹੀਦ ਸਪੁੱਤਰਾਂ ਦਾ ਬਾਪ ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਸੀ। ਪਰ ਗੜ੍ਹੀ ਵਿਚਲੇ ਸਿੰਘਾਂ ਦੇ ਬੇਨਤੀ ਕਰਨ 'ਤੇ ਗੁਰੂ ਸਾਹਿਬ ਜੀ ਨੇ ਗੜ੍ਹੀ ਛੱਡ ਜਾਣ ਦਾ ਪੰਜਾਂ ਪਿਆਰਿਆਂ ਦਾ ਇਹ ਫੈਸਲਾ ਪ੍ਰਵਾਨ ਕਰ ਲਿਆ, ਕਿਉਂਕਿ ਸਿੰਘ ਇਹ ਸਮਝਦੇ ਸਨ ਕਿ ਜੇਕਰ ਗੁਰੂ ਸਾਹਿਬ ਜੀ ਦੀ ਸਰੀਰਿਕ ਹੋਂਦ ਕਾਇਮ ਰਹੀ ਤਾਂ ਇਹ ਬਿਖੜੇ ਸਮੇਂ ਲਈ ਮੁੜ ਤੋਂ ਸਿੱਖ ਕੌਮ ਸੰਗਠਿਤ ਕਰ ਲੈਣਗੇ। ਇਸ ਲਈ ਸਿੰਘਾਂ ਅਨੁਸਾਰ ਗੁਰੂ ਸਾਹਿਬ ਜੀ ਦੀ ਬੇਵਕਤ ਸ਼ਹਾਦਤ ਕੌਮ ਲਈ ਬਹੁਤ ਦੁਖਦਾਇਕ ਹੋਵੇਗੀ, ਸੋ ਗੜ੍ਹੀ ਵਿਚਲੇ ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ 1756 ਬਿਕ੍ਰਮੀ ਦੀ ਵਿਸਾਖੀ 'ਤੇ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਸਮੇਂ ਖਾਲਸੇ ਨੂੰ ਬਖਸ਼ੀ ਵਡਿਆਈ ਤਹਿਤ ਨਿਮਰਤਾ ਸਹਿਤ ਮੁਖਾਤਿਬ ਹੋ ਕੇ ਚਮਕੌਰ ਦੀ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ ਤਾਂ ਪੰਥ ਦੇ ਵਾਲੀ ਨੇ ਪੰਜਾਂ ਸਿੰਘਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਕਰ ਲਿਆ। ਗੁਰੂ ਪਾਤਸ਼ਾਹ ਨੇ ਖਾਲਸਾ ਪੰਥ ਨੂੰ ਐਸੀ ਵਡਿਆਈ ਬਖਸ਼ਿਸ਼ ਕਰ ਕੇ ਇਕ ਅਲੌਕਿਕ ਇਤਿਹਾਸ ਸਿਰਜ ਦਿੱਤਾ ਕਿ ਆਪਣੇ ਬਚਪਨ ਦੇ ਸਾਥੀ ਹਮਸ਼ਕਲ ਅਤੇ ਹਮਉਮਰ ਭਾਈ ਸੰਗਤ ਸਿੰਘ ਜੋ ਹਰ ਵਕਤ ਨਿਮਾਣੇ ਹੋ ਕੇ ਗੁਰੂ-ਘਰ ਦੀ ਸੇਵਾ ਵਿਚ ਰਹਿੰਦੇ ਸਨ, ਨੂੰ ਪਿਆਰੇ ਸਿੱਖ ਹੋਣ ਦਾ ਮਾਣ ਬਖਸ਼ਿਸ਼ ਕਰ ਕੇ ਹਿੱਕ ਨਾਲ ਲਾਇਆ ਅਤੇ ਆਪਣੀ ਜਿਗਾ ਕਲਗੀ, ਭਾਈ ਸੰਗਤ ਸਿੰਘ ਦੇ ਸੀਸ 'ਤੇ ਸਜਾਈ ਅਤੇ ਆਪਣੇ ਸ਼ਸ਼ਤਰ-ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਥਾਪੜਾ ਦਿੱਤਾ। ਜਿਸਦਾ ਜਿਕਰ ਗੁਰਬਿਲਾਸ ਪਾਤਸ਼ਾਹੀ 10 ਦੇ ਕਰਤਾ ਭਾਈ ਕੁਇਰ ਸਿੰਘ ਨੇ ਇੰਞ ਕੀਤਾ ਹੈ :-

ਜੋਤ ਦਈ ਤਿਹ ਕੋ ਅਪਨੀ ਪੁਨਿ
ਦੀ ਕਲਗੀ ਔ ਜਿਗਾ ਸੁਖਦਾਨੀ,
ਸੰਗਤ ਸਿੰਘ ਹੈ ਨਾਮ ਜਿਸੈ ਕਛੁ
ਤਾ ਬਪੁ ਹੈ ਕਰਿ ਸ੍ਰੀ ਗੁਰ ਸਾਨੀ।

ਭਾਈ ਸੰਗਤ ਸਿੰਘ ਜੀ, ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿਚ ਮੇਰੇ ਮੋਰਚੇ ਵਾਲੇ ਆਸਣ 'ਤੇ ਬੈਠਣਾ ਤੇ ਦਿਨ ਚੜ੍ਹੇ ਜਦੋਂ ਮੁਗ਼ਲ ਫੌਜਾਂ ਗੜ੍ਹੀ 'ਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ, ਜਿਊਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾ ਅਤੇ ਮੈਦਾਨੇ ਜੰਗ ਵਿਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ। ਜੰਗ ਬਾਬਤ ਆਪ ਜੀ ਦਾ ਫੈਸਲਾ ਜ਼ਫ਼ਰਨਾਮੇ ਦੇ ਸ਼ੇਅਰ 22 ਵਿਚ ਇਸ ਤਰ੍ਹਾਂ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਹਿਲੂਰ ਦੇ ਰਾਜੇ ਕੋਲੋਂ ਪੰਜ ਮੀਲ ਉੱਤਰ-ਪੱਛਮ ਵੱਲ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦੀ ਜੋ ਸਤਲੁਜ ਦਰਿਆ ਦੇ ਕੰਢੇ 'ਤੇ ਸੀ, ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨਾਮ ਦਾ ਨਗਰ ਵਸਾਇਆ ਸੀ ਅਤੇ ਜਿਸ ਦੀ ਨੀਂਹ ਰੱਖਣ ਦਾ ਸ਼ੁਭ ਕਾਰਜ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸੰਪੂਰਨ ਕੀਤਾ ਸੀ। ਮਾਖੋਵਾਲ ਦਾ ਨਾਮ ਪਹਿਲਾਂ ਚੱਕ ਨਾਨਕੀ ਅਤੇ ਬਾਅਦ ਵਿਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ ਜਿਸ ਦੀ ਨੀਂਹ ਰੱਖਣ ਲਈ ਟੱਕ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਗਾਇਆ। ਇਥੇ ਹੀ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਆਪਣਾ ਜੀਵਨ ਲਗਾਇਆ। ਇਥੋਂ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਧਰਮ ਪ੍ਰਚਾਰ ਯਾਤਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਹਿਨੁਮਾਈ ਹੇਠ ਅਰੰਭ ਕੀਤੀ, ਜਿਸ ਵਿਚ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ, ਦੀਵਾਨ ਦੁਰਗਾ ਮੱਲ, ਦੁਰਗਾ ਦਾਸ ਆਦਿ ਮਹਾਂਪੁਰਸ਼ਾਂ ਦੇ ਨਾਲ-ਨਾਲ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਵੀ ਗੁਰੂ-ਘਰ ਦੇ ਟਹਿਲੀਏ ਸੇਵਾਦਾਰ ਵਜੋਂ ਸ਼ਾਮਲ ਸਨ। ਪ੍ਰਚਾਰ ਵਜੋਂ ਮਾਲਵੇ ਦੇਸ਼ ਦੇ ਬਾਂਗਰ ਇਲਾਕੇ ਮਥਰਾ, ਕੁਰੂਕਸ਼ੇਤਰ, ਆਗਰਾ, ਕਾਨ੍ਹਪੁਰ, ਅਲਾਹਾਬਾਦ ਆਦਿਕ ਅਨੇਕਾਂ ਤੀਰਥਾਂ ਦੀ ਯਾਤਰਾ ਕਰਦੇ ਹੋਏ ਪਟਨੇ ਸ਼ਹਿਰ (ਬਿਹਾਰ) ਵਿਖੇ ਪੁੱਜੇ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪਰਵਾਰ ਅਤੇ ਗੁਰੂ ਦੀ ਸੰਗਤ ਜਿਸ ਵਿਚ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਵੀ ਸ਼ਾਮਲ ਸਨ, ਨੂੰ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੌਂਪ ਕੇ ਢਾਕੇ-ਅਸਾਮ ਦੇਸ਼ ਦੇ ਦੌਰੇ 'ਤੇ ਚਲੇ ਗਏ ਸਨ। ਪਟਨੇ ਵਿਖੇ ਹੀ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਸਦਕਾ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ 23 ਪੋਹ 1723 ਬਿਕ੍ਰਮੀ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਈ ਰਣੀਆ ਜੀ ਦੇ ਘਰ ਬਾਬਾ ਸੰਗਤ ਸਿੰਘ ਦਾ ਜਨਮ 28 ਵੈਸਾਖ 1724 ਬਿਕ੍ਰਮੀ ਨੂੰ ਹੋਇਆ। ਮਾਤਾ-ਪਿਤਾ ਨੇ ਜਨਮ ਤੋਂ ਹੀ ਆਪ ਜੀ ਦਾ ਨਾਮ ਸੰਗਤਾ ਰੱਖਿਆ।



ਗਿਆਨੀ ਗੁਰਬਖਸ਼ ਸਿੰਘ ਜੀ ਆਪਣੀ ਪੁਸਤਕ 'ਕਲਗੀ ਭਾਈ ਸੰਗਤ ਸਿੰਘ ਨੂੰ ਹੀ' ਵਿਚ ਲਿਖਦੇ ਹਨ ਕਿ ਬਾਬਾ ਸੰਗਤ ਸਿੰਘ ਦੇ ਵੱਡ-ਵਡੇਰੇ ਪੁਰਾਣੇ ਜ਼ਮਾਨੇ ਦੇ ਜਲੰਧਰ ਸੂਬੇ ਦੇ ਪਿੰਡ ਖੇੜੀ (ਫਗਵਾੜੇ ਦੇ ਲਾਗੇ) ਦੇ ਰਹਿਣ ਵਾਲੇ ਸਨ, ਜਿਨ੍ਹਾਂ ਦੇ ਵੱਡ-ਵਡੇਰੇ ਪਹਿਲਾਂ ਬੰਗੇ ਰਹਿੰਦੇ ਸਨ ਜਿਸ ਕਰਕੇ ਖੇੜੀ ਦੇ ਵਸਨੀਕ ਆਪ ਨੂੰ ਬੰਗੇਸਰ ਦੀ ਅੱਲ ਨਾਲ ਪੁਕਾਰਦੇ ਸਨ।

ਇਤਿਹਾਸ ਨੂੰ ਵਾਚਣ ਉਪਰੰਤ ਪਤਾ ਲੱਗਦਾ ਹੈ ਕਿ, ਖੇੜੀ ਸਪਰੋੜ ਦੀ ਇਕ ਦਿਲਕੰਬਾਊ ਕਹਾਣੀ ਨੂੰ ਬੜੇ ਜਿਗਰੇ ਨਾਲ ਹੀ ਸੁਣਿਆ ਜਾ ਸਕਦਾ ਹੈ। ਲਾਗੇ-ਲਾਗੇ ਦੇ ਪਿੰਡਾਂ ਤੋਂ ਵੀ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਖਾਲਸਾ ਪੰਥ ਦੀ ਸਾਜਨਾ ਸਮੇਂ ਅਨੰਦਪੁਰ ਸਾਹਿਬ ਵਿਖੇ ਇਸੇ ਪਿੰਡ ਦੇ ਭਾਈ ਰਣੀਆ ਜੀ, ਭਾਈ ਜੋਧਾ ਜੀ ਜੋ ਹੀਰ ਗੋਤ ਦੇ ਰਾਮਦਾਸੀਏ ਗੁਰਸਿੱਖ ਸਨ ਅਤੇ ਭਾਈ ਭਾਨੂੰ ਜੀ ਦੇ ਸਪੁੱਤਰ ਸਨ, ਦੇ ਪਰਵਾਰਾਂ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਪੰਥ ਨਾਲ ਆਪਣਾ ਗੂੜ੍ਹਾ ਸਬੰਧ ਜੋੜ ਲਿਆ ਸੀ, ਜਿਸ ਦੇ ਵਿਰੋਧ ਵਿਚ ਆ ਕੇ ਔਰੰਗਜ਼ੇਬ ਹਕੂਮਤ ਨੇ ਇਕ ਖਾਸ ਫਤਵਾ ਜਾਰੀ ਕੀਤਾ ਕਿ ਇਨ੍ਹਾਂ ਦੀ ਜਾਇਦਾਦ ਜਬਤ ਕਰਕੇ ਇਨ੍ਹਾਂ ਨੂੰ ਬਾਗੀ ਕਰਾਰ ਦੇ ਦਿੱਤਾ ਜਾਵੇ ਅਤੇ ਹਕੂਮਤ ਦੇ ਸਪੁਰਦ ਨਾ ਕਰਨ ਦੀ ਸੂਰਤ ਵਿਚ ਪਿੰਡ ਖੇੜੀ ਤਹਿਸ-ਨਹਿਸ ਕਰਨ ਦਾ ਹੁਕਮ ਦਿੱਤਾ ਸੀ। ਇਸ ਤਰ੍ਹਾਂ ਖੇੜੀ ਪਿੰਡ ਜੋ ਜ਼ਾਲਮ ਹਕੂਮਤ ਨੇ ਬੇਰਹਿਮੀ ਦਾ ਸ਼ਿਕਾਰ ਬਣਾ ਕੇ ਉਜਾੜ ਦਿੱਤਾ ਗਿਆ, ਜੋ ਅੱਜ ਵੀ ਥੇਹ ਦੀ ਸ਼ਕਲ ਵਿਚ ਦੇਖਿਆ ਜਾ ਸਕਦਾ ਹੈ। ਬਾਬਾ ਸੰਗਤ ਸਿੰਘ ਜੀ ਦੇ ਖਾਨਦਾਨ ਦੇ ਜੋ ਪਰਿਵਾਰ ਥੇਹ ਜੋ ਪਿੰਡ ਖੇੜੀ ਤੋਂ ਉਜੜ-ਪੁਜੜ ਕੇ ਆਏ ਸਨ ਉਨ੍ਹਾਂ ਵਿਚ ਅੱਜ ਵੀ ਪਿੰਡ ਰੁੜਕਾ ਖੁਰਦ, ਖੋਥੜਾਂ, ਜੰਡਾਲੀ, ਚੱਕ ਗੁਰੂ ਆਦਿਕ ਪਿੰਡਾਂ ਵਿਚ ਬਾਬਾ ਜੀ ਦੇ ਖਾਨਦਾਨ ਨਾਲ ਸਬੰਧਿਤ ਬਹੁਤ ਸਾਰੇ ਗੁਰਸਿੱਖ ਪਰਵਾਰ ਗੁਰੂ-ਪੰਥ ਦੀ ਸੇਵਾ ਵਿਚ ਹਨ। ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਗਤ ਵਿਚ ਜੰਡੂ ਸਿੰਘਾ (ਜਲੰਧਰ ਸ਼ਹਿਰ) ਇਲਾਕੇ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਰਾਮਦਾਸੀਏ ਸਿੱਖਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਨ ਵਿਚ ਰਹਿ ਕੇ ਗੁਰੂ ਸਾਹਿਬ ਦੁਆਰਾ ਲੜੀਆਂ ਗਈਆਂ ਚੌਹਾਂ ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਿਆਂ ਵੈਰੀਆਂ ਨੂੰ ਕਰਾਰੇ ਹੱਥ ਦਿਖਾਏ, ਉਥੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਬਣ ਹਿਰਦੇ ਵਿਚ ਇਤਿਹਾਸ ਸਮੋਈ ਬੈਠੀਆਂ ਰਾਮਦਾਸੀਏ ਸਿੱਖਾਂ ਅਤੇ ਸਿੱਖ ਬੀਬੀਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਵੀ ਇਤਿਹਾਸ ਆਪਣੀ ਛਾਤੀ ਵਿਚ ਸਮੋਈ ਬੈਠਾ ਹੈ।



ਭਾਈ ਰਤਨ ਸਿੰਘ ਭੰਗੂ ਲਿਖਦੇ ਹਨ ਕਿ ਵੱਡੇ ਘੱਲੂਘਾਰੇ ਸਮੇਂ ਹੋਰ ਬਿਰਾਦਰੀਆਂ ਦੇ ਨਾਲ-ਨਾਲ ਹਜ਼ਾਰਾਂ ਰਾਮਦਾਸੀਏ ਸਿੰਘਾਂ ਨੇ ਵੀ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇਸੇ ਤਰ੍ਹਾਂ ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ ਕਿ ਸਿੱਖ ਰਾਜ ਸਥਾਪਤ ਕਰਨ ਵਿਚ ਰਾਮਦਾਸੀਏ ਸਿੰਘਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਤਿਹਾਸ ਦੇ ਪੱਤਰੇ ਵਾਚਣ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਾਮਦਾਸੀਏ ਸਿੱਖਾਂ ਦਾ ਇਤਿਹਾਸ ਕਿਸ ਤਰ੍ਹਾਂ ਕੁਰਬਾਨੀਆਂ ਨਾਲ ਲਬਰੇਜ਼ ਹੋਇਆ ਪਿਆ ਹੈ, ਇਨ੍ਹਾਂ ਵਿੱਚੋਂ ਹੀ ਸਨ ਕੌਮ ਦੇ ਅਮੋਲ ਰਤਨ ਬਾਬਾ ਸੰਗਤ ਸਿੰਘ ਜੀ, ਜਿਨ੍ਹਾਂ ਨੇ ਆਪਣਾ ਜੀਵਨ ਮੁੱਢ ਤੋਂ ਲੈ ਕੇ ਅੰਤ ਤਕ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਗੁਜ਼ਾਰਿਆ।

ਛੋਟੀ ਉਮਰ ਵਿਚ ਆਪ ਪਟਨੇ ਸ਼ਹਿਰ ਵਿਚ ਸ੍ਰੀ (ਗੁਰੂ) ਗੋਬਿੰਦ ਰਾਏ ਜੀ ਨਾਲ ਹੱਸ ਖੇਡ ਤੇ ਬਾਲ-ਲੀਲ੍ਹਾ ਦੀਆਂ ਖੇਡਾਂ ਦੇ ਨਾਲ-ਨਾਲ ਹੀ ਗੁਰੂ ਸਾਹਿਬ ਦੀ ਸ਼ਰਨ ਵਿਚ ਰਹਿ ਕੇ ਭਾਈ ਸੰਗਤੇ ਨੇ ਸ਼ਸ਼ਤਰ ਵਿੱਦਿਆ, ਨਿਸ਼ਾਨੇਬਾਜ਼ੀ, ਨੇਜੇਬਾਜ਼ੀ ਅਤੇ ਘੋੜਿਆਂ ਦੀ ਦੌੜ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਅਤੇ ਫਿਰ ਆਪ ਗੁਰੂ ਸਾਹਿਬ ਜੀ ਨਾਲ ਅਨੰਦਪੁਰ ਸਾਹਿਬ ਆ ਗਏ।

ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਨੇ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵਾਂ ਨੂੰ ਖ਼ਤਮ ਕਰਦਿਆਂ ਹੋਇਆਂ, ਹਜ਼ਾਰਾਂ ਸੰਗਤਾਂ ਸਮੇਤ 1 ਵੈਸਾਖ 1756 ਬਿਕ੍ਰਮੀ ਨੂੰ ਗੁਰੂ ਸਾਹਿਬ ਜੀ ਤੋਂ ਭਾਈ ਸੰਗਤੇ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸੰਗਤੇ ਤੋਂ ਭਾਈ ਸੰਗਤ ਸਿੰਘ ਬਣੇ, ਜਿਨ੍ਹਾਂ ਵਿਚ ਆਪ ਦੇ ਚਾਚੇ ਭਾਈ ਜੋਧਾ ਜੀ ਅਤੇ ਪਿਤਾ ਭਾਈ ਰਣੀਆ ਜੀ, ਆਪ ਦੇ ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ, ਭਾਈ ਰਾਮ ਸਿੰਘ ਅਤੇ ਬੀਬੀਆਂ ਵਿਚ ਬੀਬੀ ਦੀਪ ਕੌਰ ਸ਼ਾਮਲ ਸਨ, ਬੀਬੀ ਦੀਪ ਕੌਰ ਉਹ ਬਹਾਦਰ ਸਿੰਘਣੀ ਸੀ ਜਿਸ ਨੇ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਸਾਹਿਬ ਦੀ ਬਹਾਦਰ ਅਤੇ ਪਿਆਰੀ ਪੁੱਤਰੀ ਹੋਣ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਚਮਕੌਰ ਦੀ ਜੰਗ ਤੋਂ ਪਹਿਲਾਂ ਬਾਬਾ ਸੰਗਤ ਸਿੰਘ ਨੇ ਬਸੀ ਕਲਾਂ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਪੰਡਤਾਣੀ ਛੁਡਾਉਣ, ਭੰਗਾਣੀ ਦਾ ਯੁੱਧ, ਅਗੰਮਪੁਰੇ ਦੀ ਲੜਾਈ, ਸਰਸਾ ਦੀ ਜੰਗ ਵਿਚ ਵੀ ਸੂਰਬੀਰਤਾ ਦਾ ਸਬੂਤ ਦਿੱਤਾ ਸੀ ਅਤੇ ਫਿਰ ਗੁਰੂ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਸੀ ਜਿਸ ਕਰਕੇ ਗੁਰੂ ਸਾਹਿਬ ਜੀ ਨੂੰ ਬਾਬਾ ਸੰਗਤ ਸਿੰਘ ਦੀ ਵਫਾਦਾਰੀ ਅਤੇ ਸੂਰਬੀਰਤਾ 'ਤੇ ਪੂਰਨ ਵਿਸ਼ਵਾਸ ਸੀ, ਫਲਸਰੂਪ ਭਾਈ ਸੰਗਤ ਸਿੰਘ ਤਿਆਰ-ਬਰ-ਤਿਆਰ ਪੂਰਨ ਖਾਲਸਾ ਸਨ ਜਿਸ ਕਰਕੇ ਗੁਰੂ ਸਾਹਿਬ ਦੀ ਚੋਣ ਰੂਪੀ ਬਖਸ਼ਿਸ਼ ਸੰਗਤ ਸਿੰਘ ਦੀ ਝੋਲੀ ਪਈ। 9 ਪੋਹ 1761 ਬਿਕ੍ਰਮੀ ਦੀ ਸਵੇਰ ਨੂੰ ਜਦੋਂ ਮੁਗ਼ਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਜੀ ਦੁਆਰਾ ਪਹਿਨੀ ਹੋਈ ਗੁਰੂ ਸਾਹਿਬ ਜੀ ਵਾਲੀ ਪੌਸ਼ਾਕ ਅਤੇ ਕਲਗੀ ਨੇ ਬਾਰ-ਬਾਰ ਮੁਗ਼ਲਾਂ ਨੂੰ ਗੁਰੂ ਸਾਹਿਬ ਜੀ ਦਾ ਭੁਲੇਖਾ ਪਾਇਆ। ਬਾਬਾ ਸੰਗਤ ਸਿੰਘ ਨੂੰ ਮੁਗ਼ਲ ਫੌਜਾਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਝ ਕੇ ਤੀਰਾਂ ਦੀ ਬੁਛਾੜ ਕਰਦੀਆਂ ਰਹੀਆਂ। ਉਧਰ ਬਾਬਾ ਜੀ ਨੇ ਡਟ ਕੇ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਕ੍ਰਿਪਾਨ, ਤੀਰਾਂ ਅਤੇ ਨੇਜ਼ਿਆਂ ਦੀ ਵਰਤੋਂ ਕਰ ਕੇ ਮੁਗ਼ਲਾਂ ਦੇ ਆਹੂ ਲਾਹ ਛੱਡੇ। ਜ਼ਖ਼ਮੀ ਹੋਏ ਵੀ ਬਾਬਾ ਸੰਗਤ ਸਿੰਘ ਅੰਤ ਸਮੇਂ ਤਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ ਅਤੇ ਗੁਰੂ ਸਾਹਿਬ ਦੁਆਰਾ ਦਿੱਤੇ ਹੁਕਮਾਂ 'ਤੇ ਇੰਨ-ਬਿੰਨ ਪੂਰੇ ਉਤਰੇ। ਜ਼ਾਲਮਾਂ ਵਿਰੁੱਧ ਯੁੱਧ ਲਈ ਗੁਰੂ ਸਾਹਿਬ ਜੀ ਦੇ ਫਲਸਫੇ 'ਤੇ ਚਲਦਿਆਂ ਹੋਇਆਂ ਦੁਸ਼ਮਣਾਂ ਨਾਲ ਚਮਕੌਰ ਦੀ ਅਦੁੱਤੀ ਜੰਗ ਲੜ ਕੇ ਗੁਰੂ-ਆਸ਼ੇ ਨੂੰ ਸਰਅੰਜਾਮ ਦੇ ਕੇ ਅੰਤ 9 ਪੋਹ 1761 ਬਿਕ੍ਰਮੀ ਨੂੰ ਸ਼ਹਾਦਤ ਦਾ ਜਾਮ ਪੀ ਗਏ।

# ਕੁਰਬਾਨੀਆਂ ਦੀ ਮਿਸਾਲ: ਸਾਕਾ ਸਰਹਿੰਦ

ਰਣਦੀਪ ਕੌਰ ਪੰਧੇਰ
ਸ੍ਰੀ ਫ਼ਤਿਹਗੜ੍ਹ ਸਾਹਿਬ

ਸਿੱਖ ਇਤਿਹਾਸ ਕੁਰਬਾਨੀਆਂ ਦੀ ਮਿਸਾਲ ਹੈ। ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਸਿੱਖ ਧਰਮ ਸ਼ਹੀਦਾਂ ਦੇ ਲਹੂ ਭਿੱਜੇ ਇਤਿਹਾਸ ਦੀ ਲੰਮੀ ਗਾਥਾ ਹੈ।ਸਿੱਖਾਂ ਦੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦੇ ਵੀ ਇਸੇ ਸ਼ਹੀਦੀ ਰੂਪੀ ਮਾਲਾ ਦੇ ਅਹਿਮ ਮਣਕੇ ਹਨ ਜਿਨ੍ਹਾਂ ਦੀ ਮਿਸਾਲ ਸੰਸਾਰ ਵਿਚ ਕਿਤੇ ਨਹੀਂ ਮਿਲਦੀ।ਸਭ ਤੋਂ ਪਹਿਲਾਂ ਸਿੱਖ ਸਾਹਿਤ ਵਿੱਚ ਚਾਰ ਸਾਹਿਬਜ਼ਾਦਿਆਂ ਸਬੰਧੀ ਇਤਿਹਾਸਿਕ ਪੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੇ ਖ਼ਤ 'ਜ਼ਫ਼ਰਨਾਮਾ'ਵਿੱਚੋਂ ਮਿਲਦਾ ਹੈ ਕਿ:

'ਚਿਹਾ ਸ਼ੁਦ ਕਿ ਚੂੰ ਬੱਚਗਾ ਕਸ਼ਤਹ ਚਾਰ, ਕੀ ਬਾਕੀ ਬਮਾਂਦਸਤ ਪੇਚੀਦਹ ਮਾਰ'

ਗੁਰੂ ਸਾਹਿਬ ਲਿਖਦੇ ਹਨ ਕਿ 'ਐ ਔਰੰਗਜ਼ੇਬ ਤੂੰ ਮੇਰੇ ਚਾਰ ਪੁੱਤਰ ਖ਼ਤਮ ਕਰ ਦਿੱਤੇ ਹਨ, ਪਰ ਤੂੰ ਯਾਦ ਰੱਖ ਕੇ ਤੇਰੀ ਜ਼ੁਲਮੀ ਸਲਤਨਤ ਨੂੰ ਖਤਮ ਕਰਨ ਵਾਲਾ ਕੁੰਡਲਾਂ ਵਾਲਾ ਨਾਗ ਹਾਲੇ ਬਾਕੀ ਹੈ,ਜੋ ਤੇਰੀ ਸਲਤਨਤ ਨੂੰ ਖ਼ਤਮ ਕਰਕੇ ਹੀ ਦਮ ਲਵੇਗਾ। ਦਸਮ ਪਿਤਾ ਦੇ ਪਰਿਵਾਰ ਦੀ ਸ਼ਹੀਦੀ ਗਾਥਾ ਦੀ ਮਿਸਾਲ ਪੂਰੇ ਸੰਸਾਰ ਵਿੱਚ ਕਿਤੇ ਵੀ ਨਹੀਂ ਮਿਲਦੀ ਜਿੱਥੇ ਕਿਸੇ ਨੇ ਦੂਜੇ ਦੀ ਧਰਮ ਦੀ ਰੱਖਿਆ ਖਾਤਰ ਬਲੀਦਾਨ ਦਿੱਤਾ ਹੋਵੇ। ਗੁਰੂ ਪਿਤਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਇਸ ਦੀ ਲਾਸਾਨੀ ਮਿਸਾਲ ਹਨ। ਜਿਹੜਾ ਗੁਰੂ ਪੂਰੀ ਕੌਮ ਨੂੰ ਇਹ ਸੰਦੇਸ਼ ਦਿੰਦਾ ਹੋਵੇ ਕਿ;

ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ'

ਭਾਵ ਮੇਰੇ ਸਿੱਖ ਨਾ ਹੀ ਕਿਸੇ ਨੂੰ ਡਰਾਉਂਦੇ ਹਨ ਅਤੇ ਨਾ ਹੀ ਕਿਸੇ ਤੋਂ ਡਰਦੇ ਹਨ, ਫਿਰ ਉਨ੍ਹਾਂ ਦੇ ਪੋਤੇ ਜ਼ੁਲਮ ਅੱਗੇ ਕਿੰਜ ਝੁਕ ਸਕਦੇ ਸੀ। ਜਿਸ ਪੁੱਤਰ ਨੇ ਨਿੱਕੀ ਉਮਰੇ ਹੀ ਆਪਣੇ ਪਿਓ ਨੂੰ ਇਹ ਕਹਿ ਕੇ ਮਜਲੂਮਾਂ ਦੀ ਮਦਦ ਲਈ ਤੋਰਿਆ ਕਿ ਤੁਹਾਡੇ ਤੋਂ ਮਹਾਨ ਮਨੁੱਖ ਕੁਰਬਾਨੀ ਲਈ ਹੋਰ ਕੋਈ ਨਹੀਂ, ਉਸ ਗੁਰੂ ਗੋਬਿੰਦ ਦੇ ਇਹ ਲਾਲ ਔਰੰਗਜ਼ੇਬ ਦੀ ਪਾਪੀ ਹਕੂਮਤ ਅੱਗੇ ਹਿੱਕ ਤਾਣ ਕੇ ਖੜ੍ਹ ਗਏ।ਸਾਕਾ ਸਰਹਿੰਦ ਇਕ ਅਜਿਹੀ ਘਟਨਾ ਹੈ ਜਿਸ ਨੇ ਸਿੱਖਾਂ ਤੇ ਹੀ ਨਹੀਂ ਬਲਕਿ ਪੂਰੇ ਜਗਤ ਤੇ ਡੂੰਘੀ ਛਾਪ ਛੱਡੀ ਹੈ। ਜੇ ਇਸ ਸਾਕੇ ਦੀ ਗੱਲ ਕਰੀਏ ਤਾਂ ਦਸਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ ਦਾ ਇਤਿਹਾਸ ਵਿੱਚ ਸਭ ਤੋਂ ਉਭਰਵਾਂ ਸਥਾਨ ਹੈ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਦੇ ਲੜੀਵਾਰ ਢੰਗ ਨਾਲ ਵੇਖੀਏ ਤਾਂ ਪਿਛੋਕੜ ਦਾ ਜ਼ਿਕਰ ਕਰਨਾ ਲਾਜ਼ਮੀ ਹੈ।ਜਦੋਂ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂਤਾ ਗੱਦੀ ਤੇ ਬਿਠਾਇਆ ਗਿਆ ਤਾਂ ਉਨ੍ਹਾਂ ਦੀ ਉਮਰ ਨੌਂ ਸਾਲਾਂ ਤੋਂ ਵੀ ਘੱਟ ਸੀ। ਹਿੰਦ ਦੀ ਚਾਦਰ ਕਹਾਉਣ ਵਾਲੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। 22 ਵਰ੍ਹਿਆਂ ਦੀ ਉਮਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੀ ਪਹਿਲੀ ਜੰਗ ਲੜੀ ਅਤੇ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ। ਫਿਰ ਸੰਨ 1699 ਵਿੱਚ ਖਾਲਸਾ ਪੰਥ ਦੀ ਸਾਜਨਾ ਕਰਕੇ ਦਸਮੇਸ਼ ਪਿਤਾ ਨੇ ਸਿੱਖਾਂ ਵਿੱਚ ਨਵੀਂ ਰੂਹ ਫੂਕੀ। ਖਾਲਸੇ ਦੇ ਜਨਮ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਸਮੁੱਚੇ ਭਾਰਤ ਨੂੰ ਨਵੀਂ ਦਿਸ਼ਾ ਦਿੱਤੀ ਖਾਲਸੇ ਦੀ ਸਥਾਪਨਾ ਤੋਂ ਲੱਗਭਗ ਦੋ ਵਰ੍ਹਿਆਂ ਉਪਰੰਤ ਲੜਾਈਆਂ ਦਾ ਦੌਰ ਸ਼ੁਰੂ ਹੋ ਗਿਆ। ਪਹਾੜੀ ਰਾਜਿਆਂ ਨੂੰ ਸੱਤਾ ਦਾ ਖਤਰਾ ਜਾਪਿਆ ਅਤੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਕੀਤੀ।ਔਰੰਗਜ਼ੇਬ ਨੇ ਅਨੰਦਪੁਰ ਸਾਹਿਬ ਤੇ ਹਮਲਾ ਕਰਨ ਦੇ ਹੁਕਮ ਦਿੱਤੇ। ਗੁਰੂ ਜੀ ਅਤੇ ਫ਼ੌਜਾਂ ਨੇ ਇਸ ਦਾ ਡੱਟ ਕੇ ਮੁਕਾਬਲਾ ਕੀਤਾ। ਔਰੰਗਜੇਬ ਨੇ ਕਿਲੇ ਅੰਦਰ ਰਾਸ਼ਨ ਪਾਣੀ ਜਾਣਾ ਬੰਦ ਕਰਵਾ ਦਿੱਤਾ। ਉਸ ਨੂੰ ਪਤਾ ਸੀ ਕਿ ਜ਼ਬਰਦਸਤੀ ਨਾਲ ਕਿਲ੍ਹਾ ਖਾਲੀ ਨਹੀਂ ਕਰਵਾਇਆ ਜਾ ਸਕਦਾ ਤਾਂ ਮੁਗ਼ਲ ਅਤੇ ਪਹਾੜੀ ਫੌਜਾਂ ਨੇ ਗਊ ਅਤੇ ਕੁਰਾਨ ਏ ਪਾਕ ਦੀਆਂ ਕਸਮਾਂ ਖਾਧੀਆਂ ਕਿ ਕਿਲ੍ਹਾ ਛੱਡਣ ਤੇ ਕਿਸੇ ਸਿੱਖ ਨੂੰ ਕੁਝ ਨਹੀਂ ਕਿਹਾ ਜਾਵੇਗਾ। ਗੁਰੂ ਜੀ ਨੂੰ ਪਤਾ ਸੀ ਕਿ ਉਹ ਕਸਮਾਂ ਤੇ ਕਿੰਨਾ ਖਰਾ ਉਤਰਨਗੇ ਪਰ ਉਨ੍ਹਾਂ ਨੇ ਧਾਰਮਿਕ ਚਿੰਨ੍ਹਾਂ ਦੇ ਸਨਮਾਨ ਨੂੰ ਵੇਖਦਿਆਂ ਕਿਲ੍ਹਾ ਖਾਲੀ ਕਰਨ ਦਾ ਮਨ ਬਣਾ ਲਿਆ। ਅਨੰਦਪੁਰ ਸਾਹਿਬ ਛੱਡਣ ਤੇ ਗੁਰੂ ਸਾਹਿਬ ਨਾਲ 1500 ਸਿੰਘਾਂ ਦਾ ਕਾਫ਼ਿਲਾ ਸੀ।ਜਦੋਂ ਇਹ ਕਾਫਲਾ ਸਰਸਾ ਨਦੀ ਕੋਲ ਪਹੁੰਚਿਆ ਤਾਂ ਮੁਗਲ ਫੌਜਾਂ ਨੇ ਗਊ ਅਤੇ ਕੁਰਾਨ ਦੀਆਂ ਕਸਮਾਂ ਤੋੜ ਕੇ ਕਾਫਲੇ ਤੇ ਹਮਲਾ ਬੋਲ ਦਿੱਤਾ। ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਇੱਕ ਪਾਸੇ ਸ਼ੂਕਦੀ ਸਰਸਾ ਨਦੀ ਤੇ ਦੂਜੇ ਪਾਸੇ ਉੱਚੇ ਪਹਾੜ ਪਰ ਗੁਰੂ ਸਾਹਿਬ ਨੇ ਈਨ ਨਾ ਮੰਨੀ ਉਨ੍ਹਾਂ ਨੇ ਡੱਟ ਕੇ ਮੁਗਲਾਂ ਦਾ ਸਾਹਮਣਾ ਕੀਤਾ।ਕੁਝ ਸਿੰਘਾਂ ਨੇ ਹਿੰਮਤ ਦਿਖਾਈ ਅਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਦੀ ਵਿੱਚੋਂ ਪਾਰ ਲੈ ਗਏ। ਸਰਸਾ ਨਦੀ ਪਾਰ ਕਰਨ ਉਪਰੰਤ ਸਿੱਖ ਹਾਲੇ ਇਕੱਠੇ ਵੀ ਨਹੀਂ ਸਨ ਹੋਏ ਕਿ ਰੋਪੜ ਦੇ ਰੰਗੜਾਂ ਨੇ ਧਾਵਾ ਬੋਲ ਦਿੱਤਾ। ਬੇਸ਼ੱਕ ਉਹ ਸਾਹਿਬ ਏ ਕਮਾਲ ਅੱਗੇ ਛੇਤੀ ਹੀ ਮੈਦਾਨ ਛੱਡ ਗਏ, ਪਰ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦੇ ਗੁਰੂ ਜੀ ਤੋਂ ਵਿਛੜ ਗਏ। ਚਮਕੌਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਇਤਿਹਾਸ ਦੀ ਬੇਜੋੜ ਜੰਗ ਲੜੀ ਤੇ ਇਸ ਜੰਗ ਵਿੱਚ ਵੱਡੇ ਸਾਹਿਬਜ਼ਾਦੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ, ਅਤੇ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਹਿੰਮਤ ਸਿੰਘ ਤੇ ਮੋਹਕਮ ਸਿੰਘ ਵੀ ਰਣਭੂਮੀ ਦੀ ਭੇਟ ਚੜ੍ਹੇ। ਉਧਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਰਸੋਈਏ ਗੰਗੂ ਬ੍ਰਾਹਮਣ ਦੇ ਨਾਲ ਉਸ ਦੇ ਪਿੰਡ ਸਹੇੜੀ ਪਹੁੰਚੇ। ਮਾਤਾ ਜੀ ਕੋਲ ਧਨ ਵੇਖ ਕੇ ਉਸ ਦੀ ਨੀਅਤ ਫਿੱਟ ਗਈ ਅਤੇ ਉਸ ਨੇ ਰਾਤ ਨੂੰ ਗਹਿਣੇ ਅਤੇ ਧਨ ਚੋਰੀ ਕਰ ਲਿਆ ਅਤੇ ਮੋਰਿੰਡਾ ਦੇ ਕੋਤਵਾਲ ਨੂੰ ਉਨ੍ਹਾਂ ਬਾਰੇ ਦੱਸ ਦਿੱਤਾ। ਸਾਹਿਬਜ਼ਾਦਿਆਂ ਨੂੰ ਉਨ੍ਹਾਂ ਨੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ।

ਉਦੋਂ ਹੀ ਉਨ੍ਹਾਂ ਨੂੰ ਪੋਹ ਦੀ ਹੱਡ ਚੀਰਵੀਂ ਠੰਢ ਵਿੱਚ, ਠੰਢੀ ਰਾਤ ਵਿੱਚ ਠੰਢੇ ਬੁਰਜ ਵਿੱਚ ਨਜ਼ਰਬੰਦ ਕੀਤਾ ਗਿਆ। ਗੁਰੂ ਘਰ ਦੇ ਇੱਕ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਨੇ ਨਾਟਕੀ ਢੰਗ ਨਾਲ ਬੁਰਜ ਵਿੱਚ ਦਾਖ਼ਲ ਹੋ ਕੇ ਉਨ੍ਹਾਂ ਨੂੰ ਦੁੱਧ ਛਕਾਇਆ ਤਾਂ ਹੀ ਅੱਜ ਉਨ੍ਹਾਂ ਦਾ ਨਾਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ।ਸੂਬਾ ਸਰਹਿੰਦ ਨੇ ਚੜ੍ਹਦੀ ਸਵੇਰ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ। ਸਾਹਿਬਜ਼ਾਦੇ ਚੜ੍ਹਦੀ ਕਲਾ ਨਾਲ ਕਚਹਿਰੀ ਵਿੱਚ ਪੇਸ਼ ਹੋਏ। ਸੂਬੇ ਨੇ 'ਪੈਂਦੀ ਸੱਟੇ' ਝੂਠ ਬੋਲਿਆ ਕਿ ਤੁਹਾਡੇ ਪਿਤਾ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਚੁੱਕੇ ਹਨ ਜੇ ਤੁਸੀਂ ਆਪਣੀ ਜਾਨ ਦੀ ਸਲਾਮਤੀ ਚਾਹੁੰਦੇ ਹੋ ਤਾਂ ਇਸਲਾਮ ਕਬੂਲ ਕਰ ਲਵੋ ਪਰ ਸਾਹਿਬਜ਼ਾਦਿਆਂ ਨੂੰ ਫ਼ਾਨੀ ਦੇਹ ਨਾਲੋਂ ਧਰਮ ਜ਼ਿਆਦਾ ਪਿਆਰਾ ਸੀ। ਉਨ੍ਹਾਂ ਨੇ ਇਸ ਗੱਲ ਤੋਂ ਸਾਫ ਇਨਕਾਰ ਕਰ ਦਿੱਤਾ।ਸੂਬੇ ਨੇ ਦੁਨਿਆਵੀ ਲਾਲਚਾਂ ਦਾ ਚੋਗਾ ਸੁੱਟਿਆ। ਠਾਠ ਬਾਠ ਦੀ ਜ਼ਿੰਦਗੀ ਦੇ ਸਬਜ਼ਬਾਗ ਦਿਖਾਏ, ਪਰ ਸਾਹਿਬਜ਼ਾਦੇ ਟੱਸ ਤੋਂ ਮੱਸ ਨਾ ਹੋਏ। ਅਗਲੀ ਸਵੇਰ ਫਿਰ ਉਨ੍ਹਾਂ ਨੂੰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ, ਤੇ ਫਿਰ ਉਨ੍ਹਾਂ ਨੂੰ ਚੜ੍ਹਦੀ ਕਲਾ ਵਿੱਚ ਵੇਖ ਕੇ ਸੂਬਾ ਅੱਗ ਵਰੋਲਾ ਹੋ ਗਿਆ। ਉਹ ਵਾਹ ਨਾ ਚੱਲਦੀ ਵੇਖ ਕੇ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ, ਪਰ ਸਾਹਿਬਜਾਦੇ ਅਡੋਲ ਰਹੇ ਅਤੇ ਸੂਬੇ ਨੇ ਸਜ਼ਾ ਏ ਮੌਤ ਦਾ ਫੈਸਲਾ ਸੁਣਾ ਦਿੱਤਾ।ਕਾਜ਼ੀ ਨੂੰ ਭਰੋਸੇ ਵਿੱਚ ਲੈਂਦਿਆਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚੜ੍ਹਨ ਦਾ ਹੁਕਮ ਸੁਣਾਇਆ ਗਿਆ। ਨਵਾਬ ਮਾਲੇਰਕੋਟਲਾ ਨੇ ਇਸ ਫੈਸਲੇ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ ਪਰ ਉਸ ਪਵਿੱਤਰ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ।ਮੰਨਿਆ ਜਾਂਦਾ ਹੈ ਕਿ ਅਗਲੀ ਸਵੇਰ ਫਿਰ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਗਿਆ, ਅਤੇ ਉਨ੍ਹਾਂ ਨੂੰ ਇੱਕ ਵਾਰ ਫਿਰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ। ਸਭ ਤਰ੍ਹਾਂ ਦੇ ਤਸੀਹੇ, ਲਾਲਚ, ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦੇ ਵੀ ਦਸਮੇਸ਼ ਪਿਤਾ ਦੇ ਲਾਲ ਸਨ, ਉਹ ਧਰਮ ਕਿਵੇਂ ਛੱਡ ਸਕਦੇ ਸਨ। ਸੂਬੇ ਦੇ ਹੁਕਮ ਨਾਲ ਜ਼ਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਬੇਰਹਿਮੀ ਨਾਲ ਮਾਸੂਮ ਜਿੰਦਾਂ ਨੂੰ ਜ਼ਿਬਾਹ ਕਰ ਦਿੱਤਾ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਪਾਈ।

ਸਾਕਾ ਸਰਹਿੰਦ ਬਾਰੇ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿੱਚ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਲਿਖਦੇ ਹਨ;

'ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ'

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨਾਲ ਸਬੰਧਤ ਇਤਿਹਾਸਕ ਸਥਾਨ

ਸਿੱਖ ਇਤਿਹਾਸ ਵਿੱਚ ਪੋਹ ਦਾ ਮਹੀਨਾ (ਦਸੰਬਰ ਅੱਧ ਤੋਂ ਸ਼ੁਰੂ) ਬੇਹੱਦ ਉਦਾਸੀਨਤਾ ਭਰਿਆ ਹੁੰਦਾ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਵਿਛੋੜਾ, ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ, ਇਸੇ ਮਹੀਨੇ ਹੀ ਇਹ ਸਭ ਦੁਖਾਂਤ ਵਾਪਰੇ ਸਨ।

ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਦੀ ਧਰਮ ਹਿਤ ਦਿੱਤੀ ਅਦੁੱਤੀ-ਸ਼ਹਾਦਤ ਦੀ ਅਮਰ ਯਾਦਗਾਰ ਵਜੋਂ ਸੁਭਾਇਮਾਨ ਹੈ।

ਕਲਗ਼ੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਬਹਾਦਰ ਸਪੂਤ ਸ੍ਰੀ ਅਨੰਦਪੁਰ ਸਾਹਿਬ ਦੀ ਭਿਆਨਕ ਜੰਗ ਸਮੇਂ ਮਾਤਾ ਗੁਜਰੀ ਸਮੇਤ, ਗੁਰਦੁਆਰਾ ਪਰਿਵਾਰ ਵਿਛੋੜਾ ਦੇ ਸਥਾਨ ਤੋਂ ਖ਼ਾਲਸਾਈ ਪਰਿਵਾਰ ਨਾਲੋਂ ਵਿਛੜ ਗਏ। ਘਰੇਲੂ ਨੌਕਰ, ਗੰਗੂ ਬ੍ਰਾਹਮਣ ਦੀ ਗ਼ੱਦਾਰੀ ਕਾਰਨ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫ਼ਤਿਹਗੜ੍ਹ ਸਾਹਿਬ ਦੇ ਇਸੇ ਠੰਡੇ ਬੁਰਜ 'ਚ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਕੈਦ ਕਰ ਦਿੱਤਾ ਗਿਆ। ਸਿੱਖ ਧਰਮ ਨੂੰ ਛੱਡਣ ਤੇ ਇਸਲਾਮ ਕਬੂਲ ਕਰਨ ਲਈ ਸਾਹਿਬਜ਼ਾਦਿਆਂ ਨੂੰ ਸੰਸਾਰਿਕ ਤੇ ਪ੍ਰਮਾਥਿਕ ਲਾਲਚ ਤੇ ਡਰਾਵੇ ਦਿੱਤੇ ਗਏ। ਜਦ ਸਾਹਿਬਜ਼ਾਦੇ ਕਿਸੇ ਲਾਲਚ-ਡਰਾਵੇ ਨੂੰ ਨਾ ਮੰਨੇ ਤਾਂ ਜ਼ਾਲਮਾਂ ਉਨ੍ਹਾਂ ਮਾਸੂਮ ਜਿੰਦਾਂ ਨੂੰ ਨੀਂਹਾਂ ਵਿਚ ਚਿਣਵਾ-ਕਤਲ ਕਰਵਾ ਦਿੱਤਾ। ਵਿਸ਼ਵ ਇਤਿਹਾਸ ਦਾ ਇਹ ਲਾਸਾਨੀ ਸ਼ਹੀਦੀ ਸਾਕਾ 13 ਪੋਹ, 1761 ਬਿ: ਦਸੰਬਰ 1704 ਈ: ਵਿਚ ਵਾਪਰਿਆ। ਜਦ ਇਹ ਦੁਖਦਾਈ ਖ਼ਬਰ ਮਾਤਾ ਗੁਜਰੀ ਨੂੰ ਮਿਲੀ ਤਾਂ ਉਹ ਵੀ ਗੁਰਪੁਰੀ ਪਿਆਨਾ ਕਰ ਗਏ।

ਫ਼ਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਨੂੰ ਸਿੱਖਾਂ ਦਾ ਕਰਬਲਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਥਾਂ 'ਤੇ ਹੀ ਦੁਨੀਆ ਦਾ ਇਕ ਮਹਾਨ ਜੁਝਾਰੂ ਸਾਕਾ ਵਾਪਰਿਆ। ਇਕ ਪਾਸੇ ਮੁਗ਼ਲ ਹਕੂਮਤ ਤੇ ਦੂਜੇ ਪਾਸੇ 7 ਤੇ 9 ਸਾਲ ਦੀ ਉਮਰ ਦੇ ਛੋਟੇ-ਛੋਟੇ ਬੱਚੇ। ਭੋਰਾ ਸਾਹਿਬ, ਇਹ ਉਹ ਇਤਿਹਾਸਕ ਅਸਥਾਨ ਹੈ ਜਿੱਥੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ ਸੀ।

**ਗੁਰਦੁਆਰਾ ਬਿਬਾਨਗੜ੍ਹ ਸਾਹਿਬ**

ਇਹ ਗੁਰਦੁਆਰਾ ਮੁੱਖ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਸਿਰਫ਼ 300 ਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਇੱਥੇ ਪੈਦਲ ਹੀ ਪਹੁੰਚਿਆ ਜਾ ਸਕਦਾ ਹੈ।

ਸਿੱਖ ਇਤਿਹਾਸ ਅਨੁਸਾਰ, ਮੁਗ਼ਲਾਂ ਨੇ ਗੁਰੂ ਜੀ ਦੇ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਮਾਤਾ ਦੇ ਪਵਿੱਤਰ ਸਰੀਰਾਂ ਨੂੰ ਇਸ ਸਥਾਨ 'ਤੇ ਡੂੰਘੇ ਜੰਗਲ ਵਿੱਚ ਸੁੱਟ ਦਿੱਤਾ। ਦੀਵਾਨ ਟੋਡਰ ਮੱਲ ਅਤੇ ਹੋਰ ਸਿੱਖ ਇੱਥੇ ਪਹੁੰਚੇ ਅਤੇ ਦੇਹਾਂ ਪ੍ਰਾਪਤ ਕੀਤੀਆਂ। ਇੱਥੋਂ ਉਹ ਇਨ੍ਹਾਂ ਪਵਿੱਤਰ ਸਰੀਰਾਂ ਨੂੰ ਗੁਰਦੁਆਰਾ ਜੋਤੀ ਸਰੂਪ ਲੈ ਗਏ ਜਿੱਥੇ ਅੰਤ ਵਿੱਚ ਉਨ੍ਹਾਂ ਦਾ ਸਸਕਾਰ ਕੀਤਾ ਗਿਆ।

**ਗੁਰਦੁਆਰਾ ਸ੍ਰੀ ਜੋਤੀ ਸਰੂਪ ਫ਼ਤਿਹਗੜ੍ਹ ਸਾਹਿਬ**

ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਇਹ ਉਹ ਪਵਿੱਤਰ ਅਸਥਾਨ ਹੈ। ਜਿੱਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੇ ਪਵਿੱਤਰ ਦੇਹਾਂ ਦਾ ਸਸਕਾਰ ਕੀਤਾ ਗਿਆ ਸੀ। ਇਹ ਥਾਂ ਜ਼ਾਲਮ ਹਕੂਮਤ ਪਾਸੋਂ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਖੜੀਆਂ ਕਰਕੇ ਮੁੱਲ ਖਰੀਦੀ ਸੀ। ਅੱਜ ਇਸ ਅਸਥਾਨ 'ਤੇ ਪਾਲਕੀ ਸਾਹਿਬ ਸੁਸ਼ੋਭਿਤ ਹੈ। ਪੰਜਾਬ ਦੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਚ



ਹੈ ਜਿੱਥੇ ਹੁਣ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ। ਇਹ ਗੁਰੂਘਰ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਇਕ ਕਿਲੋਮੀਟਰ ਦੂਰ ਬਣਿਆ ਹੋਇਆ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਉਦੋਂ ਸਰਸਾ ਨਦੀ 'ਤੇ ਗੁਰੂ ਜੀ ਅਤੇ ਪਰਿਵਾਰ ਦਾ ਵਿਛੋੜਾ ਪੈ ਗਿਆ। ਮਾਤਾ ਗੁਜਰ ਕੌਰ ਅਤੇ ਦੋਨੋਂ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਤੋਂ ਮਿਲੀ ਖ਼ਬਰ ਦੇ ਬਾਅਦ ਮੁਗ਼ਲ ਸਰਕਾਰ ਨੇ ਗ੍ਰਿਫ਼ਤਾਰ ਕਰ ਲਏ। ਇਸ ਤੋਂ ਬਾਅਦ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਵੱਲੋਂ ਜਬਰੀ ਇਸਲਾਮ ਧਰਮ ਕਬੂਲ ਕਰਵਾਉਣ ਲਈ ਸਾਹਿਬਜ਼ਾਦਿਆਂ ਉੱਤੇ ਦਬਾਅ ਪਾਇਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੇ ਲਾਲਚ ਵੀ ਦਿੱਤੇ ਗਏ ਤਾਂ ਜੋ ਉਹ ਇਸਲਾਮ ਕਬੂਲ ਕਰ ਲੈਣ ਪਰ ਸਾਹਿਬਜ਼ਾਦੇ ਆਪਣੇ ਗੁਰੂ ਪਿਤਾ ਦੇ ਸਿਖਾਏ ਨਿਯਮਾਂ 'ਤੇ ਡਟੇ ਰਹੇ ਤੇ ਵਜ਼ੀਰ ਖਾਂ ਦੀ ਈਨ ਨਾ ਮੰਨੀ, ਜਿਸ ਕਾਰਨ ਵਜ਼ੀਰ ਖਾਂ ਦੇ ਕਾਜ਼ੀ ਨੇ ਬੱਚਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਨ ਦਾ ਫ਼ਤਵਾ ਜਾਰੀ ਕਰ ਦਿੱਤਾ। ਦੋਵੇਂ ਸਾਹਿਬਜ਼ਾਦੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਾ ਜਾਮ ਪੀ ਗਏ। ਸ਼ਹਾਦਤ ਤੋਂ ਬਾਦ ਮੁਗ਼ਲ ਰਾਜ ਦੇ ਡਰ ਕਾਰਨ ਕੋਈ ਵੀ ਇੰਨਾਂ ਪਵਿੱਤਰ ਦੇਹਾਂ ਦੇ ਕੋਲ ਨਹੀਂ ਆਇਆ ਤਾਂ ਗੁਰੂਘਰ ਦਾ ਪ੍ਰੇਮੀ ਦੀਵਾਨ ਟੋਡਰ ਮੱਲ ਇਨ੍ਹਾਂ 2 ਮਾਸੂਮ ਜ਼ਿੰਦਾ ਅਤੇ ਮਾਤਾ ਗੁਜਰ ਕੌਰ ਜੀ ਦੀ ਪਾਵਨ ਦੇਹਾਂ ਦੇ ਅੰਤਿਮ ਸਸਕਾਰ ਲਈ ਅੱਗੇ ਆਏ।

ਪਰ ਮੁਗ਼ਲ ਰਾਜ ਨੇ ਟੋਡਰ ਮੱਲ ਅੱਗੇ ਇਹ ਸ਼ਰਤ ਰੱਖੀ ਕਿ ਉਸਨੂੰ ਜਿੰਨੀ ਜਗ੍ਹਾ ਸਸਕਾਰ ਲਈ ਚਾਹੀਦੀ ਹੈ, ਉਨੀ ਹੀ ਜਗ੍ਹਾ 'ਚ ਸੋਨੇ ਦੀ ਮੋਹਰਾਂ ਨੂੰ ਸਿੱਧੀਆਂ ਖੜੀਆਂ ਕਰਕੇ ਉਹ ਥਾਂ ਖ਼ਰੀਦ ਸਕਦਾ ਹੈ, ਜਿਸਦੇ ਚਲਦਿਆਂ ਟੋਡਰ ਮੱਲ ਨੇ ਦੇਹਾਂ ਦੇ ਸਸਕਾਰ ਲਈ 78 ਹਜ਼ਾਰ ਸੋਨੇ ਦੀ ਮੋਹਰਾਂ ਨੂੰ ਜ਼ਮੀਨ ਤੇ ਸਿੱਧੀਆਂ ਖੜੀਆਂ ਕਰਕੇ ਇਸ ਜ਼ਮੀਨ ਨੂੰ ਖਰੀਦਿਆ। ਸੋਨੇ ਦੀ ਕੀਮਤ ਮੁਤਾਬਿਕ ਇਸ 4 ਸੁਕੇਅਰ ਮੀਟਰ ਜਗ੍ਹਾ ਦੀ ਕੀਮਤ 2 ਅਰਬ 50 ਕਰੋੜ ਰੁਪਏ ਤੋਂ ਵੀ ਜ਼ਿਆਦਾ ਬਣਦੀ ਹੈ। ਇੰਨੀ ਥੋੜ੍ਹੀ ਥਾਂ ਲਈ ਇੰਨੀ ਵੱਡੀ ਰਕਮ ਦੀ ਅਦਾਇਗੀ ਕਰਕੇ ਦੀਵਾਨ ਟੋਡਰ ਮੱਲ ਨੇ ਇਹ ਵੱਡੀ ਸੇਵਾ ਨਿਭਾਈ, ਜਿਸ ਕਾਰਨ ਅੱਜ ਸਿੱਖ ਇਤਿਹਾਸ ਵਿਚ ਦੀਵਾਨ ਟੋਡਰ ਮੱਲ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਫ਼ਤਿਹਗੜ੍ਹ ਸਾਹਿਬ ਜੀ ਵਿਖੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨਾਲ ਸਬੰਧਤ ਕਈ ਇਤਿਹਾਸਕ ਗੁਰਧਾਮ ਬਣੇ ਹੋਏ ਹਨ। ਜਿੱਥੇ ਵੱਡੀ ਗਿਣਤੀ ਵਿੱਚ ਲੋਕ ਸਿੱਜਦਾ ਕਰਨ ਆਉਂਦੇ ਹਨ।

**ਗੁਰਦੁਆਰਾ ਚਮਕੌਰ ਸਾਹਿਬ**

ਗੁਰਦੁਆਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਉਹ ਇਤਿਹਾਸਕ ਸਥਾਨ ਹੈ, ਜਿੱਥੇ ਗੁਰੂ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਮੁਗ਼ਲਾਂ ਨਾਲ ਲੜਦੇ ਹੋਏ ਜੰਗ-ਏ-ਮੈਦਾਨ ਵਿੱਚ ਸ਼ਹੀਦ ਹੋਏ ਸਨ। ਇਸ ਦੇ ਨਾਲ ਹੀ ਪੰਜਾਂ ਪਿਆਰਿਆਂ ਵਿਚੋਂ ਤਿੰਨ ਪਿਆਰੇ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਵੀ ਸ਼ਹੀਦ ਹੋਏ ਸਨ। ਅੱਜ ਇੱਥੇ ਗੁਰੂ ਗ੍ਰੰਥ ਸਾਹਿਬ ਜੀ ਪਾਲਕੀ ਸਾਹਿਬ ਸੁਸ਼ੋਭਿਤ ਹਨ।




ਜੋਗੀ ਅੱਲਾ ਖਾਨ ਦੇ ਆਖੇ ਸ਼ਬਦ 'ਗਰ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ ਕਟਾਏ ਬਾਪ ਨੇ ਬੱਚੇ ਯਹਾਂ ਖੁਦਾ ਕੇ ਲੀਏ' ਵਿੱਚ ਸ੍ਰੀ ਚਮਕੌਰ ਸਾਹਿਬ ਨੂੰ ਜੋਗੀ ਜੀ ਨੇ ਦੁਨੀਆ ਦਾ ਅਜਿਹਾ ਯਾਤਰਾ ਵਾਲਾ ਅਸਥਾਨ ਦੱਸਿਆ ਹੈ। ਜਿਸ ਦੀ ਲਾਸਾਨੀ ਕੁਰਬਾਨੀ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ। ਸੰਸਾਰ ਦਾ ਇਤਿਹਾਸ ਭਾਵੇਂ ਅਨੇਕਾਂ ਹੀ ਜੰਗਾਂ ਨਾਲ ਭਰਿਆ ਪਿਆ ਹੋਵੇ ਪਰ ਸ੍ਰੀ ਚਮਕੌਰ ਸਾਹਿਬ ਵਿੱਚ ਹੋਈ ਜੰਗ ਵਿਸ਼ਵ ਵਿੱਚ ਅਸਾਵੀਂ ਜੰਗ ਮੰਨੀ ਜਾਂਦੀ ਹੈ। ਕਿਉਂਕਿ ਜਿਸ ਵਿੱਚ ਗੁਰੂ ਸਾਹਿਬ ਨੇ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਤਿੰਨ ਪਿਆਰੇ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਸਮੇਤ ਚਾਲੀ ਸਿੰਘ ਭਾਈ ਸਹਜ ਸਿੰਘ, ਭਾਈ ਸਰਦੂਲ ਸਿੰਘ, ਭਾਈ ਸਰੂਪ ਸਿੰਘ, ਭਾਈ ਸਾਹਿਬ ਸਿੰਘ, ਭਾਈ ਸੁਜਾਨ ਸਿੰਘ, ਭਾਈ ਸ਼ੇਰ ਸਿੰਘ, ਭਾਈ ਸੇਵਾ ਸਿੰਘ, ਭਾਈ ਸੰਗੋ ਸਿੰਘ, ਭਾਈ ਸੰਤ ਸਿੰਘ, ਭਾਈ ਹਰਦਾਸ ਸਿੰਘ, ਭਾਈ ਹਿੰਮਤ ਸਿੰਘ, ਭਾਈ ਕਰਮ ਸਿੰਘ, ਭਾਈ ਕ੍ਰਿਪਾਲ ਸਿਘ, ਭਾਈ ਖੜਕ ਸਿੰਘ, ਭਾਈ ਗੁਰਦਾਸ ਸਿੰਘ, ਭਾਈ ਗੁਰਦਿਤ ਸਿੰਘ, ਭਾਈ ਗੁਲਾਬ ਸਿੰਘ, ਭਾਈ ਗੰਗਾ ਸਿੰਘ, ਭਾਈ ਗੰਡਾ ਸਿੰਘ, ਭਾਈ ਚੜ੍ਹਤ ਸਿੰਘ, ਭਾਈ ਜਵਾਹਰ ਸਿੰਘ, ਭਾਈ ਜੈਮਲ ਸਿੰਘ, ਭਾਈ ਜਵਾਲਾ ਸਿੰਘ, ਭਾਈ ਝੰਡਾ ਸਿੰਘ, ਭਾਈ ਟੇਕ ਸਿੰਘ, ਭਾਈ ਠਾਕਰ ਸਿੰਘ, ਭਾਈ ਤਰਲੋਕ ਸਿੰਘ, ਭਾਈ ਦਿਆਲ ਸਿੰਘ, ਭਾਈ ਦਾਮੋਦਰ ਸਿੰਘ, ਭਾਈ ਨਰਾਇਣ ਸਿੰਘ, ਭਾਈ ਨਿਹਾਲ ਸਿੰਘ, ਭਾਈ ਪੰਜਾਬ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਬਸਾਵਾ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਭਗਵਾਨ ਸਿੰਘ, ਭਾਈ ਮਤਾਬ ਸਿੰਘ, ਭਾਈ ਮੋਹਕਮ ਸਿੰਘ, ਭਾਈ ਰਣਜੀਤ ਸਿੰਘ, ਭਾਈ ਰਤਨ ਸਿੰਘ ਨੂੰ ਦੱਸ ਲੱਖ ਫ਼ੌਜਾਂ ਨਾਲ ਲੜਾ ਕੇ ਕੌਮ ਲਈ ਸਿੰਘਾਂ ਦੀਆਂ ਕੁਰਬਾਨੀਆਂ ਦਿਵਾਈਆਂ। ਇੱਥੇ ਸਥਿਤ ਗੁਰਦੁਆਰਾ ਸਾਹਿਬਾਨ ਸਿੰਘਾਂ ਦੀਆਂ ਕੁਰਬਾਨੀਆਂ ਦੀ ਦਾਸਤਾਨ ਬਿਆਨ ਕਰਦੇ ਹਨ। ਇੱਥੇ ਹੋਰਨਾਂ ਗੁਰੂ ਸਥਾਨਾਂ, ਮੰਦਰ, ਮਸਜਿਦ ਅਤੇ ਹੋਰ ਧਾਰਮਿਕ ਸਥਾਨਾਂ ਤੋਂ ਇਲਾਵਾ ਪੰਜ ਇਤਿਹਾਸਿਕ ਗੁਰਦੁਆਰੇ ਸਾਹਿਬ ਹਨ। ਜਿਹਨਾਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ :-

ਗੁਰਦੁਆਰਾ ਰਣਜੀਤਗੜ੍ਹ ਸਾਹਿਬ : ਇਸ ਪਵਿੱਤਰ ਅਸਥਾਨ ਉੱਤੇ ਗੁਰੂ ਜੀ ਜੰਗ ਤੋਂ ਕੁਝ ਸਮਾਂ ਪਹਿਲਾਂ ਕੁਰੂਕਸ਼ੇਤਰ ਆਦਿ ਥਾਵਾਂ ਦੀ ਪ੍ਰਚਾਰ ਯਾਤਰਾ ਸਮੇਂ ਰੁਕੇ ਸਨ। ਇੱਥੇ ਭੀਮ ਚੰਦ ਰਾਜੇ ਦੇ ਭੇਜੇ ਦੋ ਮੁਗ਼ਲ ਹਾਕਮ ਅਲਫ਼ ਖ਼ਾਨ ਅਤੇ ਸੈਦ ਬੇਗ ਨੇ ਫ਼ੌਜ ਸਮੇਤ ਗੁਰੂ ਜੀ ਉੱਤੇ ਚੜ੍ਹਾਈ ਕਰ ਦਿੱਤੀ ਪਰ ਸੈਦ ਬੇਗ ਗੁਰੂ ਜੀ ਦਾ ਮੁਰੀਦ ਬਣ ਗਿਆ ਅਤੇ ਸੈਨਾ ਵਾਪਿਸ ਪਰਤ ਗਈ। ਸਿੰਘਾਂ ਨੇ ਜਿੱਤ ਦੀ ਖ਼ੁਸ਼ੀ ਵਿੱਚ ਰਣਜੀਤ ਨਗਾਰਾ ਵਜਾਇਆ। ਇਸ ਸਥਾਨ ਉੱਤੇ ਗੁਰਦੁਆਰਾ ਰਣਜੀਤਗੜ੍ਹ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਸ੍ਰੀ ਦਮਦਮਾ ਸਾਹਿਬ : ਇਸ ਅਸਥਾਨ ਉੱਤੇ ਗੜ੍ਹੀ ਦੇ ਮਾਲਕ ਦਾ ਬਾਗ਼ ਸੀ। ਗੁਰੂ ਜੀ ਨੇ 7 ਪੋਹ ਸੰਮਤ 1761 (ਸੰਨ 1704 ਈ.) ਨੂੰ ਜਦੋਂ ਅਨੰਦਪੁਰ ਸਾਹਿਬ ਛੱਡਣ ਉਪਰੰਤ ਇੱਥੇ ਚਰਨ ਪਾਏ ਤਾਂ ਇਸੇ ਅਸਥਾਨ ਉੱਤੇ ਗੜ੍ਹੀ ਤੇ ਮਾਲਕਾਂ ਰੂਪ ਚੰਦ ਅਤੇ ਰਾਇ ਜਗਤ ਸਿਹੁੰ ਨਾਲ ਗੜ੍ਹੀ ਲੈਣ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਗੁਰੂ ਜੀ ਨੂੰ ਆਪਣੀ ਕੱਚੀ ਹਵੇਲੀ ਸੌਂਪ ਦਿੱਤੀ। ਇਸ ਅਸਥਾਨ ਤੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ : ਇਹ ਉਹ ਅਸਥਾਨ ਹੈ ਜਿੱਥੇ 8 ਪੋਹ ਸੰਮਤ 1761 (ਸੰਨ 1704) ਨੂੰ ਸਿੰਘਾਂ ਤੇ ਮੁਗ਼ਲ ਫ਼ੌਜਾਂ ਵਿਚਕਾਰ ਘਮਾਸਾਨ ਦਾ ਯੁੱਧ ਹੋਇਆ, ਜਿਸ ਵਿੱਚ ਗੁਰੂ ਜੀ ਦੇ ਦੋਵੇਂ ਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ, ਤਿੰਨ ਪਿਆਰੇ ਅਤੇ ਚਾਲੀ ਸਿੰਘ ਸ਼ਹੀਦੀ ਪਾ ਗਏ। ਰਾਤ ਨੂੰ ਜਦੋਂ ਪੰਜ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ ਛੱਡਣ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਪੰਜ ਸਿੰਘਾਂ ਦੀ ਬੇਨਤੀ ਮੰਨਦੇ ਹੋਏ ਮਾਛੀਵਾੜੇ ਵੱਲ ਚਾਲੇ ਪਾ ਦਿੱਤੇ।

ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ : ਇਹ ਉਹ ਪਵਿੱਤਰ ਅਸਥਾਨ ਹੈ, ਜਿੱਥੇ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ, ਤਿੰਨ ਪਿਆਰਿਆਂ ਅਤੇ ਚਾਲੀ ਸਿੰਘਾਂ ਦੀ ਸ਼ਹੀਦੀ ਉਪਰੰਤ ਸ਼ਹੀਦਾਂ ਦੀਆਂ ਦੇਹਾਂ ਦਾ ਸਸਕਾਰ ਕੀਤਾ ਗਿਆ। ਸਸਕਾਰ ਵਾਲੀ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਸ੍ਰੀ ਤਾੜੀ ਸਾਹਿਬ : ਜਦੋਂ ਗੁਰੂ ਜੀ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਮਾਛੀਵਾੜੇ ਵੱਲ ਆਪਣੇ ਕਦਮ ਵਧਾਉਣ ਲੱਗੇ ਤਾਂ ਉਨ੍ਹਾਂ ਨੇ ਇਸ ਅਸਥਾਨ ਤੋਂ ਮੁਗ਼ਲ ਫ਼ੌਜਾਂ ਨੂੰ ਵੰਗਾਰਦੇ ਹੋਏ ਤਾੜੀ ਵਜਾ ਕੇ 'ਹਿੰਦ ਦਾ ਪੀਰ ਜਾ ਰਿਹਾ ਹੈ ਜੇ ਰੋਕ ਸਕਦੇ ਹੋ ਤਾ ਰੋਕ ਲਓ' ਆਖਿਆ। ਮੁਗ਼ਲ ਫ਼ੌਜਾਂ ਵਿੱਚ ਹਫ਼ੜਾ ਦਫ਼ੜੀ ਮੱਚ ਗਈ ਅਤੇ ਗੁਰੂ ਜੀ ਅੱਗੇ ਨਿਕਲ ਗਏ।

**ਗੁਰਦੁਆਰਾ ਕੋਤਵਾਲੀ ਸਾਹਿਬ, ਰੋਪੜ**

ਜ਼ਿਲ੍ਹਾ ਰੂਪਨਗਰ ਦੇ ਮੋਰਿੰਡਾ ਵਿਖੇ ਦਾ ਇਤਿਹਾਸਕ ਸਥਾਨ ਗੁਰਦੁਆਰਾ ਕੋਤਵਾਲੀ ਸਾਹਿਬ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਤਿਹਾਸਕ ਸਥਾਨ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਗੰਗੂ ਬ੍ਰਾਹਮਣ ਦੀ ਸ਼ਿਕਾਇਤ 'ਤੇ ਮੋਰਿੰਡੇ ਦੇ ਕੋਤਵਾਲ ਵੱਲੋਂ ਗ੍ਰਿਫ਼ਤਾਰ ਕਰਕੇ ਰੱਖਿਆ ਗਿਆ ਸੀ। ਇਕ ਰਾਤ ਇੱਥੇ ਰੱਖਣ ਉਪਰੰਤ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਰਹੰਦ ਭੇਜਿਆ ਗਿਆ ਸੀ। ਇਹ ਸਥਾਨ ਜ਼ਿਲ੍ਹਾ ਰੂਪਨਗਰ ਦੇ ਬਲਾਕ ਮੋਰਿੰਡਾ ਸ਼ਹਿਰ 'ਚ ਗੁਰਦੁਆਰਾ ਕੋਤਵਾਲੀ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਸਥਾਨ 'ਤੇ ਉਹ ਪੁਰਾਤਨ ਜੇਲ੍ਹ ਦਾ ਕਮਰਾ ਵੀ ਮੌਜੂਦ , ਜਿਸ 'ਚ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੈਦ ਕਰਕੇ ਰੱਖਿਆ ਗਿਆ ਸੀ ।

ਪ੍ਰੋਫੈਸਰ ਸੁਖਦਿਆਲ ਸਿੰਘ ਅਨੁਸਾਰ ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਰਿਵਾਰ ਅਤੇ ਅਨੇਕਾਂ ਸਿੰਘਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਸੀ ਤਾਂ ਸਰਸਾ ਨੇੜੇ ਪਹਾੜੀ ਰਾਜਿਆਂ ਨੇ ਆਪਣੀਆਂ ਸੋਹਾਂ ਤੋੜਦੇ ਹੋਏ ਗੁਰੂ ਸਾਹਿਬ 'ਤੇ ਪਿੱਛੋਂ ਹਮਲਾ ਕਰ ਦਿੱਤਾ ਸੀ। ਇਸ ਦੌਰਾਨ ਕਈ ਸਿੰਘ ਸ਼ਹੀਦ ਹੋ ਗਏ ਸਨ ਅਤੇ ਸਰਸਾ ਦਰਿਆ ਨੂੰ ਪਾਰ ਕਰਦੇ ਹੋਏ ਗੁਰੂ ਸਾਹਿਬ ਦਾ ਪਰਿਵਾਰ ਕਈ ਹਿੱਸਿਆ 'ਚ ਵਿਛੜ ਗਿਆ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਦਰਿਆ ਦੇ ਤੇਜ ਵਹਾਅ ਦੇ ਨਾਲ ਮਲਾਹ ਕੂੰਮਾ ਮਾਸ਼ਕੀ ਦੇ ਸੰਪਰਕ 'ਚ ਆਏ ਅਤੇ ਇਸ ਦੀ ਕੱਚੀ ਛੰਨ ਦੇ 'ਚ ਰਾਤ ਬਿਤਾਈ।

ਜਦੋਂ ਇਸ ਦੀ ਖ਼ਬਰ ਗੁਰੂਘਰ ਦੇ ਰਸੋਈਏ ਗੰਗੂ ਬ੍ਰਾਹਮਣ ਨੂੰ ਮਿਲੀ ਤਾਂ ਉਹ ਕੁੰਮਾ ਮਾਸਕੀ ਤੋਂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਆਪਣੇ ਪਿੰਡ ਸਹੇੜੀ ਲੈ ਗਏ, ਜਿੱਥੇ ਉਸ ਨੇ ਰਾਤ ਨੂੰ ਮਾਤਾ ਜੀ ਦੀ

(ਬਾਕੀ ਸਫ਼ਾ 34 'ਤੇ)

# ਚਮਕੌਰ ਦੇ ਸਾਕੇ ਤੋਂ ਸਰਹਿੰਦ ਦੀ ਦੀਵਾਰ ਤੱਕ



ਗੁਰਦੇਵ ਸਿੰਘ ਸਿੱਧੂ (ਡਾ.)

ਪੰਜਾਬ ਦੇ ਇਤਿਹਾਸ ਵਿੱਚ ਦਸੰਬਰ ਮਹੀਨੇ ਦਾ ਪਿਛਲਾ ਪੰਦਰਵਾੜਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਨ੍ਹੀਂ ਦਿਨੀਂ ਹੀ ਇੱਕ ਪਿਤਾ ਦੇ ਚਾਰ ਪੁੱਤਰ ਕੌਮ ਤੇ ਧਰਮ ਲਈ ਆਪਾ ਵਾਰ ਗਏ ਸਨ। ਇਨ੍ਹਾਂ ਵਿਚੋਂ ਵੱਡੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ, ਜਿਨ੍ਹਾਂ ਚਮਕੌਰ ਦੇ ਮੈਦਾਨ-ਏ-ਜੰਗ ਵਿੱਚ ਆਪਣੀ ਤਲਵਾਰ ਦੇ ਜੌਹਰ ਵਿਖਾਏ ਤੇ ਛੋਟੇ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਸਨ, ਜਿਨ੍ਹਾਂ ਨੇ ਸੂਬਾ ਸਰਹੰਦ ਵੱਲੋਂ ਦਿੱਤੇ ਦੁਨਿਆਵੀ ਲਾਲਚਾਂ ਨੂੰ ਠੁਕਰਾਉਂਦਿਆਂ ਆਪਣੇ ਧਰਮ ਪ੍ਰਤਿ ਆਸਥਾ ਨੂੰ ਠੇਸ ਨਹੀਂ ਪੁੱਜਣ ਦਿੱਤੀ। ਇਸ ਘਟਨਾਵਲੀ ਦਾ ਆਰੰਭ ਮਈ 1704 ਈ. ਵਿੱਚ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਟਿਕਾਣੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਤੋਂ ਹੁੰਦਾ ਹੈ। ਜਦ ਦੁਸ਼ਮਣ ਆਪਣੀ ਸੈਨਾ ਨਾਲ ਸਿੰਘਾਂ ਨੂੰ ਦਬਕਾਉਣ ਵਿੱਚ ਸਫ਼ਲ ਨਾ ਹੋਇਆ ਤਾਂ ਉਸ ਨੇ ਇਕ ਪਾਸੇ ਨਗਰ ਵਿੱਚ ਜਾਣ ਵਾਲੇ ਪਾਣੀ ਦੇ ਸਰੋਤ ਨੂੰ ਰੋਕ ਦਿੱਤਾ ਅਤੇ ਦੂਜੇ ਪਾਸੇ ਕੁਰਾਨ ਤੇ ਦੇਵੀ ਦੇ ਨਾਂ ਉੱਤੇ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਕਿਲ੍ਹਾ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇ ਦਿੱਤਾ ਜਾਵੇਗਾ। ਗੁਰੂ ਗੋਬਿੰਦ ਸਿੰਘ ਆਪਣੇ ਪਰਿਵਾਰ ਅਤੇ ਸਿੱਖ ਸੈਨਾ ਨਾਲ ਅਜੇ ਅਨੰਦਪੁਰ ਤੋਂ ਬਹੁਤੀ ਦੂਰ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਨੇ ਪਿੱਛਿਓਂ ਹਮਲਾ ਕਰ ਦਿੱਤਾ। ਗੁਰੂ ਜੀ ਨੇ ਰਣਨੀਤਿਕ ਪੈਂਤੜੇ ਵਜੋਂ ਸਿੰਘਾਂ ਦੇ ਤਿੰਨ ਜਥਿਆਂ ਨੂੰ ਵੱਖ-ਵੱਖ ਸਥਾਨਾਂ 'ਤੇ ਤੈਨਾਤ ਕੀਤਾ ਹੋਇਆ ਸੀ। ਉਨ੍ਹਾਂ ਜਥਿਆਂ ਨੇ ਦੁਸ਼ਮਣ ਨੂੰ ਉਲਝਾਈ ਰੱਖਿਆ ਜਿਸ ਦੌਰਾਨ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦਾ ਪਰਿਵਾਰ ਤੇ ਕੁਝ ਸਿੰਘ ਸਰਸਾ ਨਦੀ ਤਕ ਪਹੁੰਚ ਗਏ ਪਰ ਇਸ ਹਫੜਾ-ਦਫੜੀ ਵਿੱਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਵੱਡੇ ਦੋਵੇਂ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ, ਛੋਟੇ ਸਾਹਿਬਜ਼ਾਦੇ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਅਤੇ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਜੀਤੋ ਜੀ ਭਾਈ ਮਨੀ ਸਿੰਘ ਦੇ ਨਾਲ ਸਨ। ਦੋਵਾਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਦਿੱਲੀ ਲੈ ਗਏ, ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਨਾਲ ਚਮਕੌਰ ਪੁੱਜੇ। ਹੋਰ ਚਾਲੀ ਸਿੰਘ ਵੀ ਇਸ ਜਥੇ ਵਿੱਚ ਸ਼ਾਮਲ ਸਨ।

ਗੁਰੂ ਜੀ ਜਾਣਦੇ ਸਨ ਕਿ ਦੁਸ਼ਮਣ ਸੈਨਾ ਉਨ੍ਹਾਂ ਦਾ ਪਿੱਛਾ ਕਰਦੀ ਆ ਰਹੀ ਹੈ, ਇਸ ਲਈ ਉਨ੍ਹਾਂ ਚਮਕੌਰ ਦੀ ਇਕ ਕੱਚੀ ਗੜ੍ਹੀ ਵਿੱਚ ਮੋਰਚੇ ਲਾ ਲਏ। ਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਤੀਰ, ਗੋਲੀਆਂ ਆਦਿ ਵੰਡ ਕੇ ਉਨ੍ਹਾਂ ਨੂੰ ਚੁਫੇਰੇ ਨਜ਼ਰ ਰੱਖਣ ਲਈ ਆਖਿਆ। ਇਉਂ ਇੱਥੇ ਉਹ ਅਸਾਵੀਂ ਜੰਗ ਲੜੀ ਗਈ, ਜਿਥੇ ਇਕ ਪਾਸੇ ਕੱਚੀ ਗੜ੍ਹੀ ਵਿੱਚ ਗਿਣਤੀ ਦੇ ਚਾਲੀ ਸਿੰਘ ਸਨ ਅਤੇ ਦੂਜੇ ਪਾਸੇ ਵੱਡੀ ਗਿਣਤੀ ਵਿੱਚ ਦੁਸ਼ਮਣ ਸੈਨਾ। ਜਿਉਂ ਹੀ ਦੁਸ਼ਮਣ ਗੜ੍ਹੀ ਦੇ ਨੇੜੇ ਆਉਂਦਾ, ਗੁਰੂ ਜੀ ਤੇ ਸਿੰਘ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦੇ। ਜਦ ਤੀਰ ਅਤੇ ਗੋਲੀਆਂ ਖ਼ਤਮ ਹੋ ਗਏ ਤਾਂ ਗੁਰੂ ਜੀ ਤੋਂ ਆਗਿਆ ਲੈ ਕੇ ਸਿੰਘ ਛੋਟੀਆਂ-ਛੋਟੀਆਂ ਟੋਲੀਆਂ ਵਿੱਚ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਉੱਤੇ ਹਮਲਾਵਰ ਹੋਏ। ਗੜ੍ਹੀ ਉੱਤੇ ਖੜ੍ਹ ਕੇ ਸਿੰਘਾਂ ਦੀ ਸੂਰਬੀਰਤਾ ਨੂੰ ਵੇਖ ਅਜੀਤ



ਸਿੰਘ ਨੇ ਗੁਰੂ-ਪਿਤਾ ਅੱਗੇ ਜੰਗ ਦੇ ਮੈਦਾਨ ਵਿੱਚ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਮੱਥਾ ਚੁੰਮ ਕੇ ਉਨ੍ਹਾਂ ਨੂੰ ਛਾਤੀ ਨਾਲ ਲਾਇਆ ਤੇ ਹੱਥੀਂ ਜੰਗ ਦੇ ਮੈਦਾਨ ਵਿੱਚ ਤੋਰਿਆ। ਵੱਡੇ ਵੀਰ ਨੂੰ ਬਹਾਦਰੀ ਨਾਲ ਜੂਝਦਿਆਂ ਵੇਖ ਛੋਟੇ ਸਾਹਿਬਜ਼ਾਦੇ ਦੇ ਮਨ ਵਿੱਚ ਵੀ ਉਤਸ਼ਾਹ ਉਤਪੰਨ ਹੋਇਆ ਤਾਂ ਉਨ੍ਹਾਂ ਨੇ ਵੀ ਗੁਰੂ-ਪਿਤਾ ਨੂੰ ਬੇਨਤੀ ਕੀਤੀ, 'ਦਿਹੋ ਆਗਿਆ ਪਿਤਾ ਜੀ ਮੇਰੇ ਤਾਈਂ, ਜਾਵਾਂ ਜੰਗ ਅੰਦਰ ਲਲਕਾਰ ਕਰ ਕੇ।' ਇਹ ਬੇਨਤੀ ਸੁਣ ਕੇ ਗੁਰੂ ਜੀ ਖ਼ੁਸ਼ ਹੋਏ ਅਤੇ ਉਨ੍ਹਾਂ ਨੂੰ ਵੀ ਜੰਗ ਦੇ ਮੈਦਾਨ ਵਿੱਚ ਜਾਣ ਦੀ ਇਜਾਜ਼ਤ ਦੇ ਦਿੱਤੀ। ਚਮਕੌਰ ਦੀ ਜੰਗ ਦਾ ਮਹੱਤਵ ਇਸ ਕਾਰਨ ਨਹੀਂ ਕਿ ਭੋਜਨ ਅਤੇ ਅਸਲੇ ਤੋਂ ਵਿਹੀਨ ਚਾਲੀ ਸਿੰਘਾਂ, ਦੋਵਾਂ ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਫੌਜ ਦਾ ਬੇਮਿਸਾਲ ਬਹਾਦਰੀ ਨਾਲ ਮੁਕਾਬਲਾ ਕੀਤਾ, ਸਗੋਂ ਇੱਕ ਬਾਪ ਵੱਲੋਂ ਆਪਣੇ ਜਿਗਰ ਦੇ ਟੋਟਿਆਂ ਨੂੰ ਸਾਹਮਣੇ ਖੜ੍ਹੀ ਮੌਤ ਵੱਲ ਆਪ ਤੋਰ ਕੇ ਹਉਕੇ ਲੈਣ ਦੀ ਥਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਕਰਕੇ ਵੀ ਹੈ। ਇਨ੍ਹਾਂ ਦੋਵਾਂ ਸਾਹਿਬਜ਼ਾਦਿਆਂ ਦੀ ਜੰਗ ਦੇ ਮੈਦਾਨ ਵਿੱਚ ਸ਼ਹੀਦੀ ਤੋਂ ਕੁੱਝ ਹੀ ਦਿਨ ਪਿੱਛੋਂ ਸਰਹੰਦ ਦਾ ਸਾਕਾ ਵਰਤਿਆ। ਸਰਸਾ ਨਦੀ 'ਤੇ ਗੁਰੂ ਜੀ ਦੇ ਮੁੱਖ ਜਥੇ ਤੋਂ ਵਿਛੜੀ ਮਾਤਾ ਗੁਜਰੀ, ਸਿਆਲ ਦੀ ਠੰਢੀ ਠਾਰ ਰਾਤ ਵਿੱਚ ਵਗ ਰਹੀ ਠੱਕੇ ਦੀ ਹਵਾ, ਨਦੀ ਪਾਰ ਕਰਨ ਸਮੇਂ ਭਿੱਜੇ ਕੱਪੜੇ ਅਤੇ ਚਾਰ-ਚੁਫੇਰੇ ਹਰਲ-ਹਰਲ ਕਰਦੇ ਦੁਸ਼ਮਣਾਂ ਤੋਂ ਬਾਲਾਂ ਨੂੰ ਬਚਾ ਕੇ ਕਿਸੇ ਸੁਰੱਖਿਅਤ ਟਿਕਾਣੇ ਲੈ ਜਾਣ ਬਾਰੇ ਸੋਚ ਹੀ ਰਹੀ ਸੀ ਕਿ ਗੁਰੂ ਘਰ ਦਾ ਰਸੋਈਆ ਗੰਗੂ ਆ ਗਿਆ। ਉਸ ਨੇ ਮਾਤਾ ਗੁਜਰੀ ਨੂੰ ਧਰਵਾਸ ਦਿੰਦਿਆਂ ਆਖਿਆ, 'ਏਥੋਂ ਥੋੜ੍ਹੇ ਹੀ ਕੋਹਾਂ 'ਤੇ ਪਿੰਡ ਮੇਰਾ, ਓਹ ਤਾਂ ਸਮਝ ਤੂੰ ਆਪਣਾ ਘਰ ਮਾਈ।' ਡੁੱਬਦੇ ਨੂੰ ਤਿਣਕੇ ਦਾ ਸਹਾਰਾ, ਮਾਤਾ ਗੁਜਰੀ ਨੇ ਉਸ ਨਾਲ ਜਾਣ ਦੀ ਸਹਿਮਤੀ ਦੇ ਦਿੱਤੀ। ਮਾਤਾ ਗੁਜਰੀ ਕੋਲ ਦੌਲਤ ਵੇਖ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਘਰ ਪਹੁੰਚ ਕੇ ਉਸ ਨੇ ਪਹਿਲਾਂ ਧਨ ਕਾਬੂ ਕੀਤਾ ਅਤੇ ਫਿਰ ਉਨ੍ਹਾਂ ਬਾਰੇ ਮੋਰਿੰਡੇ ਦੇ ਮੁਗ਼ਲ ਹਾਕਮ ਪਾਸ ਜਾ ਮੁਖਬਰੀ ਕੀਤੀ। ਮੋਰਿੰਡੇ ਦੇ ਹਾਕਮਾਂ ਨੇ ਮਾਤਾ ਗੁਜਰੀ ਜੀ ਅਤੇ ਦੋਵਾਂ ਬਾਲ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਪਹੁੰਚਾਉਣ ਵਿੱਚ ਦੇਰ ਨਾ ਲਾਈ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਲਵੇ ਵੱਲ ਨੂੰ ਜਾ ਰਹੇ ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਨਾ ਛੱਡ ਕੇ ਵਜ਼ੀਰ ਖਾਂ ਸੂਬਾ ਸਰਹੰਦ ਰਾਜਧਾਨੀ ਪਰਤਿਆ ਤਾਂ ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦਿਆਂ ਉਪਰ ਮੁਸਲਮਾਨ ਬਣਨ ਲਈ ਜ਼ੋਰ ਪਾਇਆ ਗਿਆ ਪਰ ਉਹ ਨਾ ਮੰਨੇ। ਫਿਰ ਲਾਲਚ ਦਿੱਤੇ ਗਏ ਪਰ ਫਿਰ ਵੀ ਦੋਵਾਂ ਸਾਹਿਬਜ਼ਾਦਿਆਂ ਨੂੰ ਧਰਮ ਪਰਿਵਰਤਨ ਲਈ ਮਨਾ ਨਾ ਸਕੇ।ਆਖਰ ਦੋਵਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ। ਸ਼ਹੀਦੀ ਮੌਕੇ ਸਾਹਿਬਜ਼ਾਦਿਆਂ ਦੀ ਉਮਰ ਕ੍ਰਮਵਾਰ ਨੌਂ ਸਾਲ ਅਤੇ ਸੱਤ ਸਾਲ ਸੀ ਅਤੇ ਇਉਂ ਉਹ ਵਿਸ਼ਵ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹੋਏ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦੁਖਦਾਈ ਸੂਚਨਾ ਮਿਲੀ ਤਾਂ ਮਾਤਾ ਗੁਜਰੀ ਦੇ ਪ੍ਰਾਣ ਪੰਖੇਰੂ ਵੀ ਉਡਾਰੀ ਮਾਰ ਗਏ। ਚਮਕੌਰ ਸਾਹਿਬ ਅਤੇ ਸਰਹਿੰਦ ਵਿੱਚ ਵਾਪਰੀਆਂ ਇਨ੍ਹਾਂ ਦੋਵਾਂ ਅਦੁੱਤੀ ਘਟਨਾਵਾਂ ਦੀ ਮਹੱਤਤਾ ਦ੍ਰਿੜਾਉਣ ਲਈ ਵਿਦਵਾਨ ਖੋਜੀ ਕਾਫਿਰ ਵੱਲੋਂ ਆਪਣੀ ਪੁਸਤਕ 'ਸਿੱਖ ਇਤਿਹਾਸਕਾਰੀ ਵਿੱਚ ਤੁਕਾਕਾਰੀ' ਵਿੱਚ ਲਿਖੇ ਇਹ ਸ਼ਬਦ ਵਿਚਾਰਨਯੋਗ ਹਨ, 'ਅਨੰਦਪੁਰ ਛੱਡਣ ਤੋਂ ਲੈ ਕੇ ਚਮਕੌਰ ਅਤੇ ਸਰਹਿੰਦ ਵਾਲੇ ਸਾਕੇ, ਇਕ ਹਫ਼ਤੇ ਦੇ ਬੜੇ ਸੰਖੇਪ ਸਮੇਂ 'ਚ ਵਾਪਰਦੇ ਆ, ਮਗਰ ਸਾਕਿਆਂ 'ਚ ਸਮੋਇਆ ਇਤਿਹਾਸ ਸੰਖੇਪ ਨਹੀਂ, ਸਗੋਂ ਅਤਿ ਵਿਸ਼ਾਲ ਏ-ਸੰਘਣਾ ਵੀ। ਸੰਸਾਰ ਦੇ ਇਤਿਹਾਸ ਦੇ ਸੰਦਰਭ ਨਾਤੇ ਵੀ, ਖਾਸ ਕਰ ਕੇ ਚਮਕੌਰ ਦੀ ਅਜੋੜ ਜੰਗ ਅਤੇ ਸਰਹਿੰਦ ਵਿਚਲੀ ਸ਼ਹੀਦੀ ਦਾ ਤੋੜ, ਸ਼ਾਇਦ, ਕਿਧਰੇ ਨਹੀਂ ਮਿਲਦਾ।'(ਪੰਨਾ 69)



# ਕਾਵਿ ਸੰਸਾਰ

## ਸੰਗਤੇ ਨੀ ਮੇਰਾ ਨਾਂ ਗੁਜਰੀ

ਚਰਨ ਸਿੰਘ ਸਫ਼ਰੀ

ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ,
ਮੈਂ ਗੁਜਰ ਗੁਜਰ ਕੇ ਗੁਜਰੀ ਹਾਂ, ਕਈ ਵਾਰੀਂ ਕਈ ਕਈ ਥਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੇਰਾ ਨੌਂ ਸਾਲ ਦਾ ਪੁੱਤਰ ਸੀ, ਜਦ ਪਤੀ ਧਰਮ ਲਈ ਲੜਨ ਗਿਆ,
ਉਹ ਦਿੱਲੀ ਸ਼ਹਿਰ ਦੀਆਂ ਰਾਹਾਂ ਸੀ,ਹਿੰਦ ਧਰਮ ਦੀ ਰੱਖਿਆ ਕਰਨ ਗਿਆ,
ਜਦ ਤੱਕਿਆ ਸੀਸ ਸੀ ਅੱਖੀਆਂ ਨੇ, ਪਹਿਲੀ ਵਾਰ ਮੈਂ ਉਸੇ ਥਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੇਰੇ ਵੱਡੇ ਪੋਤਿਆਂ ਚਮਕੌਰ ਦੀ ਜੰਗ ਵਿੱਚ, ਲੜਦਿਆਂ ਸ਼ਹੀਦੀਆਂ ਪਾ ਦਿੱਤੀਆਂ,
ਉਹ ਪਿਆਸੇ ਲੜਦੇ ਸ਼ਹੀਦ ਹੋਏ, ਦੋ ਬੂੰਦਾਂ ਪਾਣੀ ਦੀਆਂ ਨਾਂ ਦਿੱਤੀਆਂ,
ਜੋ ਕਦੇ ਨਾ ਮੁੜ ਕੇ ਆਉਣੀ ਸੀ, ਮੇਰੇ ਘਰ 'ਚੋਂ ਐਸੀ ਛਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੈਂ ਠੰਡੇ ਬੁਰਜ ਵਿੱਚ ਪੋਤਿਆ ਨੂੰ, ਸਾਰੀ ਰਾਤ ਸਮਝਾਉਦੀ ਰਹੀ
ਕਦੇ ਜ਼ੁਲਮ ਅੱਗੇ ਨਾ ਝੁਕ ਜਾਇਉ, ਮੈਂ ਏਹੋ ਸਬਕ ਸਿਖਾਉਂਦੀ ਰਹੀ,
ਜਦ ਪੋਤੇ ਮੇਰੇ ਸ਼ਹੀਦ ਕੀਤੇ, ਫਿਰ ਆਪਣੇ ਆਪ ਮੈਂ ਤਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..



## ਮਾਤਾ ਗੁਜਰੀ ਜੀ

ਨੰਦ ਲਾਲ ਨੂਰਪੁਰੀ

ਅਧੀ ਰਾਤੀਂ ਮਾਂ ਗੁਜਰੀ ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ ।
ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ ।

ਨੀ ਕੱਲ੍ਹ ਜਦੋਂ ਸੌਣ ਲਗੀ ਮੇਰੇ ਕੋਲ ਹੀਰਿਆਂ ਦੀ ਜੋੜੀ
ਪਿੰਡਿਆਂ ਤੇ ਹੱਥ ਫੇਰ ਕੇ, ਮੈਂ ਆਖਿਆ ਵੰਡੂੰਗੀ ਲੋੜ੍ਹੀ
ਢਿਡ ਦਾ ਸੇਕ ਬੁਰਾ ਨੀ ਮੈਥੋਂ ਸੇਕ ਝਲਿਆ ਨਾ ਜਾਵੇ
ਅਧੀ ਰਾਤੀਂ ਮਾਂ ਗੁਜਰੀ

ਸੁਫ਼ਨਾ ਸੱਚ ਹੋ ਗਇਆ, ਮੇਰੇ ਨਾਲ ਝਗੜ ਪਈ ਹੋਣੀ
ਇਟ ਉਤੇ ਇਟ ਰਖਕੇ ਤੇਰੇ ਹੀਰਿਆਂ ਦੀ ਚਮਕ ਲੁਕੋਣੀ
ਨੀ ਛਾਤੀ ਨਾਲ ਮੈਂ ਲਾ ਲਏ, ਜਾਂ ਉਹ ਉਛਲੀ ਭਰਨ ਕਲਾਵੇ
ਅਧੀ ਰਾਤੀਂ ਮਾਂ ਗੁਜਰੀ

ਇਕ ਦਿਨ ਪੁਛਦੇ ਸੀ, ਦਾਦੀ ਪਿਤਾ ਜੀ ਕੋਲ ਕਦ ਜਾਣਾ
ਐਤਕੀਂ ਤਾਂ ਰਜ ਰਜ ਕੇ, ਅਸੀਂ ਹਸ ਹਸ ਗਲ ਲਗ ਜਾਣਾ
ਇਕ ਇਕ ਬੋਲ ਚੰਦਰਾ ਨੀ ਮੇਰੇ ਧੂਹ ਕਾਲਜੇ ਨੂੰ ਪਾਵੇ
ਅਧੀ ਰਾਤੀਂ ਮਾਂ ਗੁਜਰੀ

ਕਲ੍ਹ ਮੇਰੇ ਕੋਲ ਵਸਦੇ ਅਜ ਨਜ਼ਰ ਕਿਤੇ ਨਾ ਆਂਦੇ
ਨਿਕੇ ਨਿਕੇ ਓਦਰੇ ਹੋਏ, ਕੀਹਨੂੰ ਹੋਣਗੇ ਦਰਦ ਸੁਣਾਂਦੇ
ਵੇ ਲਭ ਤੇ ਸਹੀ –'ਨੂਰਪੁਰੀ' ਮੇਰੇ ਨੈਣਾਂ ਨੂੰ ਨੀਂਦ ਨਾ ਆਵੇ
ਅਧੀ ਰਾਤੀਂ ਮਾਂ ਗੁਜਰੀ

## ਸਰਹੰਦ ਦੀਏ ਦੀਵਾਰੇ ਨੀ

ਇੰਦਰਜੀਤ ਹਸਨਪੁਰੀ



ਤੂੰ ਖ਼ੂਨ ਮਸੂਮਾਂ ਦਾ ਪੀਤਾ ।
ਨਾ ਤਰਸ ਜ਼ਰਾ ਵੀ ਤੂੰ ਕੀਤਾ ।
ਤੂੰ ਇਹ ਕੀ ਕੀਤੇ ਕਾਰੇ ਨੇ ।
ਸਰਹੰਦ ਦੀਏ ਦੀਵਾਰੇ ਨੀ ।

ਇਹ ਮਾਂ ਕਿਸੇ ਦੇ ਜਾਏ ਸੀ ।
ਕਿਸੇ ਪਿਉ ਨੇ ਲਾਡ ਲਡਾਏ ਸੀ ।
ਸੀ ਅੱਖ ਕਿਸੇ ਦੇ ਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੈਨੂੰ ਲੋਕੀ ਸਾਰੇ ਕਹਿਣ ਨੀ ।
ਤੂੰ ਖਾ ਗਈ ਬਣ ਕੇ ਡੈਣ ਨੀ ।
ਦਸਮੇਸ਼ ਦੇ ਰਾਜ ਦੁਲਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਡਾਢੇ ਕੀਤੇ ਲੋਹੜੇ ਨੀ ।
ਮਾਤਾ ਤੋਂ ਲਾਲ ਵਿਛੋੜੇ ਨੀ ।
ਤੈਨੂੰ ਲਾਹਨਤ ਪਾਂਦੇ ਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੇਰੇ ਮਾੜੇ ਹੈਸਨ ਭਾਗ ਨੀ ।
ਤੂੰ ਲਾਇਆ ਮੱਥੇ 'ਤੇ ਦਾਗ ਨੀ ।
ਜਿਸਨੂੰ ਨਾ ਕੋਈ ਉਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਜ਼ੋਰ ਬਥੇਰਾ ਲਾਇਆ ਨੀ ।
ਇਨ੍ਹਾਂ ਨੂੰ ਬਹੁਤ ਡਰਾਇਆ ਨੀ ।
ਪਰ ਇਹ ਨਾ ਬਾਜ਼ੀ ਹਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਜਿਹਨੂੰ ਸ਼ੀਂਹ ਨਾ ਬੇਲਿਉਂ ਬੁਕਦਾ ਏ ।
ਜਿਹਨੂੰ 'ਹਸਨਪੁਰੀ' ਜੱਗ ਝੁਕਦਾ ਏ ।
ਉਹ ਲਾਲ ਤੈਂ ਮਨੋਂ ਵਿਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

## ਕਵਿਤਾ



ਬਾਬੂ ਫ਼ੀਰੋਜ਼ਦੀਨ ਸ਼ਰਫ਼

ਪੰਜ ਪੰਜ ਘੁਟ ਪਾਣੀ ਖੰਡੇ ਦਾ ਪਿਆਲ ਕੇ
ਆਜਾ ਮੇਰੀ ਕਲਮ ਪਯਾਰੀ ਜਾਵਾਂ ਤੈਥੋਂ ਬਲਹਾਰੀ,
ਚੱਲ ਖਾਂ ਚਕੋਰ ਵਾਲੀ ਚਾਲ ਝੂਲ ਝਾਲ ਕੇ।
ਸੰਗਤਾਂ ਦੇ ਦਿਲਾਂ ਨੂੰ ਅਨੰਦ ਜ਼ਰਾ ਕਰ ਦੇਵੀਂ
ਕਲਗ਼ੀਧਰ ਤੇਗ਼ ਦਾ ਨਜ਼ਾਰਾ ਭੀ ਵਿਖਾਲ ਕੇ।
ਸ਼ਾਹੀ ਫੌਜਾਂ ਬਿਕਰਮੀ ਸਤਾਰਾਂ ਸੌ ਤੇ ਸੱਠ ਵਿੱਚ,
ਬੈਠੀਆਂ ਅਨੰਦ ਪੁਰ ਉੱਤੇ ਘੇਰਾ ਡਾਲ ਕੇ।
ਲਹਿੰਦੇ ਵਲ ਜਾਓ ਬੱਚਾ ਹੜ੍ਹ ਵਾਂਗੂੰ ਚੜ੍ਹ ਆਓ,
ਘੱਲਿਆ 'ਅਜੀਤ' ਜੀ ਨੂੰ ਪਿਤਾ ਨੇ ਸਿਖਾਲ ਕੇ।
ਦੂਜੀ ਗੁੱਠੋਂ ਆਪ ਆਏ ਚੜ੍ਹ ਕੇ ਹਨੇਰੀ ਵਾਂਗੂੰ,
ਉੱਚ ਵਾਲੇ ਸਿੰਘ ਪੀਰ ਨਾਲ ਲੈ ਕੇ ਬਾਲ ਕੇ।
ਸ਼ਾਹੀ ਫੌਜਾਂ ਨਾਲ ਆ ਕੇ ਹੋਯਾ ਐਸਾ ਟਾਕਰਾ ਸੀ,
ਕਾਲ ਦਿਉਤਾ ਨੱਸ ਗਿਆ ਜਾਨ ਨੂੰ ਸੰਭਾਲ ਕੇ।
ਤੇਗ਼ ਵਾਲੀ ਖ਼ੂੰਡੀ ਐਸੀ ਵਾਹੀ ਸੀ 'ਅਜੀਤ' ਜੀ ਨੇ,
ਖਿੱਦੋ ਵਾਂਗ ਸੀਸ ਸੁੱਟੇ ਧੜਾਂ ਤੋਂ ਉਛਾਲ ਕੇ।
ਜੇੜ੍ਹਾ ਆਯਾ ਸਾਮ੍ਹਣੇ ਉਹ ਇੱਕ ਦਾ ਬਣਾਯਾ ਦੋ,
ਮਾਂ ਜਾਯਾ ਪੁੱਤ ਨ ਕੋਈ ਵਾਰ ਗਿਆ ਟਾਲ ਕੇ।
ਗੋਰਾ ਗੋਰਾ ਮੁਖ ਜਿਨੂੰ ਤੇਗ਼ ਦਾ ਵਿਖਾਲ ਦਿੱਤਾ,
ਓਸੇ ਦਾ ਕਲੇਜਾ ਆਂਦਾ ਨਾਲੇ ਹੀ ਉਧਾਲ ਕੇ।
ਦੂਜੇ ਪਾਸੋਂ ਚੱਟਦੀ ਸੀ ਤੇਗ਼ ਦਸਮੇਸ਼ ਜੀ ਦੀ,
ਵੈਰੀਆਂ ਦੇ ਕਾਲਜੇ ਦਾ ਖ਼ੂਨ ਭਾਲ ਭਾਲ ਕੇ।
ਇੱਕੋ ਪਰ ਵਾਲੀ ਪਰੀ ਜੁੱਧ ਵਿੱਚ ਉੱਡ ਉੱਡ,
ਰੱਤ ਵਾਲੇ ਸੁੱਟਦੀ ਸੀ ਲਾਲ ਪਈ ਉਗਾਲ ਕੇ।
ਜਿਹੜਾ ਰਤਾ ਤੱਤਾ ਹੋਇਆ ਤੱਤੇ ਤੱਤੇ ਤਾ ਉਹਨੂੰ,
ਧਾਰ ਨਾਲ ਠੰਢਾ ਕੀਤਾ ਉੱਥੇ ਹੀ ਨੁਹਾਲ ਕੇ।
ਚੱਕੀਆਂ ਦੇ ਪੁੜਾਂ ਵਾਂਗੂੰ ਦੋਹਾਂ ਤੇਗਾਂ ਫਿਰ ਫਿਰ,
ਦਾਣੇ ਵਾਂਗ ਰੱਖ ਦਿੱਤੇ ਦੱਲ ਸੀ ਹੁਦਾਲ ਕੇ।
ਵੇਖ ਵੇਖ ਸੂਰਿਆਂ ਨੂੰ ਸੂਬਾ ਸਰਹੰਦ ਵਾਲਾ,
ਪੁੱਛੇ ਅਜਮੇਰ ਚੰਦ ਰਾਜੇ ਨੂੰ ਬਹਾਲ ਕੇ।
ਸਿੱਖਾਂ ਦੇ ਸਰੀਰਾਂ ਨੂੰ ਹੈ ਮਿੱਟੀ ਕੇਹੜੀ ਲੱਗੀ ਹੋਈ,
ਕਿਹੜੇ ਸੱਚੇ ਵਿੱਚ ਇਹ ਬਣਾਏ ਹੋਇ ਨੇ ਢਾਲ ਕੇ ?
ਪਿਛ੍ਹਾਂ ਭੀ ਇਹ ਹਟਦੇ ਨਹੀਂ ਉਂਞ ਭੀ ਇਹ ਘਟਦੇ ਨਹੀਂ,
ਅੱਕਦੇ ਨਹੀਂ ਥੱਕਦੇ ਨਹੀਂ ਖ਼ੁਹਣੀਆਂ ਭੀ ਗਾਲ ਕੇ।
ਅਜੇ ਤੀਕ ਮੱਤੇ ਹੋਏ ਅੱਖੀਆਂ ਉਘੇੜਦੇ ਨਹੀਂ,
ਸੁੱਸਰੀ ਦੇ ਵਾਂਗ ਸਾਡੇ ਦਿਲਾਂ ਨੂੰ ਸਵਾਲ ਕੇ।
ਪੈਰਾਂ ਤੋਂ ਪਿਆਦੇ ਭੀ ਇਹ ਜੁਧ ਵਿੱਚ ਹੰਬਦੇ ਨਹੀਂ,
ਮੁੱਕ ਗਏ ਖਜ਼ਾਨੇ ਸਾਡੇ ਕੋਤਲਾਂ ਨੂੰ ਪਾਲ ਕੇ।
ਮੁੱਠ ਮੁੱਠ ਛੋਲਿਆਂ ਤੇ ਜਾਨ ਪਏ ਵਾਰਦੇ ਨੇ,
ਵੇਖੋ ਅਸੀਂ ਉੱਜੜੇ ਹਾਂ ਬੱਕਰੇ ਖਵਾਲ ਕੇ।
ਅੱਗੋਂ ਇਹ ਜਵਾਬ ਦਿੱਤਾ ਰਾਜੇ ਅਜਮੇਰ ਚੰਦ,
ਲੰਮੇ ਸਾਰੇ ਹਾਉਕੇ ਲੈ ਤਨ ਮਨ ਜਾਲ ਕੇ।
'ਕੀ ਮੈਂ ਦੱਸਾਂ ਖਾਂ ਸਾਹਿਬ! ਇਹਨਾਂ ਨੂੰ ਕੀ ਕਰ ਦਿੱਤਾ,
ਪੰਜ ਪੰਜ ਘੁਟ ਪਾਣੀ ਗੁਰੂ ਨੇ ਪਿਆਲ ਕੇ ?
'ਚਾੜ੍ਹ ਦਿੱਤੀ ਪਾਣ ਕੋਈ ਜੱਗ ਕੋਲੋਂ ਵੱਖਰੀ ਹੀ,
ਤਿੱਖਾ ਜਿਹਾ ਖੰਡਾ ਵਿੱਚ ਲੋਹੇ ਦਾ ਹੰਗਾਲ ਕੇ।
'ਸ਼ਰਫ਼' ਅਜੇ ਵੇਖਿਆ ਕੀ ਜੋਸ਼ ਹੈ ਤੂੰ ਸੂਰਿਆਂ ਦਾ,
ਛੋਲਿਆਂ ਦੇ ਵਾਂਗ ਫੌਜਾਂ ਜਾਣਗੇ ਉਬਾਲ ਕੇ।

## ਕਵਿਤਾ

ਕਰਮਜੀਤ ਸਿੰਘ ਗਠਵਾਲਾ



ਸਾਹਿਬਜ਼ਾਦਾ ਜੋਰਾਵਰ ਸਿੰਘ ਵਜ਼ੀਦ ਖਾਂ ਨੂੰ,
ਮਾਰੇਂ ਦਮਗਜ਼ੇ ਗੁਰਾਂ ਨੂੰ ਕੈਦ ਕੀਤਾ,
ਉਹ ਤਾਂ ਪਰਗਟੇ 'ਤੇਗ਼' ਦੀ ਧਾਰ ਵਿੱਚੋਂ।
ਉਹਨੂੰ ਛੱਲਾਂ ਨੇ ਭਲਾ ਹੈ ਰੋਕਣਾ ਕੀ,
ਬੇੜੇ ਕੱਢਣੇ ਜਿਨ੍ਹੇ ਮੰਝਧਾਰ ਵਿੱਚੋਂ।
ਜੱਟ ਕਿਰਤੀ ਸ਼ੇਰ ਬਣਾਏ ਉਨ੍ਹਾਂ,
ਪਾ ਰਹੇ ਧਰਮ ਲਈ ਜੋ ਸ਼ਹੀਦੀਆਂ ਨੇ।
ਸਿੱਧੇ ਲੜਨ ਤੋਂ ਘੇਰਾ ਜੋ ਘੱਤ ਬੈਠੇ,
ਫੜਨੇ ਗੁਰੂ ਕੀ ਤੇਰੇ ਜਹੇ ਗੀਦੀਆਂ ਨੇ।
ਸਾਡੇ ਵੀਰ ਤੂੰ ਕਹੇਂ ਹਨ ਖੇਤ ਰਹੇ,
ਅਪਣਾ ਫ਼ਰਜ਼ ਉਹ ਕਰ ਅਦਾ ਗਏ ਨੇ।
ਦਾਦੇ ਸਾਡੇ ਨੇ ਸਿਰਰੁ ਦੀ ਗੱਲ ਕੀਤੀ,
ਸਿਰ ਦੇ ਉਹ ਸਿਦਕ ਨਿਭਾ ਗਏ ਨੇ।
ਪਿੱਛੇ ਆਉਂਦਿਆਂ ਨੂੰ ਨ੍ਹੇਰੀ ਰਾਤ ਅੰਦਰ,
ਦੀਵੇ ਧਰਮ ਦੇ ਉਹ ਜਗਾ ਗਏ ਨੇ।
ਸਵਾ ਲੱਖ ਨਾਲ ਇੱਕ ਲੜਾਉਣ ਵਾਲਾ,
ਪਿਤਾ ਵਾਲੜਾ ਵਚਨ ਪੁਗਾ ਗਏ ਨੇ।
ਮੌਤ ਕੋਲੋਂ ਨਹੀਂ ਅਸੀਂ ਹਾਂ ਡਰਨ ਵਾਲੇ
ਆਏ ਜਿੱਥੋਂ ਫਿਰ ਜਾਣ ਦਾ ਡਰ ਕਾਹਦਾ।
ਨਾ ਤੂੰ ਨਾ ਤੇਰਾ ਦਰਬਾਰ ਰਹਿਣਾ,
ਫ਼ੋਕਾ ਦਮ ਐਵੇਂ ਰਿਹੈਂ ਭਰ ਕਾਹਦਾ।
ਡਰਨ ਕਾਲ ਤੋਂ ਨੀਵੇਂ ਜੋ ਕੰਮ ਕਰਦੇ
ਕਾਲ ਕਰੇ ਸਿਜਦੇ ਕੰਮਾਂ ਉੱਚਿਆਂ ਨੂੰ।
ਉਹ ਉਨ੍ਹਾਂ ਨੂੰ ਇੰਜ ਸੰਭਾਲਦਾ ਏ,
ਮਾਲੀ ਸਾਂਭੇ ਜਿਉਂ ਫੁੱਲਾਂ ਸੁੱਚਿਆਂ ਨੂੰ।
ਬਹਿਸ਼ਤਾਂ ਜਿਹੜਿਆਂ ਦੀ ਤੂੰ ਗੱਲ ਕਰਦਾ
ਅਸੀਂ ਉਨ੍ਹਾਂ ਨੂੰ ਨਹੀਂ ਸਿਆਣਦੇ ਹਾਂ।
ਜਿੱਥੇ ਰੂਹ ਸਭਦੀ ਤਪਦੀ ਸ਼ਾਂਤ ਹੋਵੇ,
ਅਸੀਂ ਬਹਿਸ਼ਤ ਬਣਾਉਣੇ ਜਾਣਦੇ ਹਾਂ।
ਜਿਹੜੀ ਮਾਇਆ ਨਾਲ ਸਾਨੂੰ ਭਰਮਾ ਰਿਹਾ,
ਸਤਿਲੁਜ ਵਿੱਚ ਉਹ ਸਤਿਗੁਰਾਂ ਰੋੜ੍ਹ ਦਿੱਤੀ।
ਅਸੀਂ ਉਨ੍ਹਾਂ ਦੇ ਘਰ ਹਾਂ ਹੋਏ ਪੈਦਾ,
ਜਿੱਥੇ ਰੱਬ ਨੇ ਕੋਈ ਨਾ ਥੋੜ੍ਹ ਦਿੱਤੀ।
ਤੂੰ ਕਹੇਂ ਇਸਲਾਮ ਹੈ ਬਹੁਤ ਉੱਚਾ,
ਕਾਂਗਿਆਰੀ ਹੋ ਜਾਂਦੀ ਏ ਖੇਤ ਅੰਦਰ।
ਮੰਦੇ ਬੰਦਿਆਂ ਨੂੰ ਮੰਦੇ ਕਰਮ ਬਦਲੇ,
ਸਮੇਂ ਦੇਣਾ ਰਲਾ ਏ ਰੇਤ ਅੰਦਰ।
ਜੋ ਤੂੰ ਕਰਨਾ ਉਹ ਤਾਂ ਤੂੰ ਕਰਨਾ,
ਅਸਾਂ ਆਪਣਾ ਤੈਨੂੰ ਜਵਾਬ ਦਿੱਤਾ।
ਭਾਣਾ ਮੰਨਣਾ ਪੁਰਖ ਅਕਾਲ ਕਹਿਕੇ,
ਸਾਨੂੰ ਜੋ ਵੀ ਤੂੰ ਅਜਾਬ ਦਿੱਤਾ।

## ਅਨੰਦਪੁਰੀ ਪ੍ਰੀਤਮ ਦੇ ਦਰਸ਼ਨ ਮਾਛੀਵਾੜੇ ਦੇ ਜੰਗਲਾਂ ਵਿਚ



ਹੀਰਾ ਸਿੰਘ ਦਰਦ

ਪ੍ਰਸ਼ਨ :–
ਅੱਖਾਂ ਸਿਕਦੀਆਂ ਸਨ ਤੇਰੇ ਦਰਸ਼ਨਾਂ ਨੂੰ,
ਅਜ ਦਰਸ ਤੂੰ ਕੀ ਦਿਖਾਇਆ ਏ ?
ਕਿਥੇ ਬਾਜ, ਨੀਲਾ, ਕਿਥੇ ਤਾਜ ਪੀਲਾ ?
ਕਿਥੇ ਅਜ ਇਹ ਰੰਗ ਬਣਾਇਆ ਏ ?
ਕਿਥੇ ਲਾਲ ਚਾਰੇ ਕਿਥੇ ਪੰਜ ਪਿਆਰੇ,
ਕਿਥੇ ਬਣਾਂ ਅਜ ਚੌਰ ਝੁਲਾਇਆ ਏ ?
ਕਿਥੇ ਮਖ਼ਮਲੀ ਅਤਲਸੀ ਕੀਮ ਖ਼ਾਬਾਂ,
ਅਜ ਕੰਡਿਆਂ ਫ਼ਰਸ਼ ਸਜਾਇਆ ਏ ?

ਅਜ ਆਣ ਤਕੇ ਮਾਤਾ ਗੁਜਰੀ ਜੇ,
ਝੜੀ ਹੰਝੂਆਂ ਦੀ ਲਾ ਕੇ ਰੋੜ੍ਹ ਦੇਵੇ ।
ਕੋਈ ਪੁੱਤ ਦੇਖੇ ਦੁਨੀਆਂਦਾਰ ਆ ਕੇ,
ਛਾਤੀ ਪਿਟਕੇ ਸੀਸ ਨੂੰ ਫੋੜ ਦੇਵੇ ।
ਮਾਤਾ ਸੁੰਦਰੀ ਆਣ ਕੇ ਪਤੀ ਦੇਖੇ,
ਸੀਸ ਧਰਤ ਤੇ ਪਟਕ ਕੇ ਤੋੜ ਦੇਵੇ ।
ਜਿਹੜਾ ਜਿਗਰ ਵਾਲਾ ਤੈਨੂੰ ਅਜ ਵੇਖੇ,
ਘਟਾ ਚੜ੍ਹੀ ਨੂੰ ਰੋ ਰੋ ਮੋੜ ਦੇਵੇ ।

ਐਪਰ ਪੁਰੀ ਅਨੰਦ ਦੇ ਵਾਸੀਆ ਵੇ,
ਤੇਰੇ ਚਿਹਰੇ ਤੇ ਚੌਗੁਣਾ ਨੂਰ ਦਿਸੇ ।
ਲੁਟੀ ਗਈ ਤੇਰੀ ਸਾਰੀ ਪਾਤਸ਼ਾਹੀ,
ਐਪਰ ਰਿਦੇ ਸਰੂਰ ਭਰਪੂਰ ਦਿਸੇ ।
ਹਿੰਮਤ ਗਜ਼ਬ ਦੀ ਦਮਕਦੀ ਅੱਖੀਆਂ 'ਚੋਂ,
ਭਾਵੇਂ ਦੇਹੀ ਸਾਰੀ ਚਕਨਾਚੂਰ ਦਿਸੇ ।
ਆਵੇ ਸਮਝ ਨਾ ਕਲਗੀਆਂ ਵਾਲਿਆ ਵੇ,
ਤੇਰਾ ਅਜਬ ਹੀ ਕੋਈ ਦਸਤੂਰ ਦਿਸੇ ।

ਗੁਰੂ ਜੀ ਦਾ ਉੱਤਰ :–
ਅੱਖਾਂ ਖੋਲ੍ਹਕੇ ਦੇਖ ਖਾਂ ਭੋਲਿਆ ਵੇ,
ਮੇਰੇ ਜਿਹਾ ਅਜ ਕੌਣ ਨਿਹਾਲ ਹੋਵੇ ?
ਜਿਸਦਾ ਵਤਨ ਤੋਂ ਬੰਸ ਕੁਰਬਾਨ ਹੋਵੇ,
ਸਮਝੋ ਓਸ ਤੇ ਸਾਈਂ ਕਿਰਪਾਲ ਹੋਵੇ ।
ਬੇਟੇ ਸਫ਼ਲ ਹੋਏ, ਆਉਣਾ ਸਫ਼ਲ ਹੋਇਆ,
ਅਜ ਨਿਹਾਲ ਮੇਰਾ ਵਾਲ ਵਾਲ ਹੋਵੇ ।
ਬੇਸ਼ਕ ਜਿੰਦੜੀ ਵੀ ਮੇਰੀ ਲਗੇ ਲੇਖੇ,
ਐਪਰ ਵਤਨ ਆਜ਼ਾਦ ਖੁਸ਼ਹਾਲ ਹੋਵੇ ।

ਜਦੋਂ ਦੇਸ਼ ਗੁਲਾਮੀ ਦੇ ਵਿਚ ਬਧਾ,
ਰੋਵੇ, ਹਾਵਿਆਂ ਦੇ ਨਾਲੇ ਵੈਣ ਪਾਵੇ ।
ਓਦੋਂ ਮਹਿਲ ਤੇ ਮਾੜੀਆਂ ਕੌਣ ਚਾਹਵੇ,
ਸੇਜਾਂ ਸੋਹਣੀਆਂ ਤੇ ਕਿਦਾਂ ਚੈਨ ਆਵੇ ?
ਸ਼ਹਿਰ ਉਜੜੇ ਬਾਗ਼ ਵੈਰਾਨ ਦਿਸਣ,
ਨੀਂਦ ਨੈਣਾਂ ਦੇ ਕੋਲ ਕੀ ਲੈਣ ਆਵੇ ?
ਨਾ ਪਰਵਾਰ ਭਾਵੇ ਨਾ ਘਰ ਬਾਰ ਭਾਵੇ,
ਕੰਨੀਂ ਦੁਖੀਆਂ ਦੇ ਜਦੋਂ ਪੈਣ ਹਾਵੇ ।

ਅਜ ਵਸਿਆ ਦਿਸਦਾ ਦੇਸ ਸਾਰਾ,
ਮੈਂ ਭੀ ਵਸਿਆ ਮਹਿਲ ਉਸਾਰ ਐਥੇ ।
ਇਹ ਉਜਾੜੀਆਂ ਮਹਿਲ ਤੇ ਮਾੜੀਆਂ ਨੇ,
ਖੜੇ ਦਿਸਦੇ ਅੰਬ ਅਨਾਰ ਐਥੇ ।
ਕੰਡੇ ਨਹੀਂ ਇਹ ਵਿਛੀ ਹੈ ਸੇਜ ਮਖ਼ਮਲ,
ਮੇਰਾ ਸਜਿਆ ਅਜ ਦਰਬਾਰ ਐਥੇ ।
ਹੋਇਆ ਕੀ ਜੇ ਬੇਟੇ ਕੁਰਬਾਨ ਹੋ ਗਏ,
ਮੈਨੂੰ ਦਿਸਦਾ ਲਖ ਹਜ਼ਾਰ ਐਥੇ ।

# ਕਾਵਿ ਸੰਸਾਰ

## ਕਵਿਤਾ
ਸੰਤ ਰਾਮ ਉਦਾਸੀ



ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਦਾ ਜੇਰਾ
ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।

ਬਾਪੂ ! ਸੱਚੇ ਇਕ ਕੌਮੀ ਸਰਦਾਰ ਤਾਈਂ,
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।
ਖ਼ੂਨ ਜਿਗਰ ਦੇ ਨਾਲ ਤਾਂ ਜ਼ਫ਼ਰਨਾਮਾ,
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ।

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ,
ਅਜੇ ਤੱਕ ਉਹ ਸਾਡੇ ਹਥਿਆਰ ਜਿਊਂਦੇ।
ਗੂਠਾ ਲਾਇਆ ਨਹੀ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਊਂਦੇ।

ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ,
ਜੇਕਰ ਅੱਗ 'ਤੇ ਚੜ੍ਹੇ ਤਾਂ ਚੜ੍ਹਨ ਦੇਵੀਂ।
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ,
ਨਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ।

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ,
ਅਸੀ ਇਹੋ ਜੀ ਜ਼ਹਿਰ ਨਾ ਪੀ ਸਕਦੇ।
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸਨੂੰ,
ਅਸੀ ਜੂਨ ਅਜਿਹੀ ਨਾ ਜੀ ਸਕਦੇ।

## ਦਸ਼ਮੇਸ਼-ਮਹਿਮਾ ਦੇ ਕਬਿੱਤ
ਬਾਬੂ ਰਜਬ ਅਲੀ



ਰੱਬ ਤੋਂ ਡਰਨ ਵਾਲੇ, ਕੋਮਲ ਚਰਨ ਵਾਲੇ,
ਗੱਲ ਤੇ ਮਰਨ ਵਾਲੇ, ਦੇਸ਼ ਦੇ ਨਰੇਸ਼ ਗੁਰ।
ਛਾਂਟਮੇਂ ਸ਼ਰੀਰ ਵਾਲੇ, ਤੇ ਧਨਸ਼ ਤੀਰ ਵਾਲੇ,
ਸੋਹਣੀ ਤਸਵੀਰ ਵਾਲੇ, ਚੰਦ ਜੈਸੇ ਫ਼ੇਸ ਗੁਰ।
ਗੁਰੂ ਪੰਜਾਂ ਕੱਕਿਆਂ ਵਾਲੇ, ਤੇ ਕਰਾਰਾਂ ਪੱਕਿਆਂ ਵਾਲੇ,
ਕੰਮ ਅਣ-ਥੱਕਿਆਂ ਵਾਲੇ ਕਰਨ ਹਮੇਸ਼ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੧)

ਰਾਜਧਾਨੀ ਰਾਜਾਂ ਵਾਲੇ, ਜੋੜੇ ਘੋੜੇ ਸਾਜ਼ਾਂ ਵਾਲੇ,
ਚਿੱਟਿਆਂ ਚਿੱਟਿਆਂ ਬਾਜਾਂ ਵਾਲੇ, ਦਾਸ ਦਾ ਆਦੇਸ ਗੁਰ।
ਉੱਚਿਆਂ ਜੈਕਾਰਿਆਂ ਵਾਲੇ, ਤਾਜ ਝਮਕਾਰਿਆਂ ਵਾਲੇ,
ਸੋਹਣਿਆਂ ਦੁਲਾਰਿਆਂ ਵਾਲੇ, ਸੀ ਰਖਾ ਗਏ ਕੇਸ ਗੁਰ।
ਸੱਚ ਤੇ ਅੜਨ ਵਾਲੇ, ਪਾਪ ਸੇ ਲੜਨ ਵਾਲੇ,
ਜੰਗ ਤੇ ਚੜ੍ਹਨ ਵਾਲੇ, ਹਿੰਦ ਰੱਖੀ ਏਸ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੨)

ਬੜੇ ਉੱਚੇ ਸ਼ਾਨ ਵਾਲੇ, ਸੁੱਚੇ ਖ਼ਾਨਦਾਨ ਵਾਲੇ,
ਤੀਰ ਤੇ ਕਮਾਨ ਵਾਲੇ, ਮਾਰਦੇ ਮਲੇਸ਼ ਗੁਰ।
ਛੂਤ ਨੂੰ ਕੱਢਣ ਵਾਲੇ, ਮਾੜੇ ਨੂੰ ਛੱਡਣ ਵਾਲੇ,
ਵੈਰੀ ਨੂੰ ਵੱਢਣ ਵਾਲੇ, ਚੱਕ 'ਤੇ ਕਲੇਸ਼ ਗੁਰ।
ਬੁੱਧੂ ਸ਼ਾਹ ਜੇ ਸੁਰ ਵਾਲੇ, ਤੇ ਆਨੰਦ ਪੁਰ ਵਾਲੇ,
ਛਾਤੀ ਉਤੇ ਬੁਰ ਵਾਲੇ, ਫਿਰੇ ਦੇਸ ਪਰਦੇਸ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੩)

ਸਰਸਾ ਲੰਘਣ ਵਾਲੇ, ਚਮਕੌਰ 'ਚ ਖੰਘਣ ਵਾਲੇ,
ਰੇਤ ਨੂੰ ਰੰਗਣ ਵਾਲੇ, ਲੜ ਲਾ ਗਏ ਰੇਸ ਗੁਰ।
ਸਾਕ ਤੇ ਸਕੀਰੀ ਵਾਲੇ, ਨਿੱਕੀ ਜੀ ਪਨੀਰੀ ਵਾਲੇ,
ਉੱਚ-ਪੀਰ ਪੀਰੀ ਵਾਲੇ, ਸੀ ਵਟਾ ਗਏ ਭੇਸ ਗੁਰ।
ਦੁੱਖ ਮਾਝੇ ਦੇ ਵੰਡਣ ਵਾਲੇ, ਟੁੱਟੀ ਸਿੱਖੀ ਨੂੰ ਗੰਢਣ ਵਾਲੇ,
ਡੱਲੇ ਨੂੰ ਭੰਡਣ ਵਾਲੇ, ਤਲਵੰਡੀ ਪ੍ਰਵੇਸ਼ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੪)

## ਆਰਤੀ



ਸ਼ਿਵ ਕੁਮਾਰ ਬਟਾਲਵੀ

ਆਰਤੀ
ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ
ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਜੋ ਤੈਨੂੰ ਕਰਨ ਲਈ ਭੇਟਾ
ਮੈਂ ਤੇਰੇ ਦੁਆਰੇ 'ਤੇ ਆਵਾਂ

ਮੇਰਾ ਕੋਈ ਗੀਤ ਨਹੀਂ ਐਸਾ
ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿਚ ਜਾ ਕੇ
ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੋਹਲ ਛਿੰਦੇ ਬੋਲ
ਨੀਹਾਂ ਵਿਚ ਚਿਣਾ ਆਵੇ
ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ
ਜੋ ਲੁੱਟ ਜਾਵੇ ਤੇ ਮੁੜ ਵੀ
ਯਾਰੜੇ ਦੇ ਸੱਥਰੀਂ ਗਾਵੇ

ਚਿੜੀ ਦੇ ਖੰਭ ਦੀ ਲਲਕਾਰ
ਸੌ ਬਾਜਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ
ਅੱਜ ਆਪਣੇ ਗੀਤ ਗਲ ਪਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ
ਮੈ ਕਿਹੜੇ ਬੋਲ ਦੀ ਭੇਟਾ
ਲੈ ਤੇਰੇ ਦੁਆਰ 'ਤੇ ਆਵਾਂ
ਮੇਰੇ ਗੀਤਾਂ ਦੀ ਮਹਿਫ਼ਲ 'ਚੋਂ
ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ

ਤੇਰੇ ਸਾਹਵੇਂ ਖੜਾ ਹੋਵੇ
ਜੋ ਮੈਲੇ ਹੋ ਚੁੱਕੇ ਲੋਹੇ ਨੂੰ
ਆਪਣੇ ਖ਼ੂਨ ਵਿਚ ਧੋਵੇ
ਕਿ ਜਿਸਦੀ ਮੌਤ ਪਿੱਛੋਂ
ਓਸ ਨੂੰ ਕੋਈ ਸ਼ਬਦ ਨਾ ਰੋਵੇ
ਕਿ ਜਿਸ ਨੂੰ ਪੀੜ ਤਾਂ ਕੀਹ
ਪੀੜ ਦਾ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ
ਕਿਥੋਂ ਲੈ ਕੇ ਮੈਂ ਆਵਾਂ
ਮੈਂ ਆਪਣੀ ਪੀੜ ਦੇ ਅਹਿਸਾਸ ਕੋਲੋਂ
ਦੂਰ ਕਿੰਜ ਜਾਵਾਂ।

ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ
ਜਿਦ੍ਹੇ ਵਿਚ ਵਤਨ ਦੀ ਮਿੱਟੀ ਲਈ
ਅੰਤਾਂ ਦਾ ਮੋਹ ਹੋਵੇ
ਜਿਦ੍ਹੇ ਵਿਚ ਲਹੂ ਤੇਰੇ ਦੀ
ਰਲੀ ਲਾਲੀ ਤੇ ਲੋਅ ਹੋਵੇ
ਮੈਂ ਆਪਣੇ ਲਹੂ ਦਾ
ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ।

ਮੈਂ ਚਾਹੁੰਦਾ ਏਸ ਤੋਂ ਪਹਿਲਾਂ
ਕਿ ਤੇਰੀ ਆਰਤੀ ਗਾਵਾਂ
ਮੈਂ ਮੈਲੇ ਸ਼ਬਦ ਧੋ ਕੇ
ਜੀਭ ਦੀ ਕਿੱਲੀ 'ਤੇ ਪਾ ਆਵਾਂ
ਤੇ ਮੈਲੇ ਸ਼ਬਦ ਸੁੱਕਣ ਤੀਕ
ਤੇਰੀ ਹਰ ਪੈੜ ਚੁੰਮ ਆਵਾਂ
ਤੇਰੀ ਹਰ ਪੈੜ 'ਤੇ
ਹੰਝੂ ਦਾ ਇਕ ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ
ਜ਼ਰਾ ਗੀਤਾਂ ਨੂੰ ਪਾ ਆਵਾਂ
ਮੈਂ ਸ਼ਾਇਦ ਫੇਰ ਕੁਝ
ਭੇਟਾ ਕਰਨ ਯੋਗ ਹੋ ਜਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ।

## ਇਹ ਚਮਕੌਰ ਹੈ
ਪਾਂਧੀ ਨਨਕਾਣਵੀ

ਬਿਫਰੇ ਸ਼ੇਰਾਂ ਵੱਲ ਤੱਕ ਕੇ ਕਿਹਾ ਗੋਬਿੰਦ,
'ਇਹ ਚਮਕੌਰ ਹੈ, ਰਣ ਭਖਾਉਣ ਦੀ ਥਾਂ।
ਆਹੂ ਲਾਹ ਕੇ ਮੁਗ਼ਲ ਚੁਗੱਤਿਆਂ ਦੇ,
ਨਾਲ ਖ਼ੂਨ ਦੇ ਮਹਿੰਦੀਆਂ ਲਾਉਣ ਦੀ ਥਾਂ।
ਮਾਂਗ ਹਿੰਦ ਦੀ ਲਹੂ ਨਾਲ ਭਰਨ ਦੀ ਥਾਂ,
ਗਾਨੇ ਬੰਨ੍ਹ ਸ਼ਹੀਦੀਆਂ ਪਾਉਣ ਦੀ ਥਾਂ।
ਝੰਡਾ ਖ਼ੁਦੀ ਦਾ ਉੱਚਾ ਝੁਲਾਉਣ ਦੀ ਥਾਂ,
ਨਾਲ ਚਰਬੀ ਦੇ ਸ਼ਮਾਂ, ਜਲਾਉਣ ਦੀ ਥਾਂ।
ਰੱਤ-ਪੀਣੀਆਂ ਬਿਜਲੀਆਂ ਹੱਥ ਤੋਲੋ,
ਦੱਸ ਲੱਖ ਗ਼ੁਲਾਮ ਲਿਤਾੜ ਸੁੱਟੋ।
ਸਿੰਘੋ ਸੂਰਿਉ, ਉੱਠੋ ਤੂਫ਼ਾਨ ਬਣ ਕੇ,
ਮੁਗ਼ਲ ਰਾਜ ਨੂੰ ਜੜ੍ਹੋਂ ਉਖਾੜ ਸੁੱਟੋ।'
'ਤੁਹਾਡੇ ਹੱਥਾਂ ਵਿਚ ਪੱਤ, ਅੱਜ ਖ਼ਾਲਸੇ ਦੀ,
ਅੰਗ ਖ਼ਾਲਸੇ ਦਾ, ਤੁਸਾਂ ਪਾਲਣਾ ਏਂ।
ਭਾਵੇਂ ਚਾਲੀ ਹੋ, ਐਪਰ ਨਿੱਡਰ ਹੋ ਕੇ,
ਤੁਸਾਂ ਤੇਗ਼ ਦਾ, ਜੌਹਰ ਵਿਖਾਲਣਾ ਏਂ।
ਆਏ ਮੌਤ ਤਾਂ ਮੌਤ ਦੇ ਗਲ ਪੈ ਜਾਉ,
ਦੀਵਾ ਸੱਪਾਂ ਦੇ ਸਿਰਾਂ ਤੇ ਬਾਲਣਾ ਏਂ।
ਬੂਟਾ ਸਿੱਖੀ ਦਾ, ਲਾਇਐ ਜੋ ਗੁਰੂ ਨਾਨਕ,
ਵਿਚ ਖ਼ੂਨ ਦੇ ਉਹਨੂੰ ਨੁਹਾਲਣਾ ਏਂ।
ਜਿਦ੍ਹੀ ਖੜਗ ਅਜ ਬਿਜਲੀ ਬਣ ਕੜਕੂ,
ਨਮਸਕਾਰ ਹੈ ਉਹਨੂੰ ਗੋਬਿੰਦ ਸਿੰਘ ਦੀ।
ਹੋਵੇ ਸਿੰਘ ਤੇ ਪਿੱਠ ਤੇ ਖਾਏ ਗੋਲੀ,
ਧ੍ਰਿਕਾਰ ਹੈ ਉਹਨੂੰ, ਗੋਬਿੰਦ ਸਿੰਘ ਦੀ।'

ਟਿੱਡੀ ਦਲ ਵੱਲ ਝਾਕ ਕੇ ਸਿੰਘ ਗਰਜੇ,
'ਅਸੀਂ ਖ਼ਾਲਸੇ ਹਾਂ, ਮਰਨਾ ਜਾਣਦੇ ਹਾਂ।
ਸਵਾ ਲੱਖ ਨਾਲ, ਇਕ ਇਕ ਭਿੜ ਜਾਈਏ,
ਲਾੜੀ ਮੌਤ ਨੂੰ ਵੀ ਵਰਨਾ ਜਾਣਦੇ ਹਾਂ।
ਸਾਡੇ ਦਿਲ, ਕਲੇਜੇ ਫ਼ੌਲਾਦ ਦੇ ਨੇ,
ਜ਼ਖ਼ਮ ਖਾ ਕੇ ਵੀ, ਜਰਨਾ ਜਾਣਦੇ ਹਾਂ।
ਨਦੀ ਜ਼ੁਲਮ ਦੀ, ਭਾਵੇਂ ਤੂਫ਼ਾਨ ਬਣ ਜਾਏ,
ਡੁੱਬ ਡੁੱਬ ਕੇ ਵੀ ਤਰਨਾ ਜਾਣਦੇ ਹਾਂ।'
'ਕਲਗੀ ਵਾਲਿਆ, ਤੇਰੀ ਅਸੀਸ ਲੈ ਕੇ,
ਅਸੀਂ ਵਾਂਗ ਹਿਮਾਲਾ ਦੇ ਡੱਟ ਜਾਂਗੇ।
ਅਸਾਂ ਪੰਥ ਗ਼ੁਲਾਮ ਨਹੀਂ ਹੋਣ ਦੇਣਾ,
ਭਾਵੇਂ ਕੱਟਦੇ ਕੱਟਦੇ ਕੱਟ ਜਾਂਗੇ।'



ਹੱਥਾਂ ਵਿਚ ਉਛਾਲ ਕੇ ਨੇਜ਼ਿਆਂ ਨੂੰ,
ਭਬਕਾਂ ਮਾਰਦੇ ਸਿੰਘ ਮੈਦਾਨ ਨਿਕਲੇ।
'ਮੁਹਕਮ ਸਿੰਘ' ਜਿਹੇ 'ਹਿੰਮਤਾਂ' ਬੰਨ੍ਹ ਨਿਕਲੇ,
ਕ੍ਰਿਪਾ 'ਸਾਹਿਬ' ਦੀ ਨਾਲ ਜਵਾਨ ਨਿਕਲੇ।
ਤੇਗਾਂ ਤੀਰਾਂ ਨੇ, ਐਸੀ ਸੀ ਧੂੜ ਪੁੱਟੀ,
ਖੱਬੀ ਖ਼ਾਨ ਵੀ, ਜਿੰਦਾਂ ਛੁਪਾਣ ਨਿਕਲੇ।
ਉਂਗਲਾਂ ਟੁੱਕ ਟੁੱਕ, ਕਹਿਣ ਪਠਾਣ ਬੱਚੇ,
ਕੌਣ ਖ਼ਾਲਸੇ ਨਾਲ, ਮੱਥਾ ਲਾਣ ਨਿਕਲੇ।
ਕਿਹਾ ਸਤਿਗੁਰੂ, 'ਅਜੀਤ', 'ਜੁਝਾਰ' ਬੇਟਾ,
ਖ਼ਾਤਰ ਧਰਮ ਦੀ, ਯੁੱਧ ਰਚਾਓ ਜਾ ਕੇ।
ਸਾਡੇ ਤਪੇ ਕਲੇਜੇ 'ਚ ਠੰਡ ਪੈ ਜਾਏ,
ਸੈ-ਬਰਛੀਆਂ, ਸੀਨੇ 'ਚ ਖਾਓ ਜਾ ਕੇ।'
ਚੜ੍ਹਿਆ ਖ਼ਾਨ-ਵਜ਼ੀਦ, ਤੂਫ਼ਾਨ ਬਣ ਕੇ,
ਅੱਗੋਂ ਸਿੰਘ ਵੀ, ਵਾਂਗ ਤੂਫ਼ਾਨ ਟੱਕਰੇ।
ਸਿੰਘਾਂ ਪਲਾਂ ਵਿਚ, ਟੁੱਕ ਟੁੱਕ ਔਹ ਮਾਰੇ,
ਜਿਹੜੇ ਜਿਹੜੇ ਵੀ,ਆਕੜਖਾਨ ਟੱਕਰੇ।
'ਨਾਹਰ ਖਾਂ' ਨੂੰ, ਪਾਣੀ ਨਾ ਪੀਣ ਦਿੱਤਾ,
ਐਸੇ ਮਾਰੂ ਦਸ਼ਮੇਸ਼ ਦੇ ਬਾਨ ਟੱਕਰੇ।
'ਜ਼ਫ਼ਰਬੇਗ' ਜਰਨੈਲ ਦੇ ਹੋਸ਼ ਉੱਡੇ,
ਯੋਧੇ 'ਜੀਤ','ਜੁਝਾਰ' ਬਲਵਾਨ ਟੱਕਰੇ।
'ਗੜ੍ਹੀ' ਵਿਚੋਂ ਦਸ਼ਮੇਸ਼ ਲਲਕਾਰ ਉੱਠਿਆ,
ਜਿੱਤਿਆ ਯੁੱਧ ਹੈ ਸਿੰਘਾਂ ਬਲਕਾਰੀਆਂ ਨੇ।
'ਪਾਂਧੀ' ਯੁੱਧ ਨਹੀਂ, ਕਦੇ ਉਹ ਜਿੱਤ ਸਕਦੇ,
ਜਿਹੜੇ ਰੱਖਦੇ, ਜਿੰਦਾਂ ਪਿਆਰੀਆਂ ਨੇ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035



# ਸਿਹਤ ਸੰਭਾਲ

## ਹੈਲਥਕੇਅਰ-ਐਸੋਸੀਏਟਿਡ ਇਨਫੈਕਸ਼ਨ ਦੇ ਫੈਲਾਅ ਦੀ ਪ੍ਰਕਿਰਿਆ

ਸਰਬਜੀਤ ਕੌਰ ਸਰਬ

343 ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ ਦੀ ਰਿਪੋਰਟ ਅਨੁਸਾਰ Acinetobacter ਬੈਕਟੀਰੀਆ (ਕੀਟਾਣੂ) ਦਾ ਇੱਕ ਸਮੂਹ ਹੈ ਜੋ ਆਮ ਤੌਰ 'ਤੇ ਵਾਤਾਵਰਣ ਵਿੱਚ ਪਾਇਆ ਜਾਂਦਾ ਹੈ, ਜਿਵੇਂ ਕਿ ਮਿੱਟੀ ਅਤੇ ਪਾਣੀ ਵਿੱਚ। ਹਾਲਾਂਕਿ ਇਸ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ, ਪਰ ਇਨਫੈਕਸ਼ਨ ਦਾ ਸਭ ਤੋਂ ਆਮ ਕਾਰਨ ਹੈ Acinetobacter baumannii , ਜੋ ਕਿ ਮਨੁੱਖਾਂ ਵਿੱਚ ਜ਼ਿਆਦਾਤਰ Acineto bacter ਇਨਫੈਕਸ਼ਨ ਲਈ ਜ਼ਿੰਮੇਵਾਰ ਹੈ।

Acinetobacter baumannii ਖ਼ੂਨ, ਪਿਸ਼ਾਬ ਨਾਲੀ ਅਤੇ ਫੇਫੜਿਆਂ ਜਾਂ ਸਰੀਰ ਦੇ ਹੋਰ ਹਿੱਸਿਆਂ ਦੇ ਜ਼ਖ਼ਮਾਂ ਵਿੱਚ ਇਨਫੈਕਸ਼ਨ ਦਾ ਕਾਰਨ ਬਣ ਸਕਦਾ ਹੈ। ਇਹ 'ਬਸਤੀ' ਜਾਂ ਮਰੀਜ਼ ਵਿੱਚ ਬਿਨਾਂ ਇਨਫੈਕਸ਼ਨ ਜਾਂ ਲੱਛਣਾਂ ਦੇ ਰਹਿ ਸਕਦਾ ਹੈ, ਖਾਸ ਤੌਰ 'ਤੇ ਸਾਹ ਦੇ ਸੁੱਕਣ (ਥੁੱਕ) ਜਾਂ ਖੁੱਲ੍ਹੇ ਜ਼ਖ਼ਮਾਂ ਵਿ ਇਹ ਬੈਕਟੀਰੀਆ ਉਨ੍ਹਾਂ ਦੁਆਰਾ ਹੋਣ ਵਾਲੀ ਇਨਫੈਕਸ਼ਨ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਐਂਟੀਬਾਇਓਟਿਕਸ ਦੇ ਪ੍ਰਭਾਵਾਂ ਤੋਂ ਬਚਣ ਲਈ ਲਗਾਤਾਰ ਨਵੇਂ ਤਰੀਕੇ ਲੱਭ ਰਹੇ ਹਨ। ਐਂਟੀਬਾਇਓਟਿਕ ਪ੍ਰਤੀਰੋਧ ਉਦੋਂ ਹੁੰਦਾ ਹੈ ਜਦੋਂ ਕੀਟਾਣੂ ਉਨ੍ਹਾਂ ਨੂੰ ਮਾਰਨ ਲਈ ਤਿਆਰ ਕੀਤੇ ਗਏ ਐਂਟੀਬਾਇਓਟਿਕਸ ਪ੍ਰਤੀ ਜਵਾਬ ਨਹੀਂ ਦਿੰਦੇ ਹਨ। ਜੇਕਰ ਉਹ ਕਾਰਬਾਪੇਨੇਮ ਨਾਮਕ ਐਂਟੀਬਾਇਓਟਿਕਸ ਦੇ ਸਮੂਹ ਦੇ ਪ੍ਰਤੀ ਵਿਰੋਧ ਪੈਦਾ ਕਰਦੇ ਹਨ, ਤਾਂ ਉਹ ਕਾਰਬਾਪੇਨੇਮ-ਰੋਧਕ ਬਣ ਜਾਂਦੇ ਹਨ। ਜਦੋਂ ਮਲਟੀਪਲ ਐਂਟੀਬਾਇਓਟਿਕਸ ਪ੍ਰਤੀ ਰੋਧਕ ਹੁੰਦੇ ਹਨ, ਤਾਂ ਉਹ ਮਲਟੀ-ਡਰੱਗ-ਰੋਧਕ ਹੁੰਦੇ ਹਨ। ਕਾਰਬਾਪੇਨੇਮ-ਰੋਧਕ ਐਸੀਨੇਟੋਬੈਕਟਰ ਆਮ ਤੌਰ 'ਤੇ ਮਲਟੀਡਰੱਗ-ਰੋਧਕ ਹੁੰਦੇ ਹਨ।

2017 ਵਿੱਚ, ਕਾਰਬਾਪੇਨੇਮ-ਰੋਧਕ ਐਸੀਨੇਟੋਬੈਕਟਰ ਨੇ ਸੰਯੁਕਤ ਰਾਜ ਵਿੱਚ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਵਿੱਚ ਅੰਦਾਜ਼ਨ 8,500 ਇਨਫੈਕਸ਼ਨ ਅਤੇ 700 ਅਨੁਮਾਨਿਤ ਮੌਤਾਂ ਦਾ ਕਾਰਨ ਬਣਾਇਆ।

### ਕੌਣ ਖਤਰੇ ਵਿੱਚ ਹੈ ?

ਇਨਫੈਕਸ਼ਨ ਹੋਣ ਦੇ ਸਭ ਤੋਂ ਨੇੜੇ ਉਹ ਲੋਕ ਹਨ ਜੋ ਸਾਹ ਲੈਣ ਵਾਲੀਆਂ ਮਸ਼ੀਨਾਂ (ਵੈਂਟੀਲੇਟਰ) 'ਤੇ ਹਨ, ਕੈਥੀਟਰ ਵਰਗੇ ਯੰਤਰ ਹਨ, ਸਰਜਰੀ ਤੋਂ ਖੁੱਲ੍ਹੇ ਜ਼ਖ਼ਮ ਹਨ, ਇੰਟੈਂਸਿਵ ਕੇਅਰ ਯੂਨਿਟਾਂ ਵਿੱਚ ਹਨ, ਲੰਬੇ ਸਮੇਂ ਤੱਕ ਹਸਪਤਾਲ ਵਿੱਚ ਰਹਿਣ ਵਾਲੇ ਮਰੀਜ਼ ਮੁੱਖ ਰੂਪ ਵਿੱਚ ਸ਼ਾਮਿਲ ਹਨ।

### ਇਹ ਕਿਵੇਂ ਫੈਲਦਾ ਹੈ ?

Acinetobacter ਵਾਤਾਵਰਣ ਦੀਆਂ ਸਤਹਾਂ ਅਤੇ ਸਾਂਝੇ ਸਾਜ਼ੋ-ਸਾਮਾਨ 'ਤੇ ਲੰਬੇ ਸਮੇਂ ਲਈ ਰਹਿ ਸਕਦਾ ਹੈ ਜੇਕਰ ਉਨ੍ਹਾਂ ਨੂੰ ਸਹੀ ਢੰਗ ਨਾਲ ਸਾਫ਼ ਨਹੀਂ ਕੀਤਾ ਜਾਂਦਾ ਹੈ। ਕੀਟਾਣੂ ਇਹਨਾਂ ਦੂਸ਼ਿਤ ਸਤਹਾਂ ਜਾਂ ਉਪਕਰਨਾਂ ਦੇ ਸੰਪਰਕ ਰਾਹੀਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲ ਸਕਦੇ ਹਨ ਜਾਂ ਭਾਵੇਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਣ ਦਾ ਅਸਲ ਕਾਰਣ, ਅਕਸਰ ਦੂਸ਼ਿਤ ਹੱਥਾਂ ਰਾਹੀਂ ਅਦਾਨ ਪ੍ਰਦਾਨ ਕਰਨਾ ਹੈ।

### ਤੁਸੀਂ ਇਨਫੈਕਸ਼ਨ ਤੋਂ ਕਿਵੇਂ ਬਚ ਸਕਦੇ ਹੋ ?

ਮਰੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਚਾਹੀਦਾ ਹੈ : ਬਿਮਾਰ ਹੋਣ ਅਤੇ ਕੀਟਾਣੂ ਫੈਲਾਉਣ ਤੋਂ ਬਚਣ ਲਈ ਆਪਣੇ ਹੱਥਾਂ ਨੂੰ ਸਾਫ਼ ਰੱਖੋ ਜੋ ਇਨਫੈਕਸ਼ਨ ਦਾ ਮੁਖ ਕਾਰਨ ਬਣ ਸਕਦੇ ਹਨ। ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ ਜਾਂ ਅਲਕੋਹਲ-ਅਧਾਰਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ, ਖਾਸ ਤੌਰ 'ਤੇ ਜ਼ਖ਼ਮਾਂ ਦੀ ਦੇਖਭਾਲ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਜਾਂ ਕਿਸੇ ਮੈਡੀਕਲ ਉਪਕਰਣ ਨੂੰ ਛੂਹਣ ਤੋਂ ਬਾਅਦ।

ਸਿਹਤ ਸੰਭਾਲ ਪ੍ਰਦਾਤਾਵਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਮਰੀਜ਼ ਨੂੰ ਛੂਹਣ ਜਾਂ ਮੈਡੀਕਲ ਉਪਕਰਣਾਂ ਨੂੰ ਸੰਭਾਲਣ ਤੋਂ ਪਹਿਲਾਂ ਆਪਣੇ ਹੱਥ ਸਾਫ਼ ਕਰਨ ਦੀ ਆਦਤ ਪਾਓ।

ਹੈਲਥਕੇਅਰ ਸੈਟਿੰਗ ਵਿੱਚ ਹੋਣ ਵੇਲੇ ਹੈਲਥਕੇਅਰ ਸਟਾਫ ਨੂੰ ਰੋਜ਼ਾਨਾ ਆਪਣਾ ਕਮਰਾ ਸਾਫ਼ ਕਰਨ ਦਿਓ

ਹੱਥਾਂ ਦੀ ਸਫਾਈ ਤੋਂ ਇਲਾਵਾ, ਹੈਲਥਕੇਅਰ ਪ੍ਰਦਾਤਾਵਾਂ ਨੂੰ ਇਹਨਾਂ ਕੀਟਾਣੂਆਂ ਨੂੰ ਮਰੀਜ਼ਾਂ ਵਿੱਚ ਫੈਲਣ ਦੇ ਜੋਖਮ ਨੂੰ ਘਟਾਉਣ ਲਈ ਸਖ਼ਤ ਵਾਤਾਵਰਣ ਦੀ ਸਫਾਈ (ਜਿਵੇਂ ਕਿ ਮਰੀਜ਼ਾਂ ਦੇ ਕਮਰਿਆਂ ਅਤੇ ਸਾਂਝੇ ਉਪਕਰਣਾਂ ਦੀ ਸਫਾਈ) ਸਮੇਤ ਸਿਫ਼ਾਰਸ਼ ਕੀਤੇ ਸੰਕਰਮਣ ਨਿਯੰਤਰਣ ਅਭਿਆਸਾਂ ਵੱਲ ਧਿਆਨ ਨਾਲ ਧਿਆਨ ਦੇਣਾ ਚਾਹੀਦਾ ਹੈ।



### ਇਨਫੈਕਸ਼ਨ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ ?

Acinetobacter ਇਨਫੈਕਸ਼ਨ ਦਾ ਇਲਾਜ ਆਮ ਤੌਰ 'ਤੇ ਐਂਟੀਬਾਇਓਟਿਕਸ ਨਾਲ ਕੀਤਾ ਜਾਂਦਾ ਹੈ। ਕਿਸੇ ਖਾਸ ਇਨਫੈਕਸ਼ਨ ਦਾ ਇਲਾਜ ਕਰਨ ਲਈ ਸਭ ਤੋਂ ਵਧੀਆ ਐਂਟੀਬਾਇਓਟਿਕ ਦੀ ਪਛਾਣ ਕਰਨ ਲਈ, ਹੈਲਥਕੇਅਰ ਪ੍ਰਦਾਤਾ ਇੱਕ ਨਮੂਨਾ (ਅਕਸਰ ਕਲਚਰ ਕਿਹਾ ਜਾਂਦਾ ਹੈ) ਪ੍ਰਯੋਗਸ਼ਾਲਾ ਵਿੱਚ ਭੇਜਣਗੇ ਅਤੇ ਕਿਸੇ ਵੀ ਬੈਕਟੀਰੀਆ ਦੀ ਜਾਂਚ ਕਰਨਗੇ ਜੋ ਐਂਟੀਬਾਇਓਟਿਕਸ ਦੇ ਇੱਕ ਸਮੂਹ ਦੇ ਵਿਰੁੱਧ ਵਧਦੇ ਹਨ ਇਹ ਨਿਰਧਾਰਤ ਕਰਨ ਲਈ ਕਿ ਕੀਟਾਣੂ ਦੇ ਵਿਰੁੱਧ ਕਿਰਿਆਸ਼ੀਲ ਹਨ। ਪ੍ਰਦਾਤਾ ਫਿਰ ਐਂਟੀਬਾਇਓਟਿਕ ਦੀ ਗਤੀਵਿਧੀ ਅਤੇ ਹੋਰ ਕਾਰਕਾਂ, ਜਿਵੇਂ ਕਿ ਸੰਭਾਵੀ ਮਾੜੇ ਪ੍ਰਭਾਵਾਂ ਜਾਂ ਦੂਜੀਆਂ ਦਵਾਈਆਂ ਨਾਲ ਪਰਸਪਰ ਪ੍ਰਭਾਵ ਦੇ ਅਧਾਰ ਤੇ ਇੱਕ ਐਂਟੀਬਾਇਓਟਿਕ ਦੀ ਚੋਣ ਕਰੇਗਾ।

ਬਦਕਿਸਮਤੀ ਨਾਲ, ਬਹੁਤ ਸਾਰੇ Acinetobacter ਕੀਟਾਣੂ ਕਾਰਬਾਪੇਨੇਮਸ ਸਮੇਤ ਕਈ ਐਂਟੀਬਾਇਓਟਿਕਸ ਪ੍ਰਤੀ ਰੋਧਕ ਹੁੰਦੇ ਹਨ, ਜਿਸ ਕਾਰਨ ਉਹਨਾਂ ਨੂੰ ਉਪਲਬਧ ਐਂਟੀਬਾਇਓਟਿਕਸ ਨਾਲ ਇਲਾਜ ਕਰਨਾ ਮੁਸ਼ਕਲ ਹੋ ਜਾਂਦਾ ਹੈ।

Acinetobacter ਇਨਫੈਕਸ਼ਨ ਨੂੰ ਹੱਲ ਕਰਨ ਲਈ 343 ਕੀ ਕਰ ਰਹੀ ਹੈ ?

ਸੀਡੀਸੀ ਆਪਣੇ ਉੱਭਰ ਰਹੇ ਇਨਫੈਕਸ਼ਨ ਪ੍ਰੋਗਰਾਮ ਰਾਹੀਂ ਕੀਟਾਣੂ, ਅਤੇ ਇਸ ਨਾਲ ਹੋਣ ਵਾਲੀਆਂ ਲਾਗਾਂ ਨੂੰ ਟਰੈਕ ਕਰਦੀ ਹੈ । ਇਸ ਤੋਂ ਇਲਾਵਾ, ਸੀਡੀਸੀ ਸਹਿਭਾਗੀਆਂ ਦੇ ਨਾਲ ਮਿਲ ਕੇ ਕੰਮ ਕਰਦਾ ਹੈ, ਜਿਸ ਵਿੱਚ ਜਨਤਕ ਸਿਹਤ ਵਿਭਾਗ, ਹੋਰ ਸੰਘੀ ਏਜੰਸੀਆਂ, ਸਿਹਤ ਸੰਭਾਲ ਪ੍ਰਦਾਤਾਵਾਂ ਅਤੇ ਮਰੀਜ਼ ਸ਼ਾਮਲ ਹਨ, ਹੈਲਥਕੇਅਰ ਇਨਫੈਕਸ਼ਨਾਂ ਨੂੰ ਰੋਕਣ ਅਤੇ ਰੋਧਕ ਕੀਟਾਣੂਆਂ ਦੇ ਫੈਲਣ ਨੂੰ ਹੌਲੀ ਕਰਨ ਲਈ ਲਗਾਤਾਰ ਯਤਨਸ਼ੀਲ ਹੈ।

**CDC Antimicrobial Resistance Report**

# ਕੋਰੋਨਾ ਕਾਰਨ ਸਰੀਰ 'ਚ ਖ਼ੂਨ ਜੰਮਣ ਦੇ ਮਾਮਲੇ ਸਾਹਮਣੇ ਆਏ

## ਸਰੀਰਕ ਗਤੀਵਿਧੀਆਂ ਦੌਰਾਨ ਦਿਲ ਦਾ ਦੌਰਾ ਪੈਣ ਦੇ ਮਾਮਲਿਆਂ 'ਚ ਵਾਧਾ, ਕੋਵਿਡ ਤੋਂ ਬਾਅਦ ਕਾਰਡੀਐਕ ਅਰੈਸਟ ਦੇ ਮਾਮਲੇ ਵਧੇ

ਹਾਲ ਦੇ ਦਿਨਾਂ ਵਿੱਚ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਅਚਾਨਕ ਪਏ ਦਿਲ ਦੇ ਦੌਰੇ ਦੇ ਵੀਡੀਓ ਵਾਇਰਲ ਹੁੰਦੇ ਦੇਖੇ ਜਾ ਸਕਦੇ ਹਨ। ਸੋਸ਼ਲ ਮੀਡੀਆ 'ਤੇ ਵੱਖ-ਵੱਖ ਥਾਵਾਂ 'ਤੇ ਇੱਕ ਵੀਡੀਓ ਵਿੱਚ ਕੋਈ ਵਿਅਕਤੀ ਵਿਆਹ ਵਿਚ ਨੱਚਦਾ-ਨੱਚਦਾ ਅਚਾਨਕ ਜ਼ਮੀਨ 'ਤੇ ਡਿੱਗ ਪੈਂਦਾ ਤਾਂ ਇੱਕ ਹੋਰ ਵੀਡੀਓ ਵਿੱਚ ਹੱਥਾਂ ਵਿਚ ਫੁੱਲਾਂ ਦਾ ਗੁਲਦਸਤਾ ਲਏ ਤੁਰੀ ਜਾਂਦੀ ਕੁੜੀ ਅਚਾਨਕ ਡਿੱਗ ਪੈਂਦੀ ਹੈ। ਕੁਝ ਸਮਾਂ ਪਹਿਲਾਂ ਹੀ ਕੰਨੜ ਅਦਾਕਾਰ ਪੁਨੀਤ ਰਾਜ ਕੁਮਾਰ ਦੀ ਜਿੰਮ ਵਿਚ ਕਸਰਤ ਕਰਦਿਆਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਉਹ ਜਿੰਮ ਵਿਚ ਕਸਰਤ ਕਰ ਰਹੇ ਸਨ।ਕੁਝ ਸਮਾਂ ਪਹਿਲਾਂ ਮਸ਼ਹੂਰ ਹਾਸ ਕਲਾਕਾਰ ਰਾਜੂ ਸ਼੍ਰੀਵਾਸਤਵ ਵੀ ਜਿੰਮ ਵਿਚ ਟ੍ਰੈਡਮਿਲ 'ਤੇ ਦੌੜ ਰਹੇ ਸਨ, ਜਦੋਂ ਉਨ੍ਹਾਂ ਦੀ ਛਾਤੀ ਵਿਚ ਤੇਜ਼ ਦਰਦ ਉੱਠਿਆ ਅਤੇ ਉਹ ਡਿੱਗ ਪਏ।ਬਾਅਦ ਵਿੱਚ ਡਾਕਟਰਾਂ ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੂੰ ਦਿਲ ਦਾ ਦੌਰਾ ਆਇਆ ਸੀ। ਫਿਰ ਰਾਜੂ ਸ਼੍ਰੀਵਾਸਤਵ ਦਾ ਦੇਹਾਂਤ ਹੋ ਗਿਆ। ਲੋਕਾਂ ਵਿਚ ਅਚਾਨਕ ਆ ਰਹੇ ਅਜਿਹੇ ਮਾਮਲਿਆਂ ਨੂੰ ਡਾਕਟਰ ਕਾਰਡੀਐਕ ਅਰੈਸਟ ਦੇ ਮਾਮਲੇ ਦੱਸ ਰਹੇ ਹਨ।ਡਾਕਟਰਾਂ ਦਾ ਕਹਿਣਾ ਹੈ ਕਿ ਕਾਰਡੀਐਕ ਅਰੈਸਟ, ਦਿਲ ਦੇ ਆਕਾਰ ਅਤੇ ਮਾਸਪੇਸ਼ੀਆਂ ਦੇ ਵਧਣ, ਦਿਲ ਦੀਆਂ ਨਸਾਂ ਵਿੱਚ ਬਲੌਕੇਜ ਅਤੇ ਦਿਲ ਦੁਆਰਾ ਖ਼ੂਨ ਨੂੰ ਪੰਪ ਕਰਨਾ ਬੰਦ ਕਰਨ ਕਰਕੇ ਹੁੰਦਾ ਹੈ। ਜੈਨੇਟਿਕ ਕਾਰਨਾਂ ਕਰਕੇ ਵੀ ਕਾਰਡੀਐਕ ਅਰੈਸਟ ਹੋ ਸਕਦਾ ਹੈ।ਮਾਹਿਰ ਸਰਜਨ ਡਾਕਟਰ ਓਪੀ ਯਾਦਵ, ਨੈਸ਼ਨਲ ਹਾਰਟ ਇੰਸਟੀਚਿਊਟ ਦੇ ਸੀਈਓ ਅਤੇ ਚੀਫ ਕਾਰਡੀਐਕ ਸਰਜਨ ਹਨ।ਉਹ ਦੱਸਦੇ ਹਨ ਕਿ ਤੁਹਾਡੇ ਸਰੀਰ ਵਿਚ ਕੋਈ ਅਨਐਕਸਪਲੇਂਡ ਲੱਛਣ ਜਿਵੇਂ ਢਿੱਡ ਵਿਚ ਮਰੋੜ ਹੋਣਾ, ਢਿੱਡ ਦੇ ਉੱਪਰੀ ਹਿੱਸੇ ਵਿਚ ਬਲੋਟਿੰਗ (ਸੋਜ), ਭਾਰੀਪਣ ਮਹਿਸੂਸ ਹੋਣਾ ਛਾਤੀ ਵਿਚ ਦਬਾਅ ਮਹਿਸੂਸ ਹੋਣਾ

ਗਲੇ ਵਿਚ ਕੁਝ ਫਸਿਆ ਹੋਇਆ ਲੱਗਣਾ, ਸਰੀਰ ਵਿਚ ਕੰਮ ਕਰਨ ਦੀ ਸਮਰੱਥਾ ਵਿਚ ਅਚਾਨਕ ਬਦਲਾਅ, ਜਿਵੇਂ ਰੋਜ਼ ਤੁਸੀਂ ਤਿੰਨ ਮੰਜ਼ਿਲ ਪੌੜੀਆਂ ਚੜ੍ਹ ਸਕਦੇ ਸੀ ਪਰ ਅਚਾਨਕ ਨਹੀਂ ਚੜ੍ਹ ਪਾ ਰਹੇ ਅਤੇ ਥਕਾਨ ਹੋ ਰਹੀ ਹੈ ਆਦਿ ਦਿਖਾਈ ਦੇਣ ਤਾਂ ਸੁਚੇਤ ਹੋ ਜਾਓ। ਇਸ ਨੂੰ ਗੈਸ ਜਾਂ ਐਸੀਡਿਟੀ ਸਮਝ ਕੇ ਨਜ਼ਰਅੰਦਾਜ਼ ਨਾ ਕਰੋ। ਮਾਹਿਰ ਡਾਕਟਰ ਅਨੁਸਾਰ ਪਰਿਵਾਰ ਵਿੱਚ ਕਿਸੇ ਦੀ 30-40 ਸਾਲ ਤੋਂ ਘੱਟ ਉਮਰ 'ਚ ਅਚਾਨਕ ਮੌਤ ਹੋਈ ਹੈ ਤਾਂ ਵੀ ਤੁਹਾਨੂੰ ਕਾਰਡੀਐਕ ਅਰੈਸਟ ਦਾ ਖ਼ਤਰਾ ਵਧ ਜਾਂਦਾ ਹੈ।




ਦਿੱਲੀ ਸਥਿਤ ਮੈਕਸ ਸੁਪਰ ਸਪੇਸ਼ੈਲੀਟੀ ਹਸਪਤਾਲ ਵਿੱਚ ਸੀਨੀਅਰ ਕਾਰਡੀਓਲਾਜਿਸਟ ਡਾਕਟਰ ਵਿਵੇਕਾ ਕੁਮਾਰ ਦਾ ਕਹਿਣਾ ਹੈ, 'ਹਾਰਟ ਅਟੈਕ ਵਿਚ ਮਰੀਜ਼ ਨੂੰ ਅੱਧਾ ਘੰਟਾ ਜਾਂ ਉਸ ਤੋਂ ਵੱਧ ਸਮਾਂ ਛਾਤੀ ਵਿਚ ਦਰਦ ਹੁੰਦਾ ਹੈ।ਦਰਦ ਖੱਬੇ ਹੱਥ ਵੱਲ ਜਾਂਦਾ ਹੈ ਅਤੇ ਉਸ ਦੇ ਨਾਲ ਕਾਫ਼ੀ ਮੁੜ੍ਹਕਾ ਵੀ ਆਉਂਦਾ ਹੈ। ਜੇ ਸਮਾਂ ਰਹਿੰਦੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਕਾਰਡੀਐਕ ਅਰੈਸਟ ਵਿਚ ਤਬਦੀਲ ਹੋ ਸਕਦਾ ਹੈ। ਨਾਲ ਹੀ ਉਹ ਦੱਸਦੇ ਹਨ ਕਿ ਹਸਪਤਾਲ ਤੋਂ ਬਾਹਰ ਹੋਣ ਵਾਲੇ ਕਾਰਡੀਐਕ ਅਰੈਸਟ ਵਿੱਚ 3 ਤੋਂ 8 ਫੀਸਦੀ ਹੀ ਜਿਉਂਦੇ ਬਚਣ ਦੀ ਉਮੀਦ ਹੁੰਦੀ ਹੈ।

ਦੂਜੇ ਪਾਸੇ ਮੀਡੀਆ ਵਿਚ ਅਜਿਹੀਆਂ ਖਬਰਾਂ ਆ ਰਹੀਆਂ ਹਨ ਅਤੇ ਇਸ ਗੱਲ ਨੂੰ ਲੈ ਕੇ ਖ਼ੂਬ ਚਰਚਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਕੋਰੋਨਾ ਹੋਇਆ ਹੈ ਅਤੇ ਜਿਨ੍ਹਾਂ ਨੇ ਵੈਕਸੀਨ ਲਈ ਹੈ, ਉਨ੍ਹਾਂ ਨੂੰ ਅਜਿਹੇ ਕਾਰਡੀਐਕ ਅਰੈਸਟ ਜ਼ਿਆਦਾ ਹੋ ਰਹੇ ਹਨ।

ਡਾਕਟਰ ਓਪੀ ਯਾਦਵ ਅਤੇ ਡਾਕਟਰ ਵਿਵੇਕਾ ਕੁਮਾਰ ਦੋਵੇਂ ਹੀ ਕਹਿੰਦੇ ਹਨ ਕਿ ਕੋਰੋਨਾ ਕਾਰਨ ਸਰੀਰ ਵਿਚ ਖ਼ੂਨ ਦੇ ਕਲੌਟ ਜਾਂ ਖ਼ੂਨ ਜੰਮਣ ਦੇ ਮਾਮਲੇ ਸਾਹਮਣੇ ਆਏ ਹਨ। ਉਹ ਕਹਿੰਦੇ ਹਨ ਕਿ ਇਹ ਕਲੌਟ ਜਾਂ ਥੱਕੇ ਫੇਫੜਿਆਂ, ਦਿਲ, ਪੈਰ ਦੀਆਂ ਨਸਾਂ ਅਤੇ ਦਿਮਾਗ਼ ਵਿਚ ਬਣ ਸਕਦੇ ਹਨ। ਹਾਲਾਂਕਿ ਖ਼ੂਨ ਨੂੰ ਪਤਲਾ ਕਰਨ ਦੇ ਲਈ ਮਰੀਜ਼ਾਂ ਨੂੰ ਦਵਾਈਆਂ ਵੀ ਦਿੱਤੀਆਂ ਗਈਆਂ ਹਨ।

ਡਾਕਟਰ ਓਪੀ ਯਾਦਵ ਕਹਿੰਦੇ ਹਨ, 'ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਹਾਲ ਹੀ ਵਿਚ ਕੋਵਿਡ ਹੋਇਆ ਅਤੇ ਉਸ ਤੋਂ ਬਾਅਦ ਹਾਰਟ ਅਟੈਕ ਹੋਇਆ ਹੋਵੇ ਤਾਂ ਕਹਿ ਸਕਦੇ ਹਾਂ ਕਿ ਦੋਵਾਂ ਦਾ ਸਬੰਧ ਹੋਵੇ, ਪਰ ਇਸ ਦਾ ਕੋਈ ਸਬੂਤ ਨਹੀਂ ਹੈ।'

'ਪਰ ਜਿਸ ਨੂੰ ਕੋਰੋਨਾ ਹੋਇਆ ਹੋਵੇਗਾ, ਉਸ ਵਿਅਕਤੀ ਵਿਚ ਖ਼ੂਨ ਜੰਮਣ ਦਾ ਖਦਸ਼ਾ ਵਧ ਜਾਂਦਾ ਹੈ ਅਤੇ ਅਜਿਹੀ ਸਥਿਤੀ ਵਿਚ ਅਸੀਂ ਮਰੀਜ਼ ਨੂੰ ਬਲੱਡ ਥਿਨਰ ਦਿੰਦੇ ਹਾਂ ਅਤੇ ਕਸਰਤ ਤੇ ਸੈਰ ਕਰਨ ਦੀ ਸਲਾਹ ਦਿੰਦੇ ਹਾਂ।ਪਰ ਹਰ ਹਾਰਟ ਅਟੈਕ ਕੋਰੋਨਾ ਦੇ ਕਾਰਨ ਹੋਵੇ, ਇਹ ਕਹਿਣਾ ਗ਼ਲਤ ਹੋਵੇਗਾ। 'ਡਾਕਟਰ ਵਿਵੇਕਾ ਕੁਮਾਰ ਮੁਤਾਬਕ, 'ਕੋਰੋਨਾ ਵੈਕਸੀਨ ਵੀ ਇੱਕ ਤਰ੍ਹਾਂ ਨਾਲ ਕੋਰੋਨਾ ਦੀ ਲਾਗ ਵਾਂਗ ਹੈ। ਕੋਰੋਨਾ ਕਾਫ਼ੀ ਲਾਗ ਵਾਲੀ ਬਿਮਾਰੀ ਹੈ ਅਤੇ ਉਸ 'ਚ ਕਲੌਟ ਬਣਨ ਦਾ ਖਦਸ਼ਾ ਵਧ ਜਾਂਦਾ ਹੈ।'ਅਜਿਹੇ ਵਿੱਚ ਜੇ ਇਹ ਦਿਲ ਵਿਚ ਹੋਵੇ ਤਾਂ ਹਾਰਟ ਅਟੈਕ ਜਾਂ ਕਾਰਡੀਐਕ ਅਰੈਸਟ ਦਾ ਖਦਸ਼ਾ ਵਧ ਜਾਂਦਾ ਹੈ ਅਤੇ ਜੇ ਦਿਮਾਗ਼ ਵਿਚ ਹੋਵੇ ਤਾਂ ਬ੍ਰੇਨ ਸਟ੍ਰੋਕ ਹੋ ਸਕਦਾ ਹੈ।' ਨੌਜਵਾਨਾਂ ਵਿਚ ਅਜਿਹੇ ਮਾਮਲੇ ਜ਼ਿਆਦਾ ਦਿਖਾਈ ਦੇ ਰਹੇ ਹਨ। ਉਂਝ ਤਣਾਅ, ਸਿਗਰਟਨੋਸ਼ੀ, ਸ਼ਰਾਬ ਪੀਣਾ ਵੀ ਇਸ ਦੇ ਕਾਰਨ ਹਨ।

### ਪੁਰਸ਼ਾਂ ਵਿੱਚ ਔਰਤਾਂ ਨਾਲੋਂ ਜ਼ਿਆਦਾ ਮਾਮਲੇ

ਡਾਕਟਰ ਦੱਸਦੇ ਹਨ ਕਿ ਔਰਤਾਂ ਵਿੱਚ ਐਸਟ੍ਰੋਜਨ ਹਾਰਮੋਨ ਹੁੰਦਾ ਹੈ ਅਤੇ ਪੁਰਸ਼ਾਂ ਵਿਚ ਟੇਸਟੋਸਟੇਰੋਨ। ਜਦੋਂ ਤੱਕ ਇੱਕ ਔਰਤ ਨੂੰ ਮਹਾਵਾਰੀ ਹੋ ਰਹੀ ਹੁੰਦੀ ਹੈ, ਉਸ ਦੇ ਸਰੀਰ ਵਿਚ ਮੌਜੂਦ ਐਸਟ੍ਰੋਜਨ ਹਾਰਮੋਨ ਦਾ ਪੱਧਰ ਕਾਫੀ ਵਧ ਜਾਂਦਾ ਹੈ। ਅਜਿਹੇ ਵਿੱਚ, ਜਦੋਂ ਤੱਕ ਔਰਤ ਨੂੰ ਮਾਹਵਾਰੀ ਹੁੰਦੀ ਹੈ, ਇਹ ਹਾਰਮੋਨ ਉਸ ਦੀ ਸੁਰੱਖਿਆ ਕਰਦਾ ਹੈ ਪਰ ਮੀਨੋਪੌਜ਼ ਤੋਂ ਬਾਅਦ ਉਸ ਵਿਚ ਹਾਰਟ ਅਟੈਕ ਦਾ ਖ਼ਤਰਾ ਵਧ ਜਾਂਦਾ ਹੈ। ਡਾਕਟਰ ਓਪੀ ਯਾਦਵ ਕਹਿੰਦੇ ਹਨ, '45 ਸਾਲਾ ਔਰਤਾਂ ਦੇ ਮੁਕਾਬਲੇ ਪੁਰਸ਼ਾਂ ਵਿਚ ਹਾਰਟ ਅਟੈਕ ਦੇ ਮਾਮਲੇ ਜ਼ਿਆਦਾ ਹਨ। ਇਸ ਦਾ ਅਨੁਪਾਤ 10:1 ਹੈ। ਇਸ ਦਾ ਮਤਲਬ ਇਹ ਹੈ ਕਿ ਦਸ ਪੁਰਸ਼ਾਂ ਦੀ ਤੁਲਨਾ ਵਿੱਚ ਇੱਕ ਔਰਤ ਨੂੰ ਹਾਰਟ ਅਟੈਕ ਹੁੰਦਾ ਹੈ।' ਉਨ੍ਹਾਂ ਮੁਤਾਬਕ, ਜਿਵੇਂ ਹੀ ਐਸਟ੍ਰੋਜਨ ਦਾ ਪੱਧਰ ਡਿੱਗਦਾ ਹੈ ਅਤੇ ਔਰਤ ਨੂੰ ਮੀਨੋਪੌਜ਼ ਹੁੰਦਾ ਹੈ ਤਾਂ ਹਾਰਟ ਅਟੈਕ ਦਾ ਖਦਸ਼ਾ ਵਧ ਜਾਂਦਾ ਹੈ।ਜਦਕਿ 60 ਸਾਲ ਦੀ ਉਮਰ ਵਿੱਚ ਔਰਤ ਅਤੇ ਪੁਰਸ਼ ਵਿਚਕਾਰ

(ਬਾਕੀ ਸਫ਼ਾ 31 'ਤੇ)



ਹਰਦੇਵ ਗਰੇਵਾਲ

ਨਾਵਲ

ਕਿਸ਼ਤ-9

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮੈਂ ਨਾਲ ਆਂ ਯਾਰ ਤੇਰੇ। ਜਦ ਯਾਰ ਈ ਆਖਤਾ ਤਾਂ ਫਿਰ ਆਖਤਾ, ਕੀ ਸਮਝਿਆ ?'

'ਮੈਨੂੰ ਆਪਣੀ ਫ਼ਿਕਰ ਨਹੀਂ, ਪਰ ਬੈਂਸ ਨਾਲ ਤੇਰੇ ਰਿਸ਼ਤੇ 'ਚ ਫਿੱਕ ਪੈਣੀ ਬੜੀ ਮਾੜੀ ਗੱਲ ਹੋਈ। ਤੇ ਉੱਤੋਂ ਦੀ ਭੋਗਲ ਸਾਹਬ ਕੀ ਸੋਚਣਗੇ ਯਾਰ ਤੇਰੇ ਬਾਰੇ ? ਆਖ਼ਿਰਕਾਰ ਗਿਆ ਤਾਂ ਮੈਂ ਤੇਰਾ ਸਬੌਰਡੀਨੇਟ ਬਣ ਕੇ ਈ ਸੀ ਨਾ ਯਾਰ। ਮੈਂ ਕਿਤੇ ਐਵੇਂ ਈ ਤਾਂ ਨੀ ਓਸ ਏ.ਐੱਸ.ਆਈ. ਨਾਲ਼ ਬਹੁਤਾ ਬੋਲ ਗਿਆ।'

'ਓਏ ਤੂੰ ਛੱਡ ਯਾਰ, ਐਨਾ ਨੀ ਸੋਚੀਦਾ, 'ਅਬ ਬੋਲ ਦੀਯਾ, ਤੋ ਦੇਖ ਲੇਂਗੇ।'

ਆਖ਼ਰੀ ਲਾਈਨ ਬੋਲਦਿਆਂ ਗਗਨ 'ਚ 'ਸ਼ੋਅਲੇ' ਦੇ 'ਅਮਿਤਾਭ ਬੱਚਨ' ਦੀ ਰੂਹ ਸਮਾ ਗਈ।

ਇਹੋ ਜਿਹਾ ਹੀ ਸੀ ਗਗਨ।

'ਥੈਂਕਸ ਯਾਰ, ਮੈਂ ।'

'ਲੈ ਹੁਣ ਥੈਂਕਸ ਦੀ ਪੂੰਛ ਫੜ ਲੀ। ਲੱਗਦਾ 'ਮੈਨੇ ਪਿਆਰ ਕੀਆ' ਵੀ ਨੀਂ ਦੇਖੀ ਤੂੰ। ਤੈਨੂੰ ਨੀਂ ਪਤਾ ? 'ਦੋਸਤੀ ਕਾ ਏਕ ਅਸੂਲ ਹੋਤਾ ਹੈ ਮਿਸਟਰ, ਨੋ ਸਾੱਰੀ ਨੋ ਥੈਂਕਯੂ।'

ਤੇ ਹੁਣ 'ਸਲਮਾਨ ਖ਼ਾਨ' ਵੜ ਗਿਆ ਸੀ ਓਸ 'ਚ।

'ਯਾਰ, ਤੂੰ ਕਦੇ ਸੀਰੀਅਸ ਨੀਂ ਹੋ ਸਕਦਾ ? ਵੈਸੇ ਇੱਕ ਗੱਲ ਤਾਂ ਹੈ, ਬਈ ਜੇ ਮੇਰੀ ਨੌਕਰੀ ਚਲੀ ਗਈ ਤਾਂ ਮੈਂ ਤਾਂ ਹੋ ਜਾਊਂ ਬੇਰੋਜ਼ਗਾਰ। ਪਰ ਜੇ ਕਿਤੇ ਤੇਰੇ ਨਾਲ਼ ਇਉਂ ਹੋ ਗਿਆ, ਤਾਂ ਤੇਰੇ ਕੋਲ ਤਾਂ ਆਪਸ਼ਨਾਂ ਈ ਬੜੀਆਂ ਨੇ ਯਾਰ 'ਸੰਤਗਿਰੀ' ਨਾ ਚੱਲੀ ਤਾਂ 'ਮਮਿੱਕਰੀ' ਤਾਂ ਕਿਤੇ ਨੀਂ ਗਈ।'

'ਲੈ ਆਹ ਹੋਈ ਨਾ ਗੱਲ। ਸਿੱਟ ਫਿਰ ਹੱਥ 'ਤੇ ਹੱਥ।'

ਏਨੇ ਨੂੰ ਟੇਬਲ 'ਤੇ ਪਏ ਫ਼ੋਨ ਦੀ ਘੰਟੀ ਵੱਜ ਪਈ।

ਲਾਈਨ 'ਤੇ ਭੋਗਲ ਸਾਹਬ ਦੀ ਪਰਸਨਲ ਸੈਕ੍ਰੇਟਰੀ ਸਿਮਰਨ ਸੀ।

'ਲੈ ਆ ਗਿਆ ਬਾਈ ਹਿਟਲਰ ਤੇ ਪੈ ਗਈ ਪੇਸ਼ੀ। ਮੈਂ ਜਦ ਤੱਕ ਭੁਗਤ ਆਵਾਂ ਤੂੰ ਅੱਜ ਦੀ ਰਿਪੋਰਟ ਬਣਾ ਕੇ ਟਾਈਪ ਕਰ ਲੈ।'

ਗਗਨ ਨੇ ਆਪਣੇ ਟੇਬਲ 'ਤੇ ਪਏ ਕੰਪਿਊਟਰ ਵੱਲ ਇਸ਼ਾਰਾ ਕਰਦਿਆਂ ਕਿਹਾ।

'ਪਰ ਗਗਨ, ਰਿਪੋਰਟ ਤਾਂ ਤੂੰ ਬਣਾਏਂਗਾ ਨਾ ?'

'ਨਾ ਵੀਰ ਮੇਰੇ। ਅੱਜ ਦੀ ਰਿਪੋਰਟ ਤਾਂ ਤੂੰ ਹੀ ਬਣਾਏਂਗਾ। ਤੇ ਜਿਵੇਂ ਮਰਜ਼ੀ ਬਣਾ, ਮੇਰੇ ਵੱਲੋਂ ਪੂਰੀ ਸਹਿਮਤੀ ਆ ਤੇਰੇ ਨਾਲ।'

'ਪਰ ਯਾਰ ।'

'ਬਹਿਸ ਨਾ ਕਰ ਯਾਰ। ਮੈਂ ਜਾਨਾਂ ਅੱਗੇ ਈ ਸਤਿਆ ਬੈਠਾ ਹੋਣਾ ਪਤੰਦਰ ਤੇਰਾ।'

ਗਗਨ ਦੇ ਬਾਹਰ ਨਿਕਲਦਿਆਂ ਹੀ ਤੇਜਵੀਰ ਨੇ ਮਾਨੀਟਰ ਸਕਰੀਨ ਦੇ ਅੱਗੇ ਪਈ ਕੁਰਸੀ ਮੱਲ ਕੇ, ਕੀ-ਬੋਰਡ 'ਤੇ ਉਂਗਲਾਂ ਰੱਖ ਦਿੱਤੀਆਂ ਅਤੇ ਆਪਣੇ ਕੈਰੀਅਰ ਦੀ ਸਭ ਤੋਂ ਪਹਿਲੀ ਰਿਪੋਰਟ ਤਿਆਰ ਕਰਨ ਲੱਗ ਪਿਆ।

ਭੋਗਲ ਸਾਹਬ ਨੇ ਬੈਂਸ ਦਾ ਜ਼ਿਕਰ ਕੀਤੇ ਬਿਨਾਂ ਗਗਨ ਤੋਂ ਪੂਰੀ ਘਟਨਾ ਦੀ ਜਾਣਕਾਰੀ ਲਈ। ਗਗਨ ਨੇ ਜਿਉਂ ਦਾ ਤਿਉਂ ਸਾਰਾ ਕਿੱਸਾ ਬਿਆਨ ਕਰ ਦਿੱਤਾ, ਬੈਂਸ ਨਾਲ ਹੋਈ ਗੱਲਬਾਤ ਵੀ ਤੇ ਬੈਂਸ ਤੇ ਸਰਦੂਲ ਸਿੰਘ ਦੇ ਆਪਸੀ ਤਅਾਲੁੱਕਾਤ ਵੀ।

ਭੋਗਲ ਸਾਹਬ ਨੇ ਪੂਰੇ ਠਰ੍ਹੰਮੇ ਨਾਲ ਸਾਰੀ ਗੱਲਬਾਤ ਸੁਣੀ ਤੇ ਰਿਪੋਰਟ ਬਾਰੇ ਪੁੱਛਿਆ ਤਾਂ ਗਗਨ ਨੇ ਜਵਾਬ ਦਿੱਤਾ।

'ਸਰ, ਰਿਪੋਰਟ ਤਾਂ ਅੱਜ ਦੀ ਤੇਜਵੀਰ ਦੀ ਹੀ ਏ, ਤੇ ਉਹੀ ਤਿਆਰ ਕਰ ਰਿਹਾ ਏ। ਮੇਰੇ ਈ ਕੈਬਿਨ 'ਚ ਬੈਠਾ।'

ਭੋਗਲ ਸਾਹਬ ਨੇ ਸਿਮਰਨ ਨੂੰ ਆਖ, ਤੇਜਵੀਰ ਨੂੰ ਰਿਪੋਰਟ ਸਮੇਤ ਤਲਬ ਕੀਤਾ।

ਤੇਜਵੀਰ ਦੇ ਆਉਣ ਤੱਕ ਭੋਗਲ ਸਾਹਬ ਨਿਤਾਂਤ ਗੰਭੀਰ ਮੁਦਰਾ 'ਚ, ਆਪਣੀ ਆਫ਼ਿਸ ਚੇਅਰ ਦੀ ਪੁਸ਼ਤ 'ਤੇ ਸਿਰ ਟਿਕਾ ਕੇ ਚੁੱਪਚਾਪ ਬੈਠੇ ਰਹੇ।

ਗਗਨ ਦਾ ਦਿਲ ਬੜੇ ਜ਼ੋਰਾਂ ਨਾਲ ਧੜਕ ਰਿਹਾ ਸੀ। ਭੋਗਲ ਸਾਹਬ ਨੇ ਉਸਦੀ ਸਾਰੀ ਗੱਲਬਾਤ ਸੁਣੀ ਪਰ ਆਪਣੇ ਵੱਲੋਂ ਉਸ ਮੁੱਦੇ 'ਤੇ ਇੱਕ ਲਫ਼ਜ਼ ਵੀ ਨਹੀਂ ਕਿਹਾ ਸੀ। ਭੋਗਲ ਸਾਹਬ ਦੇ ਮੌਜੂਦਾ ਮੂਡ ਦਾ ਅਨੁਮਾਨ ਲਗਾਉਣ ਵਿਚ ਉਹ ਪੂਰਣ ਤੌਰ 'ਤੇ ਅਸਫਲ ਰਿਹਾ ਸੀ।

ਤੇਜਵੀਰ ਨੇ ਦਰਵਾਜ਼ਾ ਖਟਖਟਾ ਕੇ ਅੰਦਰ ਆਉਣ ਦੀ ਇਜਾਜ਼ਤ ਲਈ ਤਾਂ ਅੰਦਰਲੇ ਮਾਹੌਲ ਦੀ ਗੰਭੀਰਤਾ ਦਾ ਅੰਦਾਜ਼ਾ ਹੁੰਦਿਆਂ ਸਾਰ ਹੀ, ਇੱਕ ਪਲ ਲਈ ਤਾਂ ਉਸਦੇ ਦਿਲ 'ਚ ਵੀ ਹੌਲ ਜਿਹਾ ਪੈ ਗਿਆ। ਭੋਗਲ ਸਾਹਬ ਦਾ ਗੰਭੀਰ ਚਿਹਰਾ ਉਸਨੂੰ ਹੋਰ ਵੀ ਜ਼ਿਆਦਾ ਗੰਭੀਰ ਨਜ਼ਰ ਆਇਆ। ਗਗਨ ਦੇ ਚਿਹਰੇ 'ਤੇ ਬਾਰਾਂ ਵੱਜੇ ਹੋਏ ਸਨ।

'ਕਮ ਤੇਜਵੀਰ, ਸਿਟ।' ਭੋਗਲ ਸਾਹਬ ਨੇ ਅੱਤ ਗੰਭੀਰ ਸੁਰ 'ਚ ਕਿਹਾ।

ਆਪਣੇ ਆਪ ਨੂੰ ਕਿਸੇ ਵੀ ਸਥਿਤੀ ਨਾਲ ਦੋ-ਚਾਰ ਹੋਣ ਲਈ ਪਹਿਲਾਂ ਤੋਂ ਹੀ ਤਿਆਰ ਕਰੀ ਬੈਠੇ ਤੇਜਵੀਰ ਨੇ ਮੌਜੂਦਾ ਮਾਹੌਲ 'ਚ ਆਪਣੇ ਆਪ ਨੂੰ ਸੰਤੁਲਿਤ ਕੀਤਾ ਅਤੇ ਗਗਨ ਦੀ ਬਗਲ ਵਾਲੀ ਸੀਟ 'ਤੇ ਬੈਠ ਗਿਆ।

'ਤੇਜਵੀਰ, ਅੱਜ ਦੀ ਆਪਣੀ ਕਾਰਗੁਜ਼ਾਰੀ 'ਤੇ ਤੈਨੂੰ ਕੋਈ ਅਫ਼ਸੋਸ ਹੈ ?'

ਭੋਗਲ ਸਾਹਬ ਨੇ ਆਪਣੀ ਸੁਰ ਦੀ ਗੰਭੀਰਤਾ ਨੂੰ ਬਰਕਰਾਰ ਰੱਖਦਿਆਂ ਹੋਇਆਂ ਸਵਾਲ ਕੀਤਾ।

ਬਿਨਾਂ ਕਿਸੇ ਭੂਮਿਕਾ ਬੰਨ੍ਹਣ ਦੇ ਅਚਾਨਕ ਪੁੱਛੇ ਇਸ ਸਵਾਲ ਨਾਲ ਤੇਜਵੀਰ ਤੇ ਗਗਨ, ਦੋਹਾਂ ਨੂੰ ਬੜੀ ਹੈਰਾਨੀ ਹੋਈ। ਆਸ ਦੀ ਮਾੜੀ ਮੋਟੀ ਕਿਰਨ ਵੀ ਗਗਨ ਨੂੰ ਧੁੰਦਲੀ ਹੁੰਦੀ ਜਾਪੀ।

'ਆਈ ਐਮ ਸਾੱਰੀ ਟੂ ਸੇ ਸਰ, ਬੱਟ ਮੈਨੂੰ ਕਿਸੇ ਵੀ ਗੱਲ 'ਤੇ ਕੋਈ ਅਫ਼ਸੋਸ ਨਹੀਂ।' ਤੇਜਵੀਰ ਨੇ ਮੱਧਮ ਜਿਹੀ ਪਰ ਸੰਤੁਲਿਤ ਆਵਾਜ਼ 'ਚ ਉੱਤਰ ਦਿੱਤਾ।

'ਪਤੰਦਰਾ ਜੇ ਅਫ਼ਸੋਸ ਕਰ ਲੈਂਦਾ, ਤਾਂ ਕੀ ਤੇਰੇ ਕੋਈ ਗੋਲ਼ਾ ਵੱਜਣ ਲੱਗਾ ਸੀ ?'

ਸੋਚਦਿਆਂ ਗਗਨ ਨੂੰ ਰਹਿੰਦੀ-ਖੂੰਹਦੀ ਆਸ ਵੀ ਗੁਆਚਦੀ ਲੱਗੀ।

'ਡੋਂਟ ਯੂ ਥਿੰਕ ਕਿ ਤੂੰ ਓਵਰ ਰੀਐਕਟ ਕੀਤਾ ? ਜੇ ਉਸ ਆਫ਼ਿਸਰ ਨੇ ਤੇਰੇ ਨਾਲ ਬਦਜ਼ੁਬਾਨੀ ਕੀਤੀ, ਆਪਣਾ ਗ਼ੈਰ ਵਾਜਿਬ ਪੁਲਸੀਆ ਰੋਅਬ ਦਿਖਾਇਆ, ਤਾਂ ਤੈਨੂੰ ਨਹੀਂ ਲੱਗਦਾ ਕਿ ਤੂੰ ਵੀ ਆਪਣੀ ਪੱਤਰਕਾਰੀ ਦਾ ਰੋਅਬ ਗ਼ਾਲਿਬ ਕਰਨ ਦੀ ਬੇਵਜ੍ਹਾ ਕੋਸ਼ਿਸ਼ ਕੀਤੀ ? ਸਪੋਜ਼ ਤੂੰ ਓਥੇ ਇੱਕ ਪੱਤਰਕਾਰ ਦੀ ਹੈਸੀਅਤ 'ਤੇ ਨਾ ਹੋ ਕੇ, ਇੱਕ ਆਮ ਸ਼ਹਿਰੀ ਵਾਂਗ ਮੌਜੂਦ ਹੁੰਦਾ ਤਾਂ ਸ਼ਾਇਦ ਇੱਕ ਪੁਲਿਸ ਆਫ਼ਿਸਰ ਨਾਲ ਇਉਂ ਬਹਿਸਬਾਜ਼ੀ ਕਰਨ ਦੀ ਤੇਰੀ ਹਿੰਮਤ ਨਾ ਪੈਂਦੀ ? ਕੀ ਇੱਕ ਪੱਤਰਕਾਰ ਬਣ ਜਾਣ ਨਾਲ ਆਏ ਗ਼ਰੂਰ ਦਾ ਮੁਜ਼ਾਹਰਾ ਭਰ ਨਹੀਂ ਸੀ ਤੇਰਾ ਉਹ ਬਿਹੇਵਿਅਰ ਤੇਜਵੀਰ ? ਕੀ ਇੱਕ ਪੁਲਸੀਆ ਗ਼ਰੂਰ ਵਰਸਿਜ਼ ਪੱਤਰਕਾਰੀ ਗ਼ਰੂਰ ਦਾ ਮੁਜ਼ਾਹਰਾ ਨਹੀਂ ਹੋਇਆ ਉਥੇ ? ਕੀ ਤੈਨੂੰ ਨਹੀਂ ਲੱਗਦਾ ਕਿ ਤੈਨੂੰ ਆਪਣੇ ਕੰਮ ਨਾਲ ਮਤਲਬ ਰੱਖਣਾ ਚਾਹੀਦਾ ਸੀ ਬਜਾਏ ਇੱਕ ਪੁਲਿਸਮੈਨ ਨੂੰ ਉਸਦੀ ਡਿਊਟੀ ਸਮਝਾਉਣ ਦੇ ? ਕੀ ਇਹ ਤੇਰਾ ਕੰਮ ਸੀ ਤੇਜਵੀਰ ? ਕੀ ਤੈਨੂੰ ਨਹੀਂ ਲੱਗਦਾ ਕਿ ਤੂੰ ਆਪਣਾ ਫ਼ਰਜ਼ ਨਿਭਾਉਣ ਦੀ ਬਜਾਏ, ਓਸ ਪੁਲਿਸਮੈਨ ਨੂੰ ਉਸਦੇ ਫ਼ਰਜ਼ ਯਾਦ ਦੁਆਉਣ ਦੀ ਗ਼ੈਰਜ਼ਰੂਰੀ ਕੋਸ਼ਿਸ਼ ਕੀਤੀ ਹੈ ? ਕੀ ਤੂੰ ਇੱਕ ਬਾਇੱਜ਼ਤ ਅਖ਼ਬਾਰ ਦੇ ਸਟੇਟਸ ਦਾ ਨਾਜਾਇਜ਼ ਫ਼ਾਇਦਾ ਨਹੀਂ ਉਠਾਇਆ, ਓਸ ਪੁਲਿਸਮੈਨ ਨੂੰ ਆਪਣੀ ਕਲਮ ਦੀ ਤਾਕਤ ਦਿਖਾਉਣ ਦਾ ਚੈਲੇਂਜ ਕਰ ਕੇ ? ਔਰ ਤੈਨੂੰ ਆਪਣੀ ਇਸ ਕਾਰਗੁਜ਼ਾਰੀ 'ਤੇ ਕੋਈ ਅਫ਼ਸੋਸ ਵੀ ਨਹੀਂ ?'

'ਲੈ ਵੜ ਗਈ ਮੱਝ ਗਾਰੇ 'ਚ। ਮਾਫ਼ੀ ਮੰਗ ਲੈਂਦਾ ਕੰਜਰਾ, ਖੁੱਲ੍ਹਗੇ ਹਿਟਲਰ ਦੀਆਂ ਤੋਪਾਂ ਦੇ ਮੂੰਹ, ਹੁਣ ਕਰ ਲਉ ਘਿਉ ਨੂੰ ਭਾਂਡਾ।'



ਗਗਨ ਦੀਆਂ ਆਸਾਂ ਦੀ ਪਤੰਗ 'ਬੋ-ਕਾਟਾ' ਹੋ ਗਈ।

ਤੇਜਵੀਰ ਨੇ ਬੜੇ ਠਰ੍ਹੰਮੇ ਨਾਲ, ਬੜੀ ਸੰਤੁਲਿਤ ਆਵਾਜ਼ 'ਚ ਉੱਤਰ ਦੇਣਾ ਸ਼ੁਰੂ ਕੀਤਾ।

'ਗ਼ੁਸਤਾਖ਼ੀ ਮਾਫ਼ ਸਰ, ਮੈਨੂੰ ਨਹੀਂ ਲੱਗਦਾ ਕਿ ਮੈਂ ਕੋਈ ਓਵਰ ਰੀਐਕਟ ਕੀਤਾ ਸੀ। ਉਸ ਪੁਲਿਸ ਅਫ਼ਸਰ ਨੂੰ ਜਵਾਬ ਦੇਣ ਪਿੱਛੇ ਮੇਰੀ ਮਨਸ਼ਾ ਕੋਈ ਆਪਣਾ ਗ਼ਰੂਰ ਸ਼ਾਂਤ ਕਰਨ ਦੀ ਨਹੀਂ ਸੀ ਸਰ, ਈਵਨ ਸੱਚ ਕਹਾਂ ਤਾਂ ਆਪਣੇ ਆਤਮ-ਸਨਮਾਨ ਦੀ ਰੱਖਿਆ ਕਰਨਾ ਵੀ ਨਹੀਂ ਸੀ। ਉਸ ਵਕਤ ਓਸ ਜਗ੍ਹਾ 'ਤੇ ਮੈਂ ਤੇਜਵੀਰ ਹੋਣ ਦੇ ਨਾਤੇ ਤਾਂ ਮੌਜੂਦ ਹੀ ਨਹੀਂ ਸੀ ਸਰ, ਉਸ ਵਕਤ ਓਸ ਜਗ੍ਹਾ 'ਤੇ ਤਾਂ ਮੈਂ ਪੰਜਾਬ ਦੇ ਨਾਮਵਰ, ਬਾਇੱਜ਼ਤ ਅਖ਼ਬਾਰ 'ਰੋਜ਼ਾਨਾ ਖ਼ਬਰਨਾਮਾ' ਦੇ ਇੱਕ ਪੱਤਰਕਾਰ ਦੀ ਹੈਸੀਅਤ ਨਾਲ ਮੌਜੂਦ ਸੀ। ਉਸ ਪੁਲਿਸ ਅਫ਼ਸਰ ਨੂੰ ਸਵਾਲ ਕਿਸੇ ਤੇਜਵੀਰ ਨਾਂ ਦੇ ਆਮ ਸ਼ਹਿਰੀ ਨੇ ਨਹੀਂ ਸਰ, ਬਲਕਿ 'ਆਵਾਮ ਦੀ ਆਵਾਜ਼' ਇੱਕ ਪੱਤਰਕਾਰ ਨੇ ਪੁੱਛੇ ਸਨ। ਤੁਸੀਂ ਬਿਲਕੁਲ ਠੀਕ ਕਿਹਾ ਸਰ ਕਿ ਅਗਰ ਮੈਂ ਉਥੇ ਇੱਕ ਪੱਤਰਕਾਰ ਦੀ ਹੈਸੀਅਤ ਨਾਲ ਨਾ ਹੁੰਦਾ ਤਾਂ ਉਸ ਪੁਲਿਸ ਅਫ਼ਸਰ ਨਾਲ ਬਹਿਸ ਕਰਨ ਦੀ ਮੇਰੀ ਹਿੰਮਤ ਨਾ ਪੈਂਦੀ। ਸਵਾਲ ਕਰਨੇ ਤਾਂ ਦੂਰ ਦੀ ਗੱਲ ਸਰ, ਸਾਹਮਣਿਓਂ ਵੀ ਨਾ ਗੁਜ਼ਰਦਾ, ਬਲਕਿ ਕਤਰਾ ਕੇ ਗੁਜ਼ਰ ਜਾਂਦਾ। ਇੱਕ ਆਮ ਸ਼ਹਿਰੀ ਇਹੋ ਕੁਝ ਤਾਂ ਕਰਦਾ ਹੈ ਸਰ, ਪਰ ਮੈਂ ਉਥੇ ਇੱਕ ਆਮ ਸ਼ਹਿਰੀ ਨਹੀਂ ਸੀ ਸਰ, ਇੱਕ ਪੱਤਰਕਾਰ ਸੀ। ਇੱਕ ਆਮ ਆਦਮੀ ਦੀ ਕੀ ਬਿਸਾਤ ਸਰ, ਕਿ ਵਰਦੀ ਦੀ ਪਾਵਰ ਦੇ ਨਸ਼ੇ 'ਚ ਚੂਰ ਇੱਕ ਪੁਲਿਸ ਅਫ਼ਸਰ ਦੇ ਮੂੰਹ ਲੱਗ ਜਾਵੇ ? ਉਹ ਤਾਂ ਵਰਦੀ ਦੇ ਪਰਛਾਵੇਂ ਤੋਂ ਵੀ ਤ੍ਰਹਿ ਕੇ ਲੰਘਦਾ ਏ। ਕਿੰਨੀ ਹੈਰਾਨੀ ਦੀ ਗੱਲ ਏ ਸਰ ਕਿ ਆਪਣੀ ਜਾਨੋ-ਮਾਲ ਦੇ ਰਖਵਾਲੇ ਇੱਕ ਪੁਲਿਸਵਾਲੇ ਤੋਂ ਲੋਕ ਆਪਣੀ ਜਾਨੋ-ਮਾਲ ਬਚਾ ਕੇ, ਡਰਦੇ ਮਾਰੇ ਕਤਰਾ ਕੇ ਗੁਜ਼ਰ ਜਾਂਦੇ ਨੇ। ਕਹਿਣ ਨੂੰ ਤਾਂ ਸਰ 'ਪੁਲਿਸ ਜਨਤਾ ਦੀ ਸੇਵਕ ਹੈ' ਦੇ ਨਾਅਰੇ ਬੁਲੰਦ ਕੀਤੇ ਜਾਂਦੇ ਨੇ, ਥਾਂ-ਥਾਂ 'ਤੇ ਇਸ਼ਤਿਹਾਰ ਲਗਾਏ ਜਾਂਦੇ ਨੇ, ਪਰ ਇੱਕ ਆਮ ਆਦਮੀ ਦੀ ਮਜਾਲ ਏ ਕਿ ਕਿਸੇ ਵਰਦੀ ਵਾਲੇ ਤੋਂ ਉਸਦੀ ਡਿਊਟੀ ਬਾਰੇ ਕੋਈ ਸਵਾਲ ਕਰ ਜਾਵੇ ? ਕੀ ਆਪਣੀ ਡਿਊਟੀ ਤੋਂ ਕੁਤਾਹੀ ਕਰਨ ਵਾਲੇ ਮੁਲਾਜ਼ਿਮਾਂ, ਭਾਵੇਂ ਉਹ ਪੁਲਿਸ ਮਹਿਕਮੇ ਦਾ ਹੋਵੇ ਜਾਂ ਕੋਈ ਹੋਰ, ਤੋਂ ਸਵਾਲ ਪੁੱਛਣ ਦਾ ਹੱਕ ਇੱਕ ਆਮ ਸ਼ਹਿਰੀ ਨੂੰ ਨਹੀਂ ਹੈ ਸਰ ? ਪਰ ਕੀ ਇੱਕ ਆਮ ਆਦਮੀ ਨੂੰ ਉਸਦੇ ਸਵਾਲਾਂ ਦਾ ਜਵਾਬ ਮਿਲ ਜਾਂਦਾ ਹੈ ਸਰ ? ਤੇ ਖ਼ਾਸਕਰ ਪੁਲਿਸ ਮਹਿਕਮੇ ਤੋਂ ਤਾਂ ਆਮ ਆਦਮੀ ਸਵਾਲ ਪੁੱਛਣ ਦਾ ਹਿਆਂ ਹੀ ਨਹੀਂ ਕਰ ਪਾਉਂਦਾ। ਤਾਂ ਫਿਰ ਸਵਾਲ ਪੁੱਛੇਗਾ ਕੌਣ ਸਰ ? ਜਵਾਬ ਹੈ- ਅਸੀਂ ਸਰ, ਮੀਡੀਆ, ਮੈਂ ਵੀ ਤਾਂ ਬੱਸ ਇਹੀ ਕੀਤਾ ਸਰ, ਉਸ ਪੁਲਿਸ ਵਾਲੇ ਨੂੰ ਉਸਦੀ ਡਿਊਟੀ ਯਾਦ ਦੁਆਣਾ ਵੀ ਮੇਰਾ ਫ਼ਰਜ਼ ਸੀ ਸਰ, ਮੈਂ ਉਹੋ ਪੂਰਾ ਕੀਤਾ। ਉਸ ਪੁਲਿਸਵਾਲੇ ਨੇ ਆਵਾਮ ਦੀ ਆਵਾਜ਼, ਇੱਕ ਪੱਤਰਕਾਰ ਨੂੰ ਐਰਾ-ਗ਼ੈਰਾ, ਨੱਥੂ-ਖ਼ੈਰਾ ਕਿਹਾ। ਵਰਦੀ ਦਾ ਨਾਜਾਇਜ਼ ਰੋਅਬ ਝਾੜਿਆ, ਬਦਜ਼ੁਬਾਨੀ ਕੀਤੀ, ਗਾਲ੍ਹ ਕੱਢੀ। ਇਸ ਤਰ੍ਹਾਂ ਟਰੀਟ ਕੀਤਾ ਜਿਵੇਂ ਉਸਦੇ ਸਾਹਮਣੇ ਇੱਕ ਬਾਇੱਜ਼ਤ, ਨਾਮਵਰ, ਕੱਦਾਵਰ ਅਖ਼ਬਾਰ ਦਾ ਪੱਤਰਕਾਰ ਨਹੀਂ, ਬਲਕਿ ਕੋਈ ਗੁੰਡਾ-ਬਦਮਾਸ਼ ਹੋਵੇ। ਜੇ ਮੈਂ ਪਰਸਨਲ ਲੈਵਲ 'ਤੇ ਉਸਦੇ ਰੋਅਬ ਦਾ ਜਵਾਬ ਰੋਅਬ ਨਾਲ਼ ਦਿੱਤਾ ਹੁੰਦਾ, ਆਪਣੇ ਗ਼ਰੂਰ 'ਤੇ ਲੱਗੀ ਚੋਟ ਦਾ ਜਵਾਬ ਚੋਟ ਨਾਲ ਦਿੱਤਾ ਹੁੰਦਾ ਤਾਂ ਉਸਦੀ ਗਾਲ੍ਹ ਦਾ ਜਵਾਬ ਗਾਲ਼ 'ਚ ਹੀ ਦਿੰਦਾ ਸਰ, ਬਦਜ਼ੁਬਾਨੀ ਦਾ ਜਵਾਬ ਬਦਜ਼ੁਬਾਨੀ ਨਾਲ ਦਿੰਦਾ ਸਰ, ਪਰ ਮੈਂ ਮਹਿਜ਼ ਉਸਦੇ ਸੁਆਲਾਂ ਦਾ ਜਵਾਬ ਹੀ ਦਿੱਤਾ ਸਰ ਉਸਨੂੰ। ਆਪਣੇ ਆਪ ਨੂੰ ਰੱਬ ਤੋਂ ਦੋ ਹੱਥ ਉੱਪਰ ਸਮਝਣ ਵਾਲੇ ਉਸ ਪੁਲਿਸ ਵਾਲ਼ੇ ਨੂੰ ਉਸਦੀ ਹੈਸੀਅਤ ਸਮਝਾਈ। ਉਸ ਨੂੰ ਯਾਦ ਦੁਆਉਣ ਦੀ ਕੋਸ਼ਿਸ਼ ਕੀਤੀ ਕਿ ਪੁਲਿਸ ਦਾ ਪਰਮ ਕਰਤੱਵ ਲੋਕਾਂ ਦੇ ਜਾਨੋ-ਮਾਲ ਦੀ ਰੱਖਿਆ ਕਰਨਾ ਹੈ, ਨਾ ਕਿ ਬਾਇੱਜ਼ਤ ਸ਼ਹਿਰੀਆਂ 'ਤੇ ਆਪਣਾ ਰੋਅਬ ਝਾੜਨਾ। ਵਰਦੀ ਦੀ ਦਹਿਸ਼ਤ ਗੁੰਡੇ-ਬਦਮਾਸ਼ਾਂ ਲਈ ਹੈ, ਨਾ ਕਿ ਕਿਸੇ ਆਮ ਸ਼ਹਿਰੀ ਲਈ। ਹਾਂ ਸਰ, ਮੈਂ ਉਸਨੂੰ ਜ਼ਰੂਰ ਕਿਹਾ ਕਿ ਉਸਨੇ ਹਾਲੇ ਕਲਮ ਦੀ ਤਾਕਤ ਨਹੀਂ ਦੇਖੀ। ਇਹ ਗੱਲ ਕਹਿਣ ਤੋਂ ਮੇਰਾ ਮਤਲਬ ਉਸਦੀ ਵਰਦੀ ਨੂੰ ਚੈਲੇਂਜ ਕਰਨਾ ਨਹੀਂ ਸੀ ਸਰ, ਬਲਕਿ ਉਸ ਤਾਕਤ ਦੀ ਨਾਜਾਇਜ਼ ਵਰਤੋਂ ਦੀ ਖ਼ਿਲਾਫ਼ਤ ਸੀ। ਤੇ ਕਲਮ ਦੀ ਤਾਕਤ ਇਹੋ ਜਿਹੇ ਤਾਨਾਸ਼ਾਹੀ ਪ੍ਰਵਿਰਤੀ ਵਾਲੇ ਲੋਕਾਂ ਦੀ ਅਕਲ ਠਿਕਾਣੇ ਲਾਉਣ ਲਈ ਹੀ ਤਾਂ ਹੈ ਸਰ ! ਇਸੇ ਲਈ ਹੀ ਤਾਂ ਕਿਹਾ ਜਾਂਦਾ ਹੈ ਸਰ ਕਿ- 'ਖੀਂਚੋ ਨਾ ਕਮਾਨੋਂ ਕੋ ਨਾ ਤਲਵਾਰ ਨਿਕਾਲੋ, ਜਬ ਤੋਪ ਮੁਕਾਬਿਲ ਹੋ ਤੋ ਅਖ਼ਬਾਰ ਨਿਕਾਲੋ'। ਬੱਸ, ਆਪਣੀ ਸਫ਼ਾਈ 'ਚ ਮੈਂ ਇਹੋ ਹੀ ਕਹਿਣਾ ਚਾਹੁੰਦਾ ਹਾਂ ਸਰ।'

'ਬੰਦਾ ਐ ਕਿ ਤੋਪ ਦਾ ਗੋਲ਼ਾ ਇਹ ਪਤੰਦਰ।'

ਸੋਚਦਾ ਗਗਨ ਡੌਰ-ਭੌਰ ਜਿਹਾ ਤੇਜਵੀਰ ਦੇ ਚਿਹਰੇ ਵੱਲ ਮੂੰਹ-ਅੱਡੀ ਦੇਖੀ ਜਾ ਰਿਹਾ ਸੀ।

'ਗਿਵ ਮੀ ਯੁਅਰ ਰਿਪੋਰਟ।'

ਤੇਜਵੀਰ ਦੇ ਜਵਾਬ 'ਤੇ ਕੋਈ ਪ੍ਰਤੀਕਿਰਿਆ ਕੀਤੇ ਬਗ਼ੈਰ, ਭੋਗਲ ਸਾਹਬ ਨੇ ਹੱਥ ਅੱਗੇ ਵਧਾਇਆ।

ਤੇਜਵੀਰ ਨੇ ਚੁੱਪਚਾਪ ਰਿਪੋਰਟ ਵਾਲ਼ੇ ਕਾਗ਼ਜ਼ ਭੋਗਲ ਸਾਹਬ ਨੂੰ ਸੌਂਪ ਦਿੱਤੇ।

ਆਪਣੇ ਕੀਮਤੀ ਨਜ਼ਰ ਦੇ ਚਸ਼ਮੇ ਰਾਹੀਂ ਭੋਗਲ ਸਾਹਬ ਰਿਪੋਰਟ ਨੂੰ ਬੜੇ ਗੌਰ ਨਾਲ ਪੜ੍ਹਨ ਲੱਗ ਪਏ।

ਕੈਬਿਨ 'ਚ ਚੁੱਪ ਵਰਤ ਗਈ।

ਭਰਪੂਰ ਕੋਸ਼ਿਸ਼ ਦੇ ਬਾਵਜੂਦ ਵੀ ਮੌਜੂਦਾ ਮਾਹੌਲ ਗਗਨ ਦੀ ਸਮਝ ਦੇ ਦਾਇਰੇ 'ਚ ਨਹੀਂ ਆ ਰਿਹਾ ਸੀ।

ਰਿਪੋਰਟ ਦਾ ਆਖ਼ਰੀ ਪੰਨਾ ਪਲਟ ਕੇ ਭੋਗਲ ਸਾਹਬ ਆਪਣੀ ਸੀਟ ਤੋਂ ਉੱਠ ਖੜ੍ਹੇ ਹੋਏ।

ਉਨ੍ਹਾਂ ਦੇ ਇਸ ਅਚਨਚੇਤੀ ਐਕਸ਼ਨ ਤੋਂ ਹੜਬੜਾ ਕੇ, ਉਹ ਦੋਨੋਂ ਵੀ ਆਪੋ-ਆਪਣੀਆਂ ਸੀਟਾਂ 'ਤੋਂ ਉੱਠ ਖਲੋਏ।

ਭੋਗਲ ਸਾਹਬ ਨੇ ਬਿਨਾਂ ਕੁਝ ਬੋਲੇ, ਆਪਣੀ ਵਿਸ਼ਾਲਾਕਾਰ ਆਫ਼ਿਸ ਟੇਬਲ ਦੇ ਉੱਤੋਂ ਦੀ ਘੇਰਾ ਕੱਟਿਆ ਤੇ ਤੇਜਵੀਰ ਦੇ ਸਾਹਮਣੇ ਜਾ ਖੜ੍ਹੇ ਹੋਏ।

ਸੰਤੁਲਿਤ ਰਹਿਣ ਦੀ ਭਰਪੂਰ ਕੋਸ਼ਿਸ਼ ਦੇ ਬਾਵਜੂਦ ਤੇਜਵੀਰ ਦਾ ਦਿਲ ਬੜੇ ਜ਼ੋਰ ਨਾਲ਼ ਧੜਕਣ ਲੱਗ ਪਿਆ।

ਭੋਗਲ ਸਾਹਬ ਨੇ ਤੇਜਵੀਰ ਨੂੰ ਸਿਰ ਤੋਂ ਪੈਰਾਂ ਤੱਕ ਬੜੇ ਗ਼ੌਰ ਨਾਲ ਵੇਖਿਆ, ਤੇ ਫਿਰ ਉਨ੍ਹਾਂ ਆਪਣੇ ਸੱਜੇ ਹੱਥ ਨਾਲ਼ ਤੇਜਵੀਰ ਦਾ ਖੱਬਾ ਮੋਢਾ ਫੜ ਕੇ ਹਲੂਣਦਿਆਂ ਹੋਇਆਂ ਆਖਿਆ।

'ਸ਼ਾਬਾਸ਼, ਵੈੱਲ ਡਨ ਮਾਈ ਬੁਆਏ, ਵੈੱਲ ਡਨ'

'ਥ-ਥੈਂਕਯੂ ਸਰ।'

ਨੌਕਰੀ ਦੀ ਆਸ ਗੁਆ ਚੁੱਕੇ ਤੇਜਵੀਰ ਦੇ ਮੂੰਹੋਂ ਬੜੀ ਮੁਸ਼ਕਿਲ ਨਾਲ ਨਿਕਲਿਆ।

ਇਸ ਨਿਰਾਲੇ ਨਜ਼ਾਰੇ ਦੇ ਦਰਸ਼ਨ ਕਰਦਿਆਂ, ਗਗਨ ਦਾ ਮੂੰਹ ਹੈਰਾਨੀ ਨਾਲ਼ ਅੱਡੇ ਦਾ ਅੱਡਿਆ ਰਹਿ ਗਿਆ।

'ਜਾਦੂਗਰ ਐ ਪਤੰਦਰ, ਜਾਦੂਗਰ।'

'ਆਈ ਐਮ ਪਰਾਊਡ ਆੱਵ ਯੂ ਮਾਈ ਬੁਆਏ।' ਕਹਿਕੇ ਭੋਗਲ ਸਾਹਬ ਆਪਣੀ ਸੀਟ 'ਤੇ ਪਰਤ ਗਏ।

'ਸਿਟ, ਸਿਟ,' ਉਨ੍ਹਾਂ ਨੂੰ ਹੱਥ ਨਾਲ ਬੈਠਣ ਦਾ ਇਸ਼ਾਰਾ ਕਰ, ਭੋਗਲ ਸਾਹਬ ਆਪਣੀ ਸੀਟ 'ਤੇ ਵਿਰਾਜਮਾਨ ਹੋ ਗਏ।

'ਤੇਜਵੀਰ, ਤੈਨੂੰ ਦੇਖ ਕੇ ਅੱਜ ਇਸ ਓਲਡਮੈਨ ਨੂੰ ਆਪਣੀ ਜਵਾਨੀ ਯਾਦ ਆ ਗਈ ਮਾਈ ਬੁਆਏ। ਇਹੀ ਸੋਚ, ਇਹੀ ਜੋਸ਼ ਤੇ ਇਹੀ ਵਿਸ਼ਵਾਸ ਲੈ ਕੇ ਮੈਂ ਇਹ ਅਖ਼ਬਾਰ ਸ਼ੁਰੂ ਕੀਤਾ ਸੀ।

'ਰੋਜ਼ਾਨਾ ਖ਼ਬਰਨਾਮਾ' ਮੇਰੇ ਲਈ ਕੋਈ ਬਿਜ਼ਨਸ ਨਹੀਂ ਬਲਕਿ ਇੱਕ ਮਿਸ਼ਨ ਹੈ। ਮੇਰੇ ਦੇਸ਼, ਮੇਰੇ ਸਮਾਜ, ਮੇਰੇ ਮਾਅਸ਼ਰੇ ਪ੍ਰਤੀ ਮੇਰੀ ਜ਼ਿੰਮੇਵਾਰੀ ਦੀ ਭਾਵਨਾ ਹੈ। 'ਦੇਅਰ ਇਜ਼ ਨੋ ਹੋਪ' ਕਹਿਣ ਵਾਲ਼ੇ ਇਸ ਬਜ਼ੁਰਗ ਆਦਮੀ 'ਚ ਇੱਕ ਨਵਾਂ ਜੋਸ਼ ਆ ਗਿਆ ਬੇਟਾ ਤੈਨੂੰ ਦੇਖ ਕੇ। ਨਾਓ ਆਈ ਕੈਨ ਸੇ 'ਦੇਅਰ ਇਜ਼ ਸਟਿੱਲ ਹੋਪ'। ਯੁਅਰ ਪੇਰੇਂਟਸ ਮਸਟ ਹੈਵ ਪਰਾਊਡ ਆੱਵ ਯੂ ਮਾਈ ਬੁਆਏ। ਮੈਂ ਜ਼ਰੂਰ ਉਨ੍ਹਾਂ ਨੂੰ ਮਿਲਕੇ ਮੁਬਾਰਕਬਾਦ ਦੇਣੀ ਚਾਹਾਂਗਾ।'

'ਆਈ ਐਮ ਸਾੱਰੀ ਸਰ, ਬੱਟ ਦੇ ਆਰ ਨੋ ਮੋਰ।' ਕਹਿੰਦਿਆਂ ਤੇਜਵੀਰ ਦੇ ਚਿਹਰੇ 'ਤੇ ਗਹਿਨ ਉਦਾਸੀ ਦੇ ਬੱਦਲ ਛਾ ਗਏ।

'ਓਹ, ਆਈ ਐਮ ਐਕਸਟ੍ਰੀਮਲੀ ਸਾੱਰੀ ਸਨ। ਹਾਓ ਅਨਫ਼ੌਰਚੁਨੇਟ ਆੱਵ ਮੀ ਕਿ ਉਨ੍ਹਾਂ ਨੂੰ ਮਿਲਣ ਦਾ ਮੌਕਾ ਮੈਨੂੰ ਨਹੀਂ ਮਿਲ ਸਕਿਆ। ਬੱਟ ਆਈ ਐਮ ਸ਼ਯੋਰ ਦੈਟ ਦੇ ਮਸਟ ਬੀ ਵੈਰੀ ਗੁੱਡ ਹਿਊਮਨਬੀਂਗਜ਼। ਤਾਂ ਹੀ ਤਾਂ ਉਨ੍ਹਾਂ ਦੇ ਸੰਸਕਾਰ ਇਹ ਰੰਗ ਲਿਆਏ ਨੇ।' ਭੋਗਲ ਸਾਹਬ ਵੀ ਜਜ਼ਬਾਤੀ ਹੋਏ ਤੋਂ ਬਿਨਾਂ ਨਾ ਰਹਿ ਸਕੇ।

(ਚਲਦਾ)

ਕਹਾਣੀ

ਕਿਸ਼ਤ ਪਹਿਲੀ

# ਸੱਪਾਂ ਵਾਲਾ ਪਹਾੜ ਅਤੇ ਦੁਸ਼ਮਣੀ ਦੀ ਬੂਅ



ਜਸਬੀਰ ਭੁੱਲਰ

ਇਹ ਕੋਈ ਕਹਾਣੀ ਨਹੀਂ, ਮੇਰੇ ਫ਼ੌਜੀ ਕਿੱਤੇ ਦੇ ਸ਼ੁਰੂ ਵਾਲੇ ਸਮੇਂ ਵਾਪਰੀ ਇੱਕ ਘਟਨਾ ਦਾ ਚਿੱਠਾ ਹੈ। ਫਿਰ ਇੱਕ ਹੋਰ ਘਟਨਾ ਵਾਪਰੀ ਤੇ ਇੱਕ ਕਹਾਣੀ ਨੇ ਜਨਮ ਲਿਆ। ਮੈਂ ਉਦੋਂ ਜੰਮੂ-ਕਸ਼ਮੀਰ ਪ੍ਰਾਂਤ ਦੇ ਮੁਹਾਜ਼ ਉੱਤੇ ਤਾਇਨਾਤ ਸਾਂ। ਮੇਰੀ ਕੰਪਨੀ ਇੱਕ ਬੇਢੱਬੇ ਜਿਹੇ ਪਹਾੜ ਉੱਤੇ ਤਾਇਨਾਤ ਸੀ। ਉੱਥੇ ਅਫ਼ਸਰਾਂ ਦੇ ਰਹਿਣ ਲਈ ਕੱਚੇ ਬੰਕਰ ਸਨ। ਉਹ ਬੰਕਰ ਜ਼ਮੀਨ ਦੇ ਧਰਾਤਲ ਤੋਂ ਢਾਈ-ਤਿੰਨ ਫੁੱਟ ਨੀਵੇਂ ਸਨ।

ਪਹਿਲਾਂ ਉੱਥੇ ਤੋਪਖਾਨੇ ਵਾਲੇ ਹੁੰਦੇ ਸਨ। ਉਹ ਟੋਏ ਪਹਿਲੋਂ ਉਨ੍ਹਾਂ ਦੀਆਂ ਤੋਪਾਂ ਦੇ ਮੋਰਚੇ ਸਨ। ਉਨ੍ਹਾਂ ਟੋਇਆਂ ਨੂੰ ਮੇਰੀ ਕੰਪਨੀ ਵਾਲਿਆਂ ਨੇ ਬੰਕਰਾਂ ਦਾ ਰੂਪ ਦੇ ਦਿੱਤਾ ਸੀ। ਉਸ ਪਹਾੜ ਦੇ ਪੈਰਾਂ ਕੋਲ ਪਹਾੜੀ ਨਦੀ ਵਗਦੀ ਸੀ। ਰਾਤ ਵੇਲੇ ਪਾਣੀ ਦਾ ਪੱਥਰਾਂ ਨਾਲ ਖਹਿਣ ਦਾ ਰੌਲਾ ਬਹੁਤ ਉੱਚਾ ਸੁਣਦਾ ਸੀ ਜਿਵੇਂ ਬੰਕਰਾਂ ਨੂੰ ਆਪਣੀ ਗਲਵਕੜੀ ਵਿੱਚ ਲੈਣ ਲਈ ਨਦੀ ਪਹਾੜ ਚੜ੍ਹ ਆਈ ਹੋਵੇ।

ਉਸ ਪਹਾੜ ਉੱਤੇ ਸੱਪ ਬਹੁਤ ਸਨ। ਕਈ ਵਾਰ ਤਾਂ ਇਸ ਤਰ੍ਹਾਂ ਲੱਗਣ ਲੱਗ ਪੈਂਦਾ ਸੀ ਜਿਵੇਂ ਉੱਥੇ ਸੱਪਾਂ ਦਾ ਸ਼ਹਿਰ ਵਸਿਆ ਹੋਇਆ ਸੀ। ਗਰਮੀ ਕੁਝ ਵਧੇਰੇ ਹੋ ਜਾਂਦੀ ਤਾਂ ਸੱਪ ਵਰਮੀਆਂ ਵਿੱਚੋਂ ਬਾਹਰ ਆ ਜਾਂਦੇ ਸਨ। ਕਈ ਵਾਰ ਸੱਪ ਡੂੰਘੇ ਬੰਕਰਾਂ ਵਿੱਚ ਉੱਤਰ ਆਉਂਦੇ ਸਨ ਤੇ ਉਨ੍ਹਾਂ ਕੋਲੋਂ ਮੁੜ ਬਾਹਰ ਹੀ ਨਹੀਂ ਸੀ ਨਿਕਲਿਆ ਜਾਂਦਾ। ਕਦੇ ਕੋਈ ਸੱਪ ਕਿਤਾਬਾਂ ਉੱਤੇ ਕੁੰਡਲੀ ਮਾਰੀ ਬੈਠਾ ਦਿਸ ਪੈਂਦਾ ਸੀ। ਕਈ ਵਾਰ ਪੈਰਾਂ ਹੇਠ ਮਿੱਧੇ ਜਾਣ ਤੋਂ ਮਸਾਂ ਬਚਦਾ ਸੀ। ਇੱਕ ਵਾਰ ਤਾਂ ਸੱਪ ਮੇਰੇ ਬਿਸਤਰੇ ਉੱਤੇ ਇਸ ਤਰ੍ਹਾਂ ਬੈਠਾ ਹੋਇਆ ਸੀ ਜਿਵੇਂ ਬਿਸਤਰਾ ਉਹਦੇ ਲਈ ਹੀ ਵਿਛਾਇਆ ਹੋਵੇ। ਉੱਥੇ ਬਿਜਲੀ ਨਹੀਂ ਸੀ। ਰਾਤ ਵੇਲੇ ਕਿਧਰੋਂ ਪਰਤੋ ਤਾਂ ਟੋਹ-ਟੋਹ ਕੇ ਬੰਕਰ ਵਿੱਚ ਦਾਖ਼ਲ ਹੋਣਾ ਪੈਂਦਾ ਸੀ। ਇਹ ਤੌਖ਼ਲਾ ਵੀ ਬਣਿਆ ਰਹਿੰਦਾ ਸੀ ਕਿ ਤੀਲ੍ਹਾਂ ਵਾਲੀ ਡੱਬੀ ਲਈ ਹੱਥ ਮਾਰਦਿਆਂ ਕਿਧਰੇ ਸੱਪ ਨੂੰ ਹੀ ਹੱਥ ਨਾ ਪੈ ਜਾਵੇ।

ਸੱਪਾਂ ਵਾਲੇ ਪਹਾੜ ਉੱਤੇ ਧੁੱਪ ਦਾ ਜਲੌਅ ਸੀ। ਤਿਰਪਾਲਾਂ ਵਿਛਾ ਕੇ ਅਸੀਂ ਹਥਿਆਰਾਂ ਨੂੰ ਧੁੱਪੇ ਲੰਮਾ ਪਾਇਆ ਹੋਇਆ ਸੀ। ਹਥਿਆਰ ਧੁੱਪ ਵੀ ਸੇਕ ਰਹੇ ਸਨ ਅਤੇ ਉਨ੍ਹਾਂ ਦੀ ਸਫ਼ਾਈ ਵੀ ਹੋ ਰਹੀ ਸੀ। ਮੈਂ ਧੁੱਪ ਵਿੱਚ ਖਲੋਤਾ ਹੋਇਆ ਸੀ। ਮੈਂ ਉੱਥੋਂ ਦੀਆਂ ਸੱਪਾਂ ਵਾਲੀਆਂ ਰਾਤਾਂ ਤੋਂ ਅੱਕਿਆ ਹੋਇਆ ਸਾਂ। ਮੈਂ ਧੁੱਪ ਨੂੰ ਆਪਣੇ ਅੰਦਰ ਸਮੋ ਲੈਣਾ ਚਾਹੁੰਦਾ ਸਾਂ। ਉਸ ਵੇਲੇ ਮੇਰੇ ਕਮਾਨ ਅਫ਼ਸਰ ਦਾ ਬੁਲਾਵਾ ਆ ਗਿਆ। ਮੈਂ ਧੁੱਪ ਤੋਂ ਛਾਂ ਵੱਲ ਤੁਰ ਪਿਆ। ਮੇਰੇ ਕਮਾਨ ਅਫ਼ਸਰ ਨੇ ਦੱਸਿਆ, 'ਮਰਾਠਾ ਵਾਲਿਆਂ ਦੀ ਇੱਕ ਟੋਲੀ ਲੰਮੀ ਗਸ਼ਤ ਉੱਤੇ ਜਾ ਰਹੀ ਹੈ। ਅਸੀਂ ਆਪਣਾ ਇੱਕ ਅਫ਼ਸਰ ਵੀ ਭੇਜਣਾ ਏ। ਤੂੰ ਆਪਣੀ ਤਿਆਰੀ ਕਰ ਲੈ।' ਸੱਪਾਂ ਕੋਲੋਂ ਮੈਂ ਜਿੰਨੇ ਕੁ ਦਿਨ ਪਰਾਂ ਰਹਿ ਆਵਾਂ ਓਨਾ ਹੀ ਚੰਗਾ ਸੀ। ਮੈਂ ਆਖਿਆ, 'ਸਰ, ਮੈਂ ਤਿਆਰ ਹਾਂ।'

ਮਿਥੇ ਹੋਏ ਦਿਨ ਇੱਕ ਫ਼ੌਜੀ ਟਰੱਕ ਗਸ਼ਤ ਪਾਰਟੀ ਨੂੰ ਲੈ ਕੇ ਨਾਗਵਲ ਖਾਂਦੀ ਇੱਕ ਸੜਕ ਦੇ ਰਾਹ ਤੁਰ ਪਿਆ। ਇੱਕ ਪਸਿੱਤੇ ਜਿਹੇ ਪਿੰਡ ਤੋਂ ਟਰੱਕ ਨੇ ਕੱਚਾ ਰਾਹ ਲੜ ਲਿਆ। ਡਿੱਕ-ਡੋਲੇ ਖਾਂਦੇ ਅਸੀਂ ਉੱਥੇ ਤੱਕ ਪਹੁੰਚ ਗਏ, ਜਿੱਥੇ ਜਾ ਕੇ ਸੜਕ ਮੁੱਕ ਗਈ ਸੀ। ਟਰੱਕ ਤੋਂ ਉੱਤਰ ਕੇ ਅਸੀਂ ਆਪਣੇ ਹਥਿਆਰ ਚੈੱਕ ਕੀਤੇ, ਮੈਗਜ਼ੀਨਾਂ ਵਿੱਚ ਗੋਲੀਆਂ ਭਰੀਆਂ, ਹਥਿਆਰ ਲੋਡ ਕੀਤੇ ਅਤੇ ਸੇਫਟੀ ਕੈਚ ਲਾ ਕੇ ਅਗਲੇ ਸਫ਼ਰ ਲਈ ਤੁਰ ਪਏ।

ਅਸੀਂ ਤੇਰਾਂ ਜਣੇ ਸਾਂ। ਲੈਫਟੀਨੈਂਟ ਈਮਾਨ ਦਾ ਅਤੇ ਮੇਰਾ ਰੈਂਕ ਇੱਕੋ ਸੀ। ਰੈਂਕ ਵਿਚਲੀ ਵਿੱਥ ਨਾ ਹੋਣ ਕਰਕੇ ਸਾਡੀ ਖ਼ੂਬ ਨਿਭਣੀ ਸੀ। ਹਰ ਇੱਕ ਸੈਨਿਕ ਕੋਲ ਆਪੋ-ਆਪਣਾ ਬੋਝ ਸੀ। ਵੱਡਾ ਪਿੱਠੂ, ਨਿੱਕਾ ਪਿੱਠੂ, ਪਾਣੀ ਦੀ ਬੋਤਲ ਤੇ ਨਿੱਜੀ ਹਥਿਆਰ ਆਦਿ ਦਾ ਭਾਰ ਕੁੱਲ ਮਿਲਾ ਕੇ ਵੀਹ ਕੁ ਕਿਲੋ ਹੋ ਜਾਂਦਾ ਸੀ। ਸਾਡੇ ਕੋਲ ਸੱਤ ਦਿਨਾਂ ਦੀ ਰਸਦ ਵੀ ਸੀ। ਜਵਾਨਾਂ ਨੇ ਰਸਦ ਦਾ ਬੋਝ ਵੀ ਆਪਸ ਵਿੱਚ ਵੰਡ ਕੇ ਹਿੱਸੇ ਆਉਂਦਾ ਚੁੱਕ ਲਿਆ ਸੀ। ਉਹ ਪੈਂਡਾ ਸੰਘਣੇ ਜੰਗਲਾਂ ਅਤੇ ਪਹਾੜਾਂ ਦਾ ਸੀ। ਤਿੰਨ ਦਿਨਾਂ ਦੇ ਸਫ਼ਰ ਤੋਂ ਪਿੱਛੋਂ ਸਾਨੂੰ ਮਨੁੱਖੀ ਆਬਾਦੀ ਦੇ ਪਹਿਲੇ ਚਿੰਨ੍ਹ ਦਿੱਸੇ। ਸਾਡੇ ਨਕਸ਼ਿਆਂ ਅਨੁਸਾਰ ਉਹ ਹਿੰਦੁਸਤਾਨ ਦਾ ਆਖ਼ਰੀ ਪਿੰਡ ਸੀ।

ਅਚਨਚੇਤੀ ਮੀਂਹ ਪੈਣ ਲੱਗ ਪਿਆ। ਅਸੀਂ ਛੋਹਲੇ ਕਦਮੀਂ ਇੱਕ ਪਹਾੜੀ ਮਕਾਨ ਤਕ ਪਹੁੰਚ ਗਏ। ਵਾੜੇ ਦੀ ਛੱਤ ਉੱਤੇ ਬਣਿਆ ਇੱਕੋ ਹੀ ਕਮਰਾ ਪੂਰਾ ਘਰ ਸੀ। ਸੂਬੇਦਾਰ ਮੰਗਤ ਰਾਮ ਨੇ ਅਗਾਂਹ ਹੋ ਕੇ ਬੂਹਾ ਠਕੋਰਿਆ ਤੇ ਫਿਰ ਧੱਕ ਕੇ ਖੋਲ੍ਹ ਦਿੱਤਾ। ਘਰ ਖਾਲੀ ਸੀ। ਅਸੀਂ ਪਿੱਠੂ ਉਤਾਰ ਕੇ ਰੱਖ ਦਿੱਤੇ ਅਤੇ ਹਥਿਆਰ ਆਪੋ-ਆਪਣੇ ਪਿੱਠੂਆਂ ਦੇ ਆਸਰੇ ਖੜ੍ਹੇ ਕਰ ਦਿੱਤੇ। ਉਸ ਘਰ ਦੇ ਜੀਅ ਭੇਡਾਂ ਚਰਾ ਕੇ ਭਿੱਜੇ ਹੋਏ ਵਾਪਸ ਮੁੜੇ। ਭੇਡਾਂ ਨੂੰ ਵਾੜੇ ਵਿੱਚ ਡੱਕ ਕੇ ਉਹ ਉੱਪਰ ਆ ਗਏ। ਘਰ ਵਿੱਚ ਫ਼ੌਜੀਆਂ ਨੂੰ ਵੇਖ ਕੇ ਉਹ ਸਹਿਮ ਗਏ। ਮਰਦ ਨੇ ਡਰੇ ਜਿਹੇ ਨੇ ਪੁੱਛਿਆ, 'ਅਸੀਂ ਕੁਝ ਭਾਂਡੇ ਲੈ ਲਈਏ?' ਅਸੀਂ ਆਪਹੁਦਰਿਆਂ ਵਾਂਗੂੰ ਉਨ੍ਹਾਂ ਦਾ ਘਰ ਮੱਲ ਲਿਆ ਸੀ। ਉਨ੍ਹਾਂ ਪਹਾੜੀਆਂ ਦੇ ਮੱਥੇ ਉੱਤੇ ਤਿਊੜੀ ਨਹੀਂ ਸੀ ਆਈ। 'ਅਸੀਂ ਥੱਲੇ ਵਾੜੇ ਵਿੱਚ ਖਾਣਾ ਪਕਾ ਲਵਾਂਗੇ।' ਮਰਦ ਨੇ ਫਿਰ ਤਰਲਾ ਲਿਆ। ਲੈਫਟੀਨੈਂਟ ਈਮਾਨ ਮੁਸਕਰਾਇਆ, 'ਅੱਜ ਅਸੀਂ ਤੁਹਾਨੂੰ ਖਾਣਾ ਖਵਾਵਾਂਗੇ।' ਔਰਤ, ਮਰਦ ਅਤੇ ਉਨ੍ਹਾਂ ਦੇ ਦੋ ਬੱਚੇ ਅੰਦਰ ਲੰਘ ਕੇ ਭੁੰਜੇ ਬੈਠ ਗਏ।

ਕਮਰੇ ਦੀ ਇੱਕ ਨੁੱਕਰੇ ਚੌਂਕਾ ਸੀ। ਦੋ ਜਵਾਨ ਉੱਠ ਕੇ ਚੌਂਕੇ ਵਿੱਚ ਚਲੇ ਗਏ। ਉਹ ਰਾਤ ਦੇ ਭੋਜਨ ਲਈ ਟੀਨ ਦੇ ਬੰਦ ਡੱਬੇ ਖੋਲ੍ਹਣ ਲੱਗ ਪਏ। ਟੀਨ ਦੇ ਡੱਬਿਆਂ ਵਿੱਚੋਂ ਬਣਿਆ ਬਣਾਇਆ ਭੋਜਨ ਨਿਕਲ ਰਿਹਾ ਸੀ। ਇਹ ਕ੍ਰਿਸ਼ਮਾ ਉਸ ਪਹਾੜੀ ਪੀਰ ਬਖਸ਼ ਅਤੇ ਉਹਦੇ ਟੱਬਰ ਨੂੰ ਹੈਰਾਨ ਕਰ ਰਿਹਾ ਸੀ।

ਸਾਡੀ ਰਸਦ ਵਿੱਚ ਟੌਫੀਆਂ ਵੀ ਸਨ। ਇੱਕ ਜਵਾਨ ਨੇ ਉੱਠ ਕੇ ਸਾਰਿਆਂ ਨੂੰ ਦੋ-ਦੋ ਟੌਫੀਆਂ ਫੜਾ ਦਿੱਤੀਆਂ। ਟੌਫੀਆਂ ਚਿੱਥਦਿਆਂ ਉਨ੍ਹਾਂ ਪਹਾੜੀਆਂ ਦਾ ਤਣਾਅ ਕੁਝ ਘਟਿਆ। ਅਸੀਂ ਪੀਰ ਬਖਸ਼ ਨਾਲ ਇੱਧਰ ਉੱਧਰ ਦੀਆਂ ਗੱਲਾਂ ਛੇੜ ਲਈਆਂ ਤੇ ਫਿਰ ਮੁੱਦੇ ਦੀ ਗੱਲ ਪੁੱਛ ਲਈ, 'ਬਣੀ ਪਿੰਡ ਤਾਂ ਸਰਹੱਦ ਦੇ ਐਨ ਉੱਤੇ ਐ।'

'ਸਰਹੱਦ! ਸਰਹੱਦ ਕੀ?' ਪੀਰ ਬਖਸ਼ ਨੂੰ ਸਮਝ ਨਹੀਂ ਸੀ ਪਈ।

'ਸਾਬ੍ਹ ਦਾ ਮਤਲਬ ਹੈ ਕਿ ਦੁਸ਼ਮਣ ਤੁਹਾਨੂੰ ਤੰਗ ਤਾਂ ਨਈਂ ਕਰਦੇ?' ਸੂਬੇਦਾਰ ਮੰਗਤ ਰਾਮ ਨੇ ਗੱਲ ਨੂੰ ਕੁਝ ਸਪੱਸ਼ਟ ਕਰਨ ਦਾ ਯਤਨ ਕੀਤਾ।

'ਦੁਸ਼ਮਣ? ਕੌਣ ਦੁਸ਼ਮਣ?'

'ਪਹਾੜ ਦੇ ਦੂਜੇ ਪਾਸੇ ਦੇ ਲੋਕ।'

'ਉਹ ਦੁਸ਼ਮਣ ਥੋੜ੍ਹੇ ਈ ਨੇ। ਉੱਥੇ ਤਾਂ ਮੇਰੀ ਧੀ ਦੇ ਸਹੁਰੇ ਨੇ।' ਪੀਰ ਬਖਸ਼ ਦੀ ਤੀਵੀਂ ਨੇ ਪਹਾੜ ਪਾਰ ਵਾਲਿਆਂ ਨਾਲ ਰਿਸ਼ਤੇ ਦਾ ਖੁਲਾਸਾ ਕੀਤਾ। 'ਉਹ ਤਾਂ ਜੀ ਸਾਡੇ ਆਪਣੇ ਲੋਕ ਨੇ। ਅਸੀਂ ਤਾਂ ਕਈ ਪਾਰ ਪਹਾੜੋਂ ਪਾਰ ਭੇਡਾਂ ਚਰਾਉਣ ਵੀ ਜਾਂਦੇ ਹਾਂ, ਨਾਲੇ ਧੀ ਨੂੰ ਮਿਲ ਆਈਦਾ ਹੈ।'

'ਕੀ ਤੁਹਾਨੂੰ ਨਈਂ ਪਤਾ ਕਿ ਉੱਧਰ ਦੂਜਾ ਮੁਲਕ ਹੈ?' ਲੈਫਟੀਨੈਂਟ ਈਮਾਨ ਨੇ ਕੁਝ ਹੈਰਾਨ ਹੋ ਕੇ ਪੁੱਛਿਆ।

'ਦੂਜਾ ਮੁਲਕ, ਨਈਂ ਜੀ, ਦੂਜਾ ਪਿੰਡ।' ਪੀਰ ਬਖਸ਼ ਨੇ ਲੈਫਟੀਨੈਂਟ ਈਮਾਨ ਦੀ ਗਲਤੀ ਸੋਧੀ, 'ਇੱਕੋ ਰਾਜੇ ਦੇ ਦੋ ਮੁਲਕ ਕਿਵੇਂ ਹੋ ਸਕਦੇ ਨੇ ਭਲਾ। ਇੱਥੇ ਵੀ ਮਿੱਟੀ ਉਹੋ ਤੇ ਉੱਥੇ ਵੀ ਉਹੋ।'

'ਇਹ ਰਾਜਾ ਕੌਣ ਸੀ ਜਿਹੜਾ ਦੋਵਾਂ ਪਾਸਿਆਂ ਦਾ ਸੀ?' ਮੈਂ ਮੱਥਾ ਖੁਰਕਣ ਲੱਗ ਪਿਆ ਸਾਂ।

ਉਸ ਰਾਤ ਦੀ ਠਾਹਰ ਲਈ ਅਸੀਂ ਨੇੜਲੇ ਸਕੂਲ ਵਿੱਚ ਜਾਣ ਬਾਰੇ ਸੋਚਿਆ। ਭੋਜਨ ਤੋਂ ਵਿਹਲੇ ਹੋਏ ਤਾਂ ਪੀਰ ਬਖਸ਼ ਸਾਨੂੰ ਸਕੂਲ ਤਕ ਛੱਡਣ ਤੁਰ ਪਿਆ। ਉਹ ਸਕੂਲ ਬੂਹੇ-ਬਾਰੀਆਂ ਦੀਆਂ ਚੌਗਾਠਾਂ ਅਤੇ ਪੱਲਿਆਂ ਤੋਂ ਵਿਰਵਾ ਸੀ। ਬਸ ਤੁਰਸ਼ ਹਵਾਵਾਂ ਵਿੱਚ ਖੜ੍ਹਾ ਇੱਕ ਕਮਰੇ ਦਾ ਢਾਂਚਾ ਸੀ।

ਮੈਂ ਪੀਰ ਬਖਸ਼ ਨੂੰ ਪੁੱਛਿਆ, 'ਮਾਸਟਰ ਕਿੱਥੇ ਰਹਿੰਦੈ?'

'ਉਹ ਤਾਂ ਜੀ ਕਿਤਿਓਂ ਬਾਹਰੋਂ ਆਉਂਦੈ।'

'ਭਲਕੇ ਮਿਲ ਜਾਊ?'

'ਨਈਂ ਜੀ, ਉਹ ਤਾਂ ਸਾਲ ਵਿੱਚ ਦੋ-ਤਿੰਨ ਵਾਰ ਹੀ ਆਉਂਦੈ। ਪਿਛਲੇ ਮਹੀਨੇ ਆਇਆ ਸੀ। ਹੁਣ ਪਤਾ ਨਈਂ ਕਦੋਂ ਆਵੇ।'

'ਫਿਰ ਨਿਆਣਿਆਂ ਦੀ ਪੜ੍ਹਾਈ ਕਿਸ ਤਰ੍ਹਾਂ ਹੁੰਦੀ ਐ?'

'ਹੋ ਜਾਂਦੀ ਐ ਜੀ। ਉਹ ਜਦੋਂ ਆਵੇ, ਨਿਆਣਿਆਂ ਨੂੰ ਇਕੱਠੇ ਕਰ ਕੇ ਪੜ੍ਹਾ ਦਿੰਦਾ ਏ।'

ਸ਼ਾਮ ਦੇ ਪਰਛਾਵੇਂ ਹੌਲੀ-ਹੌਲੀ ਲੋਪ ਹੋ ਰਹੇ ਸਨ। ਫੈਲ ਰਹੇ ਹਨੇਰੇ ਵਿੱਚ ਮੇਰੀ ਮੁਸਕਰਾਹਟ ਗੁਆਚ ਗਈ ਸੀ।

ਬਣੀ ਪਿੰਡ ਦੇ ਕੁੱਲ ਘਰ ਉਂਗਲਾਂ ਉੱਤੇ ਗਿਣੇ ਜਾਣ ਜੋਗੇ ਸਨ। ਇੱਕ ਘਰ ਤੋਂ ਦੂਜੇ ਘਰ ਦੀ ਵਿੱਥ ਕਈ ਵਾਰ ਮੀਲਾਂ ਲੰਮੀ ਵੀ ਹੋ ਜਾਂਦੀ ਸੀ। ਉਸ ਪਿੰਡ ਦੇ ਕੁਝ ਲੋਕ ਖੇਤੀ ਕਰਦੇ ਸਨ। ਜਿਹੜੇ ਖੇਤੀ ਨਹੀਂ ਸਨ ਕਰਦੇ, ਉਹ ਭੇਡਾਂ ਪਾਲਦੇ ਸਨ। ਨਵੀਆਂ ਚਰਾਂਦਾ ਦੀ ਭਾਲ ਵਿੱਚ ਉਹ ਕਈ ਵਾਰ ਦੂਰ-ਦੁਰਾਡੇ ਨਿੱਕਲ ਜਾਂਦੇ ਸਨ ਤੇ ਫਿਰ ਕਈ-ਕਈ ਦਿਨਾਂ ਪਿੱਛੋਂ ਵਾਪਸ ਮੁੜਦੇ ਸਨ।

ਉੱਥੇ ਲੋਕ ਘਰਾਂ ਨੂੰ ਜਿੰਦਰੇ ਨਹੀਂ ਸਨ ਲਾਉਂਦੇ। ਚੋਰੀਆਂ ਚਕਾਰੀਆਂ ਦਾ ਵੀ ਕੋਈ ਡਰ ਨਹੀਂ ਸੀ। ਕਈ ਦਿਨਾਂ ਪਿੱਛੋਂ ਵਾਪਸ ਆਉਣ ਉੱਤੇ ਵੀ ਆਜੜੀਆਂ ਨੂੰ ਹਰ ਸ਼ੈਅ ਟਿਕਾਣੇ ਉੱਤੇ ਹੀ ਪਈ ਮਿਲਦੀ ਸੀ।

ਖਾਲੀ ਘਰਾਂ ਨੂੰ ਫਰੋਲਦਿਆਂ ਸਾਡੇ ਗਸ਼ਤੀ ਦਲ ਨੂੰ ਨਾ ਤਾਂ ਦੁਸ਼ਮਣ ਦਾ ਕੋਈ ਸੁਰਾਗ਼ ਮਿਲਿਆ ਅਤੇ ਨਾ ਦੁਸ਼ਮਣੀ ਦੀ ਹੀ ਕੋਈ ਭਿਣਕ ਪਈ। ਦਰਅਸਲ ਉਸ ਇਲਾਕੇ ਦੇ ਵਾਸੀ ਪੰਛੀਆਂ ਵਰਗੇ ਸਨ। ਬੋਟਾਂ ਨੂੰ ਵੀ ਨਾਲ ਲੈ ਕੇ ਉੱਡਦੇ ਸਨ। ਉਨ੍ਹਾਂ ਦੇ ਸੱਖਣੇ ਆਲ੍ਹਣਿਆਂ ਵਿੱਚੋਂ ਫ਼ੌਜੀਆਂ ਨੂੰ ਭਲਾ ਕੀ ਮਿਲਣਾ ਸੀ।

ਪਿਛਲੇ ਦੋ ਦਿਨਾਂ ਤੋਂ ਕੁਝ ਵੀ ਸਾਡੇ ਪਿੜ ਪੱਲੇ ਨਹੀਂ ਸੀ ਪੈ ਰਿਹਾ। ਉਸ ਤੋਂ ਅਗਲੇ ਦਿਨ ਦੀ ਸ਼ਾਮ ਵੀ ਢਲ ਗਈ। ਬੱਦਲ ਨਿੱਤਰੇ ਹੋਏ ਸਨ। ਮੀਂਹ ਦੀ ਸੰਭਾਵਨਾ ਨਹੀਂ ਸੀ। ਰਾਤ ਕੱਟਣ ਲਈ ਅਸੀਂ ਇੱਕ ਖੁੱਲ੍ਹੇ ਖੇਤ ਵਿੱਚ ਡੇਰਾ ਲਾ ਲਿਆ। ਉਸ ਖੇਤ ਤੋਂ ਉੱਪਰ ਪਹਾੜ ਦੇ ਸਿਖਰ ਵੱਲ ਇੱਕ ਮਕਾਨ ਦਿਸ ਰਿਹਾ ਸੀ। ਅਸੀਂ ਉਸ ਘਰ ਦੀ ਪੜਤਾਲ ਕਰਨ ਬਾਰੇ ਸੋਚ ਲਿਆ।

ਸੈਨਿਕਾਂ ਨੂੰ ਉੱਥੇ ਛੱਡ ਕੇ ਮੈਂ ਤੇ ਲੈਫਟੀਨੈਂਟ ਈਮਾਨ ਉੱਥੋਂ ਤੁਰ ਪਏ। ਸੂਬੇਦਾਰ ਮੰਗਤ ਰਾਮ ਵੀ ਕਾਹਲੇ ਕਦਮੀਂ ਸਾਡੇ ਨਾਲ ਆ ਰਲਿਆ। ਉਹ ਪੁਰਾਣਾ ਸੈਨਿਕ ਸੀ। ਉਹਦਾ ਤਜਰਬਾ ਸਾਡੇ ਲਈ ਲਾਹੇਵੰਦ ਸੀ।

ਸਾਨੂੰ ਇੱਕ ਬੁੱਢਾ ਮਕਾਨ ਦੇ ਬਾਹਰ ਹੀ ਮਿਲ ਪਿਆ। ਉਸ ਦੱਸਿਆ, 'ਕੱਲ੍ਹ ਪੀਰ ਬਖਸ਼ ਇੱਜੜ ਲਈ ਜਾਂਦਾ ਮਿਲਿਆ ਸੀ। ਤੁਹਾਡੇ ਬਾਰੇ ਦੱਸਿਆ ਸੀ। ਤੁਸੀਂ ਹਿੰਦੁਸਤਾਨ ਤੋਂ ਆਏ ਹੋ ਨਾ?'

ਬੁੱਢੇ ਦੇ ਸੁਆਲ ਨੇ ਮੈਨੂੰ ਹੈਰਾਨ ਕੀਤਾ ਸੀ। ਮੈਂ ਸੋਚੀਂ ਪੈ ਗਿਆ ਸਾਂ। ਕਿਤੇ ਅਸੀਂ ਭੁਲੇਖੇ ਨਾਲ ਦੁਸ਼ਮਣ ਮੁਲਕ ਦੇ ਪਿੰਡ ਵਿੱਚ ਹੀ ਤਾਂ ਨਹੀਂ ਸਾਂ ਪਹੁੰਚ ਗਏ। ਕੀ ਪਤਾ, ਅਸੀਂ ਨਕਸ਼ਾ ਗ਼ਲਤ ਪੜ੍ਹ ਲਿਆ ਹੋਵੇ। ਬੁੱਢੇ ਦਾ ਪ੍ਰਤੀਕਰਮ ਜਾਣਨ ਲਈ ਮੈਂ 'ਹਾਂ' ਵਿੱਚ ਹੁੰਗਾਰਾ ਭਰਿਆ, ਪਰ ਬੁੱਢੇ ਨੂੰ ਜਿਵੇਂ ਸਾਡੇ ਹਿੰਦੁਸਤਾਨੀ ਹੋਣ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ। ਉਸ ਪੁੱਛਿਆ, 'ਰਾਤ ਖੇਤ ਵਿੱਚ ਸੌਂਵੋਂਗੇ?'

'ਹਾਂ।''

'ਮੇਰੇ ਕੋਲ ਹੀ ਰਹਿ ਪਵੋ ਭਾਵੇਂ।'

ਬੁੱਢੇ ਕੋਲ ਰਹਿਣ ਨਾਲ ਕਈ ਗੱਲਾਂ ਦੀ ਸੂਹ ਮਿਲ ਸਕਦੀ ਸੀ। ਮੈਂ ਤੇ ਲੈਫਟੀਨੈਂਟ ਈਮਾਨ ਉੱਥੇ ਰਹਿਣ ਲਈ ਤਿਆਰ ਹੋ ਗਏ।

'ਤੁਸੀਂ ਸਾਰੇ ਹੀ ਇੱਥੇ ਰਹਿ ਲਵੋ ਭਾਵੇਂ।' ਬੁੱਢੇ ਨੇ ਜ਼ੋਰ ਦੇ ਕੇ ਆਖਿਆ।

'ਨਈਂ! ਅਸੀਂ ਉੱਥੇ ਹੀ ਰਹਿ ਲਵਾਂਗੇ। ਜੇ ਮੀਂਹ ਪੈਣ ਦੇ ਆਸਾਰ ਹੋਏ ਤਾਂ ਉੱਠ ਕੇ ਇੱਥੇ ਆ ਜਾਵਾਂਗੇ।' ਸੂਬੇਦਾਰ ਮੰਗਤ ਰਾਮ ਨੇ ਕਿਹਾ। ਉਹਨੇ ਵਾਪਸ ਜਾਣ ਦੀ ਇਜਾਜ਼ਤ ਲਈ ਤੇ ਸਲਿਊਟ ਦੇ ਕੇ ਤੁਰ ਪਿਆ।

ਅਸੀਂ ਉੱਠ ਕੇ ਸਬ੍ਹਾਤ ਵਿੱਚ ਆ ਗਏ। ਬੁੱਢੇ ਦੀ ਪਤਨੀ ਅਤੇ ਨੂੰਹ ਰੋਟੀ-ਟੁੱਕ ਦੇ ਆਹਰ ਵਿੱਚ ਸਨ। ਬੁੱਢੇ ਨੇ ਮੰਜੇ ਡਾਹ ਕੇ ਉੱਪਰ ਮੈਲੀਆਂ ਦਰੀਆਂ ਵਿਛਾ ਦਿੱਤੀਆਂ। ਉਹਨੂੰ ਦੁਨੀਆਂ ਭਰ ਦੀਆਂ ਖ਼ਬਰਾਂ ਜਾਣਨ ਦੀ ਕਾਹਲੀ ਸੀ। ਅਸੀਂ ਸੌਖੇ ਹੋ ਕੇ ਮੰਜਿਆਂ ਉੱਪਰ ਬੈਠ ਗਏ ਤੇ ਉਸ ਪੁੱਛਿਆ, 'ਅੱਜ ਕੱਲ੍ਹ ਹਿੰਦੁਸਤਾਨ ਦਾ ਰਾਜਾ ਕੌਣ ਹੈ?'

ਬੁੱਢੇ ਦਾ ਇਹ ਸਵਾਲ ਵੀ ਪਹਿਲਾਂ ਕੀਤੇ ਸੁਆਲ ਵਰਗਾ ਹੀ ਸੀ। ਜੁਆਬ ਦੇਣ ਲੱਗਾ ਮੈਂ ਭੰਬਲਭੂਸੇ ਵਿੱਚ ਪੈ ਗਿਆ। ਫਿਰ ਕੁਝ ਛਿਣ ਸੋਚ ਕੇ ਮੈਂ ਉਸ ਵੇਲੇ ਦੇ ਰਾਸ਼ਟਰਪਤੀ ਵੀ.ਵੀ. ਗਿਰੀ ਦਾ ਨਾਂ ਲੈ ਦਿੱਤਾ।

'ਇਹ ਨਾਂ ਤਾਂ ਮੈਂ ਪਹਿਲੀ ਵਾਰੀ ਸੁਣਿਆ ਹੈ।' ਬੁੱਢੇ ਦੇ ਬੋਲਾਂ ਵਿੱਚ ਬੇਯਕੀਨੀ ਸੀ।

'ਨਈਂ ਬਾਬਾ, ਇਹੀ ਰਾਜਾ ਏ।' ਲੈਫਟੀਨੈਂਟ ਈਮਾਨ ਨੇ ਵੀ ਤਾਈਦ ਕੀਤੀ।

'ਫਿਰ ਨਹਿਰੂ ਕੌਣ ਐ?'

'ਨਹਿਰੂ ਤਾਂ ਵੱਡਾ ਵਜ਼ੀਰ ਸੀ। ਉਹਨੂੰ ਤਾਂ ਮਰੇ ਨੂੰ ਵੀ ਕਈ ਸਾਲ ਹੋ ਗਏ ਨੇ।'

ਬੁੱਢੇ ਨੂੰ ਸਾਡੇ ਜੁਆਬ ਝੂਠ ਵਰਗੇ ਲੱਗੇ ਸਨ।

ਰਾਤ ਹੋਈ ਤਾਂ ਚੌਂਕੇ ਵਿੱਚ ਦੀਵੇ ਦੀ ਲੋਅ ਡੋਲਣ ਲੱਗ ਪਈ। ਬੁੱਢੇ ਦੀ ਪਤਨੀ ਭੋਜਨ ਪਰੋਸ ਕੇ ਸਾਨੂੰ ਥਾਲੀਆਂ ਫੜਾ ਗਈ। ਅਗਲੇ ਗੇੜੇ ਉਹਨੇ ਚੌਂਕੇ ਵਿੱਚੋਂ ਦੀਵਾ ਚੁੱਕ ਕੇ ਸਬਾਤ ਵਿੱਚ ਰੱਖ ਦਿੱਤਾ। ਉਹ ਸਬਾਤ ਪੂਰਾ ਘਰ ਸੀ। ਵਿਹਲੇ ਹੋ ਕੇ ਦੋਵਾਂ ਤੀਵੀਆਂ ਨੇ ਵੀ ਸਾਡੇ ਨੇੜੇ ਮੰਜੇ ਡਾਹ ਲਏ ਤੇ ਲੰਮੀਆਂ ਪੈ ਗਈਆਂ। ਬੁੱਢੇ ਨੇ ਉੱਠ ਕੇ ਦੀਵਾ ਬੁਝਾ ਦਿੱਤਾ। ਵਾਪਸ ਆ ਕੇ ਮੰਜੇ ਉੱਤੇ ਲੰਮਾ ਪੈਂਦਿਆਂ ਉਸ ਪੁੱਛਿਆ, 'ਅੱਜ ਕੱਲ੍ਹ ਮਹਾਰਾਜ ਕਿੱਥੇ ਨੇ?'

'ਮਹਾਰਾਜ?' ਇਹ ਇੱਕ ਹੋਰ ਅੱਲੋਕਾਰ ਸਵਾਲ ਸੀ। ਫਿਰ ਖ਼ਿਆਲ ਆਇਆ ਕਿ ਬੁੱਢਾ ਤਾਂ ਰਿਆਸਤਾਂ ਵਾਲੇ ਜ਼ਮਾਨੇ ਵਿੱਚ ਬੈਠਾ ਹੋਇਆ ਸੀ। ਰਿਆਸਤਾਂ ਤਾਂ ਕਦੋਂ ਦੀਆਂ ਮੁੱਕ ਗਈਆਂ ਸਨ। ਜਿਸ ਨੇ ਗੱਦੀ-ਨਸ਼ੀਨ ਹੋਣਾ ਸੀ, ਉਹ ਕਾਂਗਰਸ ਪਾਰਟੀ ਵਿੱਚ ਰਲ ਗਿਆ ਸੀ। ਮੈਂ ਜਵਾਬ ਦਿੱਤਾ, 'ਮਹਾਰਾਜ ਤਾਂ ਸ਼ਾਇਦ ਦਿੱਲੀ ਹੋਣਗੇ।'

'ਮਹਾਰਾਜ ਦਾ ਦਰਬਾਰ ਤਾਂ ਫਿਰ ਉਜਾੜ ਪਿਆ ਹੋਊ!'

'ਹਾਂ।'

'ਖ਼ਜ਼ਾਨੇ ਵੀ ਬੰਦ ਹੋਣਗੇ?'

'ਹਾਂ।'

ਅਸੀਂ ਬੁੱਢੇ ਨੂੰ ਅੱਜ ਦੇ ਹਾਲਾਤ ਸਮਝਾਉਣ ਵੱਲ ਨਹੀਂ ਸਾਂ ਪੈਣਾ ਚਾਹੁੰਦੇ। ਸੰਖੇਪ ਜੁਆਬ ਵਿੱਚ ਹੀ ਸਾਡਾ ਭਲਾ ਸੀ।

'ਪਤੈ, ਸਾਰੇ ਬਣੀ ਵਿੱਚ ਮੇਰੇ ਜਿੰਨਾ ਕੋਈ ਨਹੀਂ ਘੁੰਮਿਆ। ਮੈਂ ਤਾਂ ਰਾਜਧਾਨੀ ਵੀ ਗਿਆ ਹੋਇਆ ਵਾਂ।' ਬੁੱਢੇ ਨੇ ਹੁੱਬ ਕੇ ਦੱਸਿਆ।

'ਰਾਜਧਾਨੀ ਵੀ?'

'ਹਾਂ, ਰਾਜਧਾਨੀ ਵੀ।'

ਸਬਾਤ ਤੋਂ ਬਾਹਰ ਅਸਮਾਨ ਉੱਤੇ ਤਾਰੇ ਵਿਖਾਈ ਦੇ ਰਹੇ ਸਨ। ਤਾਰਿਆਂ ਵੱਲ ਵੇਖਦਾ ਉਹ ਪੁਰਾਣੇ ਦਿਨਾਂ ਵੱਲ ਤੁਰ ਗਿਆ, 'ਅੱਬੂ ਨੇ ਉਦੋਂ ਮਹਾਰਾਜ ਲਈ ਸਾਲਾਨਾ ਭੇਟ ਲੈ ਕੇ ਜਾਣਾ ਸੀ। ਮੈਂ ਨਿੱਕਾ ਸਾਂ। ਅੱਬੂ ਨੇ ਮੈਨੂੰ ਮੋਢੇ ਉੱਤੇ ਬਿਠਾ ਲਿਆ ਸੀ। ਸਾਨੂੰ ਉੱਥੇ ਪਹੁੰਚਦਿਆਂ ਕਈ ਦਿਨ ਤੇ ਕਈ ਰਾਤਾਂ ਲੱਗ ਗਈਆਂ ਸਨ। ਉਦੋਂ ਮੈਂ ਪਹਿਲੀ ਵਾਰ ਮਹਾਰਾਜ ਦੇ ਦਰਸ਼ਨ ਕੀਤੇ ਸਨ।'

'ਇਹ ਤਾਂ ਬਹੁਤ ਪੁਰਾਣੀ ਗੱਲ ਹੋਊ?'

'ਹਾਂ, ਵੀਹ-ਪੰਝੀ ਸਾਲ ਤਾਂ ਹੋ ਹੀ ਗਏ ਹੋਣਗੇ।'

ਬੁੱਢੇ ਦੀ ਉਮਰ ਉਸ ਵੇਲੇ ਪਝੰਤਰ ਕੁ ਦੇ ਨੇੜੇ ਸੀ। ਰਿਆਸਤਾਂ ਤਾਂ ਬਹੁਤ ਪਹਿਲਾਂ ਹੀ ਮੁੱਕ ਗਈਆਂ ਸਨ। ਉਸ ਦੇ ਹਿਸਾਬ ਵਿੱਚ ਬੜਾ ਵੱਡਾ ਘਪਲਾ ਸੀ। ਮੈਂ ਪੁੱਛਿਆ, 'ਬਾਬਾ! ਹੁਣ ਕਿੰਨੀ ਉਮਰ ਐ ਤੇਰੀ?'

'ਵੀਹ-ਪੰਝੀ ਸਾਲ ਦੀ ਹੋਊ।'

'ਤੇਰੀ ਪਤਨੀ ਦੀ ਉਮਰ ਕਿੰਨੀ ਐ?'

''ਵੀਹ-ਪੰਝੀ ਸਾਲ ਉਹਦੀ ਹੋਊ।''

'ਤੇ ਨੂੰਹ ਦੀ?'

'ਇਹੋ ਵੀਹ-ਪੰਝੀ।'

'ਨਈਂ ਬਾਬਾ, ਨੂੰਹ ਦੀ ਉਮਰ ਤਾਂ ਕੁਝ ਘੱਟ ਹੋਊ।' ਲੈਫਟੀਨੈਂਟ ਈਮਾਨ ਮੁਸਕੜੀਆਂ ਵਿੱਚ ਹੱਸਿਆ।

'ਹਾਂ, ਕੀ ਪਤੈ! ਮੈਂ ਵੀ ਪੁੱਛਿਆ ਨਈਂ ਕਦੀ।' ਬੁੱਢੇ ਨੂੰ ਵੀਹ-ਪੰਝੀ ਤੋਂ ਵੱਧ ਗਿਣਤੀ ਦਾ ਕੁਝ ਪਤਾ ਨਹੀਂ ਸੀ। ਉਹਨੇ ਬਹੁਤਾ ਗਿਣ ਕੇ ਲੈਣਾ ਵੀ ਕੀ ਸੀ। ਦੋਵੇਂ ਤੀਵੀਆਂ ਸੁੱਤੇ ਹੋਣ ਦਾ ਵਿਖਾਵਾ ਕਰ ਰਹੀਆਂ ਸਨ। ਬੁੱਢੇ ਦੇ ਹੁੰਦਿਆਂ ਗੱਲਬਾਤ ਵਿੱਚ ਦਖ਼ਲ ਦੇਣ ਦਾ ਉਨ੍ਹਾਂ ਵਿੱਚ ਹੌਸਲਾ ਨਹੀਂ ਸੀ। ਬਣੀ ਵਿੱਚ ਵਕਤ ਖਲੋਤਾ ਹੋਇਆ ਸੀ। ਬਾਹਰੀ ਦੁਨੀਆਂ ਨਾਲੋਂ ਟੁੱਟ ਕੇ ਉਹ ਲੋਕ ਜਿਉਂਦੇ ਕਿਸ ਤਰ੍ਹਾਂ ਸਨ। ਲੈਫਟੀਨੈਂਟ ਈਮਾਨ ਨੇ ਉਹਨੂੰ ਘੋਖਣਾ ਸ਼ੁਰੂ ਕੀਤਾ। 'ਬਾਬਾ, ਤੁਹਾਡੀਆਂ ਲੋੜਾਂ ਕਿਸ ਤਰ੍ਹਾਂ ਪੂਰੀਆਂ ਹੁੰਦੀਆਂ ਨੇ?'

(ਚਲਦਾ)



# ਜ਼ਿੰਦਗੀ 'ਚ ਸੰਜਮ ਤੇ ਮਿੱਠੇ ਬੋਲਾਂ ਦਾ ਮਹੱਤਵ



ਸੰਜੀਵ ਸਿੰਘ ਸੈਣੀ, ਮੋਹਾਲੀ
ਮੋ. 7888966168

ਜ਼ਿੰਦਗੀ ਖ਼ੂਬਸੂਰਤ ਹੈ। ਬੋਲਬਾਣੀ ਤੋਂ ਹੀ ਇਨਸਾਨ ਦੀ ਸ਼ਖ਼ਸੀਅਤ ਦਾ ਪਤਾ ਚੱਲ ਜਾਂਦਾ ਹੈ। ਕਿਸੇ ਵੀ ਇਨਸਾਨ ਦੀ ਡਿਗਰੀ ਜਾਂ ਅਹੁਦਾ ਦੇਖਣ ਤੋਂ ਪਹਿਲਾਂ ਉਸ ਦੀ ਬੋਲਬਾਣੀ ਤੋਂ ਹੀ ਪਰਖ਼ ਹੋ ਜਾਂਦੀ ਹੈ। ਹਮੇਸ਼ਾ ਸੰਜਮ ਨਾਲ ਹੀ ਬੋਲਣਾ ਚਾਹੀਦਾ ਹੈ । ਕਿਹਾ ਵੀ ਗਿਆ ਹੈ ਕਿ

'ਉੱਚਾ ਬੋਲ ਨਾ ਬੋਲੀਏ, ਕਰਤਾਰੋ ਡਰੀਏ।' ਜ਼ੁਬਾਨ ਸਾਡੀ ਅਨਮੋਲ ਤੋਹਫ਼ਾ ਹੈ, ਜਿਸ ਰਾਹੀਂ ਅਸੀਂ ਆਪਣੇ ਵਿਚਾਰ ਦੂਜਿਆਂ ਸਾਹਮਣੇ ਰੱਖਦੇ ਹਨ। ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾ ਮਾੜਾ ਬੋਲ ਦਿੰਦੇ ਹਨ ਕਿ ਸਾਡੇ ਮਹੱਤਵਪੂਰਨ ਰਿਸ਼ਤੇ ਟੁੱਟਣ ਦੀ ਕਗਾਰ 'ਤੇ ਆ ਜਾਂਦੇ ਹਨ। ਕਈ ਵਾਰ ਇਨ੍ਹਾਂ ਕੌੜਾ ਬੋਲ ਦਿੰਦੇ ਹਨ, ਕਿ ਸਾਹਮਣੇ ਵਾਲਾ ਭੜਕ ਜਾਂਦਾ ਹੈ। ਅਸੀਂ ਸਾਰੇ ਇਹ ਸਮਾਜ ਵਿਚ ਵਿਚਰਦੇ ਹਾਂ। ਸਾਨੂੰ ਕੁੱਝ ਵੀ ਬੋਲਣ ਤੋਂ ਪਹਿਲਾਂ ਉਸ ਉੱਤੇ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਜਿੱਥੇ ਮੈਂ ਬੋਲਣਾ ਹੈ, ਕਿ ਇਸ ਨਾਲ ਕਿਸੇ ਨੂੰ ਨੁਕਸਾਨ ਤਾਂ ਨਹੀਂ ਹੋਵੇਗਾ। ਜਿਹੜੇ ਸ਼ਬਦਾਂ ਦੀ ਮੈਂ ਵਰਤੋਂ ਕਰਨੀ ਹੈ ਕਿ ਉਹ ਜਾਇਜ਼ ਹਨ। ਕਹਿਣ ਦਾ ਮਤਲਬ ਹੈ ਕਿ ਥੋੜ੍ਹਾ ਬੋਲੋ, ਪਰ ਸੋਚ ਸਮਝ ਕੇ ਬੋਲੋ। ਇਹ ਨਾ ਹੋਵੇ ਕਿ ਉਲਟਾ ਉੱਥੇ ਸਾਨੂੰ ਦੂਜਿਆਂ ਦੇ ਸਾਹਮਣੇ ਕੋਈ ਜ਼ਲੀਲ ਕਰੇ। ਕੀ ਤੂੰ ਇਹ ਬਹੁਤ ਹੀ ਮੰਦੇ ਸ਼ਬਦ ਬੋਲੇ ਹਨ ? ਬੋਲਣ ਤੋਂ ਪਹਿਲਾਂ ਸੋਚ ਸਮਝ ਕੇ ਹੀ ਫ਼ੈਸਲਾ ਲੈ ਲੈਣਾ ਚਾਹੀਦਾ ਹੈ ਕਿ ਅਸੀਂ ਕੀ ਬੋਲਣਾ ਹੈ। ਤੇ ਉਨ੍ਹਾਂ ਸ਼ਬਦਾਂ ਦੀ ਇੱਥੇ ਕੀ ਮਹੱਤਤਾ ਹੈ ? ਇੱਕ ਕਹਾਵਤ ਵੀ ਹੈ 'ਬੋਲਿਆਂ ਨੇ ਬੋਲ ਵਿਗਾੜੇ, ਮਿੰਨੀਆਂ ਨੇ ਘਰ ਜਾੜੇ'। ਅਸੀਂ ਇੰਨਾ ਬੇਤੁਕਾ ਬੋਲ ਦਿੰਦੇ ਹਨ ਕਿ ਸਾਰੀ ਉਮਰ ਦੇ ਸਬੰਧ ਟੁੱਟ ਜਾਂਦੇ ਹਨ। ਜਿਨ੍ਹਾਂ ਕਰਕੇ ਦੂਸਰੇ ਨੂੰ ਨੁਕਸਾਨ ਹੁੰਦਾ ਹੈ। ਕਈ ਵਾਰ ਤਾਂ ਇੰਨੀ ਕਾਹਲੀ 'ਚ ਅਸੀਂ ਇਹ ਨਹੀਂ ਸੋਚਦੇ ਕਿ ਕੀ ਬੋਲਣਾ ? ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਪਛਤਾਵਾ ਹੁੰਦਾ ਹੈ। ਸਾਨੂੰ ਕ੍ਰੋਧ ਵਿੱਚ ਸਹਿਣਸ਼ੀਲ ਹੋਣਾ ਚਾਹੀਦਾ ਹੈ। ਜੇ ਸਬਰ ਨਹੀਂ ਤਾਂ ਪ੍ਰਮਾਤਮਾ ਅੱਗੇ ਅਰਦਾਸ ਕਰੋ ਕਿ ਮੇਰੇ ਅੰਦਰ ਸਹਿਣਸ਼ੀਲਤਾ ਵਾਲੇ ਗੁਣ ਹੋਣ ਜਾਂ ਜਦੋਂ ਅਸੀਂ ਸੋਚ ਸਮਝ ਕੇ ਬੋਲਦੇ ਹਨ ਤਾਂ, ਸੁਣਨ ਵਾਲਾ ਬਹੁਤ ਹੀ ਧਿਆਨ ਨਾਲ ਸੁਣਦਾ ਹੈ। ਸਿਆਣੇ ਅਕਸਰ ਕਹਿੰਦੇ ਹਨ ਕਿ 'ਸੌ ਵਾਰ ਸੋਚ ਕੇ ਬੋਲੋ ਜਾਂ ਪਹਿਲਾਂ ਤੋਲੋ ਫਿਰ ਬੋਲੋ'। ਮਿੱਠਾ ਤੇ ਧੀਰਜ ਨਾਲ ਬੋਲ ਕੇ ਅਸੀਂ ਸਾਰਾ ਜੱਗ ਜਿੱਤ ਸਕਦੇ ਹਾਂ।

ਅਸੀਂ ਸਾਰੇ ਹੀ ਸੰਸਾਰ ਵਿਚ ਵਿਚਰਦੇ ਹਾਂ। ਕਈ ਵਾਰ ਸਾਡੇ ਕੰਮਕਾਜ ਸਾਂਝੇ ਵੀ ਹੁੰਦੇ ਹਨ। ਆਪਸੀ ਸਾਂਝ ਵਿੱਚ ਕਈ ਵਾਰ ਆਪਸ ਵਿੱਚ ਮਨ-ਮੁਟਾਵ ਹੋ ਜਾਂਦਾ ਹੈ। ਕਈ ਵਾਰ ਸਾਡਾ ਆਪਸ ਵਿੱਚ ਕੋਈ ਮਾਮੂਲੀ ਝਗੜਾ ਹੋ ਜਾਂਦਾ ਹੈ। ਇੱਥੋਂ ਤੱਕ ਕਿ ਕਈ ਵਾਰ ਕਹੀ ਹੋਈ ਗੱਲ ਪੰਚਾਇਤਾਂ ਤੱਕ ਪੁੱਜ ਜਾਂਦੀ ਹੈ। ਫਿਰ ਕਈ ਪੰਚਾਇਤਾਂ ਜਾਂ ਸ਼ਹਿਰ ਵਿਚ ਮਿਉਂਸਿਪਲ ਕੌਂਸਲਰ ਦੋਵੇਂ ਧਿਰਾਂ ਦਾ ਸਮਝੌਤਾ ਕਰਵਾਉਂਦੇ ਹਨ। ਕਈ ਵਾਰ ਤਾਂ ਇਹ ਵੀ ਹੁੰਦਾ ਹੈ ਕਿ ਮਾਫ਼ੀ ਤੱਕ ਮੰਗਣੀ ਪੈ ਜਾਂਦੀ ਹੈ। ਫਿਰ ਅਸੀਂ ਉਸ ਬੰਦੇ ਨੂੰ ਪਤਾ ਨਹੀਂ ਕੀ-ਕੀ ਬੋਲ ਦਿੰਦੇ ਹਾਂ। ਉਸ ਸਮੇਂ ਤਾਂ ਸਾਨੂੰ ਇਹ ਹੁੰਦਾ ਹੈ ਕਿ ਅਸੀਂ ਸਾਰੀ ਜ਼ਿੰਦਗੀ ਦਾ ਸਬੰਧ ਇਸ ਨਾਲ ਖ਼ਤਮ ਕਰ ਦੇਣਾ ਹੈ। ਬਹੁਤ ਗੰਦੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਇੱਥੋਂ ਤੱਕ ਕਿ ਗਾਲ਼ੀ ਗਲੋਚ, ਮਾਰ-ਕੁਟਾਈ ਤੱਕ ਵੀ ਪੁੱਜ ਜਾਂਦੇ ਹਾਂ। ਜਦੋਂ ਫਿਰ ਅਸੀਂ ਠੰਢੇ ਹੋ ਜਾਂਦੇ ਹਾਂ ਤਾਂ ਅਸੀਂ ਸੋਚਦੇ ਹਾਂ ਕਿ ਮੈਂ ਉਸ ਫਲਾਣੇ ਬੰਦੇ ਨੂੰ ਬਹੁਤ ਗ਼ਲਤ ਬੋਲਿਆ। ਜਦੋਂ ਕੋਈ ਵੀ ਤਕਰਾਰ ਹੋ ਜਾਂਦਾ ਹੈ ਤਾਂ ਚੰਗਾ ਰਹਿੰਦਾ ਹੈ ਕਿ ਤੁਸੀਂ ਉਸ ਜਗ੍ਹਾ ਤੋਂ ਦੂਰ ਚਲੇ ਜਾਓ। ਆਪਣੇ ਆਪ ਨੂੰ ਬਿਜੀ ਰੱਖੋ। ਸਹਿਣ-ਸ਼ੀਲ ਰਹੋ। ਪਾਣੀ ਪੀਓ। ਕਿਉਂਕਿ ਅਸੀਂ ਇਸ ਸੰਸਾਰ ਵਿੱਚ ਬਾਰ ਬਾਰ ਨਹੀਂ ਆਉਣਾ ਹੈ। ਅਕਸਰ ਕਿਹਾ ਵੀ ਜਾਂਦਾ ਹੈ ਕਿ ਤਲਵਾਰ ਦਾ ਜ਼ਖ਼ਮ ਭਰ ਜਾਂਦਾ ਹੈ, ਪਰ ਜੀਭ ਦਾ ਬੋਲਿਆ ਹੋਇਆ ਬੋਲ ਕਦੇ ਵੀ ਨਹੀਂ ਭਰਦਾ। ਮਾੜੀ ਬੋਲ-ਬਾਣੀ ਕਾਰਨ ਇਨਸਾਨ ਦੀ ਹਰ ਜਗ੍ਹਾ ਕਦਰ ਘੱਟ ਜਾਦੀ ਹੈ।ਕਈ ਵਾਰ ਅਸੀਂ ਦੇਖਦੇ ਹਨ ਕਿ ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਘਰ ਵਿੱਚ ਅਕਸਰ ਉਹ ਲੜਾਈ ਝਗੜਾ ਵੀ ਕਰਦਾ ਹੈ। ਕਲੇਸ਼ ਵਰਗਾ ਮਾਹੌਲ ਘਰ ਵਿੱਚ ਪੈਦਾ ਹੁੰਦਾ ਹੈ। ਅਜਿਹੇ ਇਨਸਾਨ ਦੇ ਤਾਂ ਕੋਈ ਕੋਲ ਵੀ ਨਹੀਂ ਖੜ੍ਹਦਾ। ਕਈ ਲੋਕ ਦੇਖਣ ਨੂੰ ਬਹੁਤ ਵਧੀਆ ਹੁੰਦੇ ਹਨ ਤੇ ਪਹਿਰਾਵਾ ਵੀ ਬਹੁਤ ਆਕਰਸ਼ਕ ਹੁੰਦਾ ਹੈ। ਪਰ ਜ਼ੁਬਾਨ ਇੰਨੀ ਕੜਵੀ ਹੁੰਦੀ ਹੈ ਕਿ ਗੱਲ ਕਰਨ ਨੂੰ ਦਿਲ ਨਹੀਂ ਕਰਦਾ। ਜੋ ਜ਼ਿਆਦਾ ਬੋਲਦਾ ਹੈ ਅਕਸਰ ਉਹ ਪੁਆੜੇ ਦੀ ਜੜ੍ਹ ਵੀ ਬਣ ਜਾਂਦਾ ਹੈ। ਕਈ ਵਾਰ ਤਾਂ ਅਜਿਹਾ ਬੰਦਾ ਬਿਨਾਂ ਮੰਗੇ ਹੀ ਲੋਕਾਂ ਨੂੰ ਸਲਾਹ ਦੇਈ ਜਾਂਦਾ ਹੈ ਕਿ ਤੁਸੀਂ ਇਹ ਕਰ ਲਓ ਇਸ ਨਾਲ ਤੁਹਾਡਾ ਫ਼ਾਇਦਾ ਹੋਵੇਗਾ।ਕਿਸੇ ਨੇ ਸਹੀ ਕਿਹਾ ਹੈ ਇਹੀ ਜ਼ੁਬਾਨ ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼ ਤੱਕ ਲੈ ਜਾਂਦੀ ਹੈ। ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ।ਅਜਿਹੇ ਲੋਕਾਂ ਦੀਆਂ ਅੱਖਾਂ ਹੀ ਬਹੁਤ ਕੁਝ ਕਹਿ ਜਾਂਦੀਆਂ ਹਨ। ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਬੋਲੋ ਪਰ ਉੱਥੇ ਬੋਲੋ, ਜਿੱਥੇ ਥੋੜ੍ਹੀ ਜ਼ਰੂਰਤ ਹੈ। ਕਈ ਲੋਕ ਜਦੋਂ ਜ਼ਰੂਰਤ ਵੀ ਨਹੀਂ ਹੁੰਦੀ, ਬੋਲਣਾ ਹੀ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਲੋਕ ਉਨ੍ਹਾਂ ਦੀ ਉਡੀਕ ਕਰਦੇ ਹਨ ਕਿ ਇਹ ਲੋਕ ਕਦੋਂ ਚੁੱਪ ਕਰਨਗੇ। ਅਜਿਹਾ ਬੰਦਾ ਜਿੱਥੇ ਬੈਠਿਆ ਹੋਵੇ ਲੋਕ ਉਸ ਕੋਲ ਬੈਠਣਾ ਵੀ ਪਸੰਦ ਨਹੀਂ ਕਰਦੇ। ਅਕਸਰ ਸਰਕਾਰੀ ਦਫ਼ਤਰਾਂ ਵਿੱਚ ਨਿੱਜੀ ਕੰਮਾਂ ਲਈ ਜਾਂਦੇ ਹਨ, ਉੱਥੇ ਅਫ਼ਸਰ ਬਹੁਤ ਘੱਟ ਬੋਲਦੇ ਹਨ। ਉਨ੍ਹਾਂ ਦੀ ਅੱਖਾਂ ਹੀ ਬਹੁਤ ਕੁਝ ਸਿਖਾ ਜਾਂਦੀਆਂ ਹਨ। ਉਹ ਦੂਜਿਆਂ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਉਹ ਬੋਲਦੇ ਬਹੁਤ ਘੱਟ ਹਨ ਤੇ ਉਨ੍ਹਾਂ ਦੀ ਅੱਖਾਂ ਬਹੁਤ ਕੁਝ ਬਿਆਨ ਕਰ ਦਿੰਦੀਆਂ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਸਾਡੇ ਦੋਸਤ, ਕਰੀਬੀ ਰਿਸ਼ਤੇਦਾਰ ਸਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ, ਤਾਂ ਹੀ ਜ਼ਿੰਦਗੀ ਨੂੰ ਖ਼ੁਸ਼ਹਾਲ ਤਰੀਕੇ ਨਾਲ ਜੀਅ ਸਕਦੇ ਹਨ । ਸਾਨੂੰ ਹਮੇਸ਼ਾ ਬੋਲ ਬਾਣੀ ਵਿਚ ਸੰਜਮ ਅਤੇ ਪਿਆਰ ਵਰਤਣਾ ਚਾਹੀਦਾ ਹੈ।

ਕਲਮਾਂ ਦੇ ਜਜ਼ਬਾਤ

# ਜ਼ਿੰਦਗੀ ਜਿਉਣ ਦੇ ਢੰਗ 'ਚ ਬਜ਼ੁਰਗਾਂ ਦਾ ਮਹੱਤਵ



ਜਗਮੀਤ ਸਿੰਘ ਬਰੜਵਾਲ
ਮੋ. 96536-39891

ਜ਼ਿੰਦਗੀ ਦੇ ਚਲਦੇ ਸਫ਼ਰ ਦੌਰਾਨ ਇਹ ਸਮਝ ਵਿੱਚ ਆਇਆ ਕਿ ਜੇਕਰ ਅਸੀਂ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਅਤੇ ਬੇਹਤਰੀਨ ਬਣਾਉਣਾ ਹੈ ਤਾਂ ਸਭ ਤੋਂ ਜ਼ਰੂਰੀ ਗੱਲ ਜਿਸ ਵਿੱਚ ਕਿ ਸਾਡੇ ਸਿਆਣੇ ਬਜ਼ੁਰਗਾਂ ਦੇ ਉਮਰ ਦੇ ਅਨੁਭਵਾਂ ਤੋਂ ਸਿੱਖ ਸਕਦੇ ਹਾਂ। ਇਹ ਸਾਨੂੰ ਜ਼ਿੰਦਗੀ ਜਿਊਣ ਦੇ ਢੰਗ ਤੋਂ ਲੈ ਕੇ ਜ਼ਿੰਦਗੀ ਵਿੱਚ ਆਉਣ ਵਾਲੀਆਂ ਹਰ ਪ੍ਰਕਾਰ ਦੀਆਂ ਔਕੜਾਂ ਅਤੇ ਜਿੰਦਗੀ ਨਾਲ ਸਬੰਧਿਤ ਪਰਿਵਾਰਿਕ ਅਤੇ ਸੰਸਾਰਿਕ ਸਮੱਸਿਆਵਾਂ ਨੂੰ ਨਜਿੱਠਣਾ ਸਿਖਾਉਂਦੇ ਹਨ ਜਿਸ ਨਾਲ ਕਿ ਅਸੀਂ ਬਹੁਤ ਹੀ ਅਸਾਨੀ ਨਾਲ ਸਮਝਦਾਰੀ ਅਪਣਾ ਕੇ ਇੱਕ ਖੁਸ਼ਹਾਲ ਜੀਵਨ ਦੀ ਸਿਰਜਨਾ ਕਰ ਸਕਦੇ ਹਾਂ।

ਵੇਖਣ ਵਿੱਚ ਆਇਆ ਹੈ ਕਿ ਅਜੋਕੇ ਤਕਨਾਲੋਜੀ ਦੇ ਯੁੱਗ ਵਿੱਚ ਜਿੱਥੇ ਗਿਆਨ ਵਿਗਿਆਨ ਅਤੇ ਸਿੱਖਿਆ ਦਾ ਵਿਸਥਾਰ ਹੋਇਆ ਉਥੇ ਕਿਤੇ ਨਾ ਕਿਤੇ ਨਿੱਜੀ ਜੀਵਨ ਵਿੱਚ ਲੋਕਾਂ ਦੀ ਮਾਨਸਿਕਤਾ ਵੀ ਹੇਠਾਂ ਡਿੱਗਦੀ ਹੋਈ ਵਿਖਾਈ ਦਿੰਦੀ ਹੈ। ਭਾਵੇਂ ਅੱਜ ਲੋਕ ਕਿੰਨੇ ਵੀ ਗਿਆਨਵਾਨ ਹੋ ਗਏ ਪਰ ਅੱਜ ਵੀ ਉਹੀ ਪੁਰਾਣੀ ਊਚ -ਨੀਚ 'ਤੇ ਜਾਤ-ਪਾਤ, ਅਮੀਰੀ-ਗਰੀਬੀ ਆਦਿ ਵਰਗੀਆਂ ਭੈੜੀਆਂ ਸੋਚਾਂ ਨੂੰ ਛੱਡਣ ਲਈ ਤਿਆਰ ਨਹੀਂ ਹਾਂ। ਅੱਜ ਹਰ ਇੱਕ ਗਲੀ ਚੌਰਾਹੇ ਉਪਰ ਇਸ ਪ੍ਰਕਾਰ ਦਾ ਵਿਤਕਰਾ ਆਮ ਵੇਖਣ ਨੂੰ ਮਿਲਦਾ ਹੈ ਜੋ ਕਿ ਆਉਣ ਵਾਲੇ ਸਮੇਂ ਵਿੱਚ ਵਧੇਰਾ ਘਾਤਕ ਸਿੱਧ ਹੋ ਸਕਦਾ ਹੈ।ਅੱਜ ਸਾਡੇ ਬੱਚਿਆਂ ਵਿੱਚ ਵੱਡਿਆਂ ਦਾ ਸਤਿਕਾਰ ਸਿਰਫ਼ ਲੋੜ ਮੁਤਾਬਿਕ ਬਣ ਕੇ ਰਹਿ ਗਿਆ ਹੈ, ਜਿਸਦਾ ਪ੍ਰਮੁੱਖ ਕਾਰਨ ਸਾਡੇ ਪਰਿਵਾਰ ਦਾ ਮਾਹੌਲ ਕਿ ਅਸੀਂ ਕਿਸ ਤਰਾਂ ਆਪ ਤੋਂ ਵੱਡੇ ਦਾ ਕਿਵੇਂ ਸਤਿਕਾਰ ਕਰਦੇ ਹਾਂ। ਸਿਰਫ਼ ਇਹੋ ਹੀ ਨਹੀਂ ਅੱਜ ਲੋਕ ਸਿਰਫ਼ ਗੂਗਲ ਨੂੰ ਹੀ ਆਪਣਾ ਗੁਰੂ ਜਾਂ ਗਿਆਨ ਦਾ ਸੋਮਾ ਮੰਨਕੇ ਬੈਠ ਗਏ ਹਨ। ਠੀਕ ਹੈ ਕਿ ਅਸੀਂ ਇਸ ਰਾਹੀਂ ਆਪਣੇ ਗਿਆਨ ਵਿੱਚ ਵਾਧਾ ਤਾਂ ਜ਼ਰੂਰ ਕਰ ਸਕਦੇ ਹਾਂ, ਪਰ ਸਾਡੇ ਬੱਚਿਆਂ ਵਿੱਚ ਪਰਿਵਾਰ 'ਤੇ ਸਮਾਜ ਪ੍ਰਤੀ ਜੋ ਸੰਸਕਾਰ ਭਰਨੇ ਹਨ ਉਹ ਕੇਵਲ ਸਾਡੇ ਪਰਿਵਾਰ ਵਿੱਚ ਮੌਜੂਦ ਵਡੇਰੇ ਹੀ ਭਰ ਸਕਦੇ ਹਨ, ਕਿਉਂਕਿ ਉਹ ਇੱਕ ਲੰਬਾ ਸਮਾਂ ਇਸ ਸਮਾਜ ਵਿੱਚ ਵਿਚਰ ਚੁੱਕੇ ਹੁੰਦੇ ਹਨ ਅਤੇ ਉਹਨਾਂ ਨੇ ਜ਼ਿੰਦਗੀ ਦੇ ਹਰ ਇੱਕ ਪਹਿਲੂ ਦਾ ਬਹੁਤ ਹੀ ਚੰਗੇ ਢੰਗ ਨਾਲ ਨਿਚੋੜ ਕੱਢਿਆ ਹੁੰਦਾ ਹੈ। ਪਰ ਇਸ ਗੂਗਲ ਬਾਬੇ ਨੇ ਸਾਡੇ ਅਸਲੀ ਬਾਬਿਆਂ ਦਾ ਪਿਆਰ ਅਤੇ ਸਨੇਹ ਘੱਟ ਕਰ ਦਿੱਤਾ ਹੈ ਕਿਉਂਕਿ ਅੱਜ ਕੱਲ ਹਰ ਇੱਕ ਉਮਰ ਦਾ ਵਿਅਕਤੀ ਕੇਵਲ ਇਸ ਨੈੱਟ ਦੇ ਨੈੱਟਵਰਕ ਨਾਲ ਬੰਨ ਕੇ ਰਹਿ ਗਿਆ ਹੈ। ਅਜੋਕੇ ਸਮੇਂ ਵਿੱਚ ਉਹ ਪਹਿਲਾਂ ਵਾਲੇ ਬਾਬਿਆਂ ਦੀਆਂ ਢਾਣੀਆਂ ਵੇਖਣ ਨੂੰ ਨਹੀਂ ਮਿਲਦੀਆਂ। ਇੱਕ ਸਮਾਂ ਹੁੰਦਾ ਸੀ ਕਿ ਪੂਰਾ ਟੱਬਰ ਪੁੱਤ, ਪੋਤੇ ਸਭ ਰਾਤ ਨੂੰ ਇਕੱਠੇ ਬੈਠ ਕੇ ਬਾਬੇ ਦੀਆਂ ਬਾਤਾਂ, ਕਹਾਣੀਆਂ ਸੁਣਦੇ ਅਤੇ ਹੋਰ ਜ਼ਿੰਦਗੀ ਨਾਲ ਸਬੰਧਿਤ ਵਿਸ਼ੇਸ਼ ਗਿਆਨ ਦਾ ਵਿਚਾਰ-ਵਟਾਂਦਰਾ ਕਰਦੇ ਅਤੇ ਉਸ ਸਮੇਂ ਘਰ ਵਿੱਚ ਹਰ ਕੰਮ ਘਰ ਦੇ ਸਿਆਣੇ ਬਜ਼ੁਰਗਾਂ ਦੀ ਸਲਾਹ ਨਾਲ ਕੀਤਾ ਜਾਂਦਾ ਸੀ। ਜਿਸਨੂੰ ਕਿ ਘਰ ਦਾ ਮੁਖੀ ਜਾਂ ਪ੍ਰਮੁੱਖ ਲਾਣੇਦਾਰ ਵਜੋਂ ਜਾਣਿਆ ਜਾਂਦਾ ਸੀ ਜਿਸ ਦੇ ਨਾਮ ਤੋਂ ਹੀ ਪੂਰੇ ਪੰਜ ਪਿੰਡਾਂ ਵਿੱਚ ਦਾਦੇ, ਪੜਦਾਦੇ ਦੇ ਨਾਮ ਨਾਲ ਹੀ ਪੂਰੇ ਟੱਬਰ ਦੀ ਪਛਾਣ ਲਈ ਵੱਡੇ-ਵਡੇਰਿਆਂ ਦੇ ਗੋਤ ਜਾਂ ਨਾਮ ਨਾਲ ਪਛਾਣ ਲਈ ਬੁਲਾਇਆ ਜਾਂਦਾ ਸੀ ਕਿ ਫਲਾਣਿਆਂ ਦੇ ਘਰ ਜਾਣਾ ਹੈ।

ਸਮਾਂ ਬਦਲਿਆ ਅਤੇ ਵਿਗਿਆਨ ਦਾ ਪਸਾਰ ਹੋਇਆ, ਜਿਥੇ ਇਸ ਦੁਆਰਾ ਸਮਾਜ ਵਿੱਚ ਤਰੱਕੀ ਦੀਆਂ ਰਾਹਾਂ ਖੁੱਲ ਗਈਆਂ ਉੱਥੇ ਨਾਲ ਹੀ ਨਾਲ 'ਗੂਗਲ ਬਾਬੇ' ਨੇ ਸਾਡੇ ਅਸਲੀ ਬਾਬੇ ਸਾਡੇ ਪੁੱਤ ਪੋਤਰਿਆਂ ਤੋਂ ਦੂਰ ਕਰ ਦਿੱਤੇ। ਅੱਜ ਹਰ ਇੱਕ ਬੱਚਾ ਜੋ ਕਿ ਹਰ ਸਮੇਂ ਮੋਬਾਇਲ ਵਿੱਚ ਹੀ ਵੜਿਆ ਰਹਿੰਦਾ ਹੈ ਉਸ ਨੂੰ ਆਪਣੇ ਦਾਦੇ, ਪੜਦਾਦੇ ਦਾ ਨਾਮ ਤੱਕ ਪਤਾ ਨਹੀਂ ਹੁੰਦਾ। ਉਂਝ ਭਾਵੇਂ ਉਸਨੇ ਗੂਗਲ ਬਾਬੇ ਰਾਹੀਂ ਪੂਰੇ ਸੰਸਾਰ ਦੇ ਗ੍ਰਹਿ ਮੰਡਲਾਂ ਦੇ ਨਾਮ ਰੱਟ ਲਏ ਹਨ, ਇਸ ਪ੍ਰਕਾਰ ਅਜੋਕੇ ਸਮੇਂ ਦੌਰਾਨ ਸਾਡੇ ਬੱਚੇ ਜਾਂ ਨੌਜਵਾਨ ਬਜ਼ੁਰਗਾਂ ਕੋਲੋਂ ਗਿਆਨ ਪ੍ਰਾਪਤ ਕਰਨਾ ਤਾਂ ਦੂਰ ਦੀ ਗੱਲ, ਉਹਨਾਂ ਕੋਲ ਇੱਕ ਮਿੰਟ ਖੜ੍ਹਨ ਵਿੱਚ ਵੀ ਆਪਣੀ ਬੇਇੱਜ਼ਤੀ ਮਹਿਸੂਸ ਕਰਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਇਹ ਬੁੱਢੇ ਇਸ ਨਵੀਂ ਤਕਨਾਲੋਜੀ ਬਾਰੇ ਕੀ ਜਾਣਦੇ ਹੋਣਗੇ ? ਪ੍ਰੰਤੂ ਇਹ ਨਹੀਂ ਪਤਾ ਕਿ ਜੋ ਸੰਸਕਾਰਾਂ ਦਾ ਗਿਆਨ ਜਾ ਉਮਰਾਂ ਦੇ ਤਜ਼ਰਬੇ ਉਹਨਾਂ ਤੋਂ ਪ੍ਰਾਪਤ ਕਰ ਸਕਦੇ ਹਾਂ ਉਹ ਕੋਈ ਗੂਗਲ ਜਾਂ ਕੋਈ ਹੋਰ ਸਾਧਨ ਰਾਹੀਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇਸ ਦੌਰਾਨ ਬਜ਼ੁਰਗ ਵੀ ਆਪਣੇ ਆਪ ਨੂੰ ਟੁੱਟਿਆਂ ਹੋਇਆ ਅਤੇ ਇੱਕਲਾਪਣ ਮਹਿਸੂਸ ਕਰਦੇ ਹਨ। ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਜੰਗਾਂ ਜਿੱਤ ਕੇ ਉਹ ਅੰਤ ਆਪਣਿਆਂ ਤੋਂ ਹੀ ਹਾਰਕੇ-ਟੁੱਟਕੇ ਬੈਠ ਜਾਂਦੇ ਹਨ ਅਤੇ ਆਪਣੇ ਪੁੱਤ ਪੋਤਰਿਆਂ ਪ੍ਰਤੀ ਸਨੇਹ ਅਤੇ ਪਿਆਰ ਦੇ ਵਲਵਲੇ ਆਪਣੇ ਦਿਲ ਵਿੱਚ ਹੀ ਦਫ਼ਨ ਕਰ ਲੈਂਦੇ ਹਨ। ਪੁੱਤ-ਪੋਤਿਆ ਦੀਆਂ ਖੁਸ਼ੀਆਂ ਲਈ ਉਹ ਆਪਣੇ ਵਤਨ ਨੂੰ ਅਤੇ ਆਪਣੀ ਜ਼ਿੰਦਗੀ ਦੀਆਂ ਯਾਦਾਂ ਨੂੰ ਪਿੱਛੇ ਛੱਡਕੇ ਬੇਗਾਨੇ ਮੁਲਕ ਵਿੱਚ ਇੱਕ ਬੰਦ ਪਿੰਜਰੇ ਦੇ ਤੋਤੇ ਵਾਂਗੂ ਆਪਣਾ ਜੀਵਨ ਬਤੀਤ ਕਰਦੇ ਹੋਏ ਵਿਖਾਈ ਦਿੰਦੇ ਹਨ ਆਪਣੇ ਵਤਨ ਜਿੱਥੇ ਬਜ਼ੁਰਗਾਂ ਨੇ ਸਾਰੀ ਉਮਰ ਸਰਦਾਰੀ ਕੀਤੀ ਅਤੇ ਗੱਡੇ ਚਲਾਏ ਅਤੇ ਮੁਰੱਬਿਆਂ ਦੇ ਮਾਲਕ ਕਹਾਏ ਉਥੇ ਉਹ ਬੇਗਾਨੇ ਦੇਸ਼ ਵਿੱਚ ਗੱਡੀ ਦੀ ਇਕ ਸਵਾਰੀ ਬਣ ਕੇ ਰਹਿ ਜਾਂਦੇ ਹਨ, ਜਿਥੇ ਕਿ ਆਪਣੇ ਦੇਸ਼ ਵਿੱਚ ਉਹਨਾਂ ਦੀਆਂ ਗੱਡੀਆਂ ਕਾਰਾਂ ਚੱਲਦੀਆਂ ਸਨ। ਉਹਨਾਂ ਦੇ ਮਨ ਵਿੱਚ ਹਮੇਸ਼ਾ ਇਕੋ ਇੱਕ ਡਰ ਲੱਗਿਆ ਰਹਿੰਦਾ ਹੈ ਕਿ ਕਿਧਰੇ ਅਸੀਂ ਬੇਗਾਨੇ ਦੇਸ਼ ਵਿੱਚ ਹੀ ਨਾ ਮਰ ਮੁੱਕ ਜਾਈਏ । ਇਸ ਤਰਾਂ ਉਹਨਾਂ ਦੇ ਦਿਲ ਵਿੱਚ ਆਪਣੇ ਵਤਨ ਵਿੱਚ ਬਤੀਤ ਕੀਤਾ ਇੱਕ ਲੰਬਾ ਸਮਾਂ ਜੋ ਕਿ ਹਰ ਪਲ ਉਹਨਾਂ ਦੀਆਂ ਝੁਰੜੀਆਂ ਅਤੇ ਨਮ ਹੋਈਆਂ ਅੱਖਾਂ ਵਿੱਚੋਂ ਸਾਫ਼ ਝਲਕਦਾ ਹੈ। ਇਸ ਤਰਾਂ ਬਜ਼ੁਰਗ ਜੋ ਕਿ ਦੋ ਹਿੱਸਿਆਂ ਵਿੱਚ ਵੰਡ ਕੇ ਰਹਿ ਜਾਂਦੇ ਹਨ ਉਹਨਾਂ ਦਾ ਸਰੀਰ ਭਾਵੇਂ ਬੇਗਾਨੇ ਦੇਸ਼ ਵਿੱਚ ਪ੍ਰੰਤੂ ਆਤਮਾ ਅਤੇ ਮਨ ਹਮੇਸ਼ਾ ਆਪਣੇ ਦੇਸ਼ ਦੀ ਮਿੱਟੀ ਨੂੰ ਹੀ ਤਰਸਦਾ ਰਹਿੰਦਾ ਹੈ, ਕਿ ਅੱਜ ਭਾਵੇਂ ਕੱਲ, ਸਾਨੂੰ ਆਪਣੇ ਦੇਸ਼ ਦੀ ਮਿੱਟੀ ਵਿੱਚ ਹੀ ਮਿਲਾ ਦਿੱਤਾ ਜਾਵੇ। ਸੋ ਇਸ ਪ੍ਰਕਾਰ ਬਜ਼ੁਰਗਾਂ ਦੀਆਂ ਦਿਲ ਦੀਆਂ ਦਿਲ ਵਿੱਚ ਹੀ ਰਹਿ ਜਾਂਦੀਆਂ ਹਨ ਅਤੇ ਉਹ ਆਪਣੇ ਪੁੱਤ ਪੋਤਰਿਆਂ ਦੀ ਖੁਸ਼ੀ ਲਈ ਆਪਣੀਆਂ ਖੁਸ਼ੀਆਂ ਦੀ ਪ੍ਰਵਾਹ ਕੀਤੇ ਬਿਨਾ ਉਨ੍ਹਾਂ ਨਾਲ ਮਿੱਠੀ ਜੇਲ੍ਹ ਵਿੱਚ ਚਲੇ ਜਾਂਦੇ ਹਨ ਜਿਥੇ ਕਿ ਸਭ ਸੁੱਖ ਸੁਵਿਧਾਵਾਂ ਪੈਸੇ ਅਤੇ ਸੈਂਕੜੇ ਪਕਵਾਨ ਪਰ ਫਿਰ ਵੀ ਉਹਨਾਂ ਦੇ ਦਿਲ ਅਤੇ ਮਨ ਹਮੇਸ਼ਾ ਆਪਣੇ ਵਤਨ ਨੂੰ ਵੇਖਣ ਅਤੇ ਆਪਣੇ ਦੇਸ਼ ਦੀ ਮਿੱਟੀ ਦਾ ਨਿੱਘ ਮਾਨਣ ਲਈ ਹਮੇਸ਼ਾ ਤੜਫਦੇ ਰਹਿੰਦੇ ਹਨ ਇਥੋਂ ਤੱਕ ਤਾਂ ਠੀਕ ਹੈ ਕਿ ਬਗਾਨੇ ਮੁਲਕ ਵਿੱਚ ਉਹਨਾਂ ਨੂੰ ਇੱਕਲਾਪਣ ਅਤੇ ਆਪਣੇ ਮੁਲਕ ਤੋਂ ਦੂਰੀ ਵੱਢ-ਵੱਢ ਖਾਂਦੀ ਹੈ, ਪਰ ਸਭ ਤੋਂ ਭਿਆਨਕ ਦ੍ਰਿਸ਼ ਜੋ ਕਿ ਸਾਡੇ ਆਪਣੇ ਵਤਨ ਵਿੱਚ ਬਜ਼ੁਰਗਾਂ ਦੀ ਘਰ ਵਿੱਚ ਹੁੰਦੀ ਬੇਕਦਰੀ ਅਤੇ ਆਪਣਿਆਂ ਤੋਂ ਬਣਾਈ ਗਈ ਦੂਰੀ ਜੋ ਕਿ ਉਹਨਾਂ ਨੂੰ ਜਿਉਂਦੇ-ਜੀਅ ਮਰਨ ਦੇ ਬਰਾਬਰ ਲੱਗਦੀ ਹੈ ਕਿਉਂਕਿ ਜਿਸ ਸਮੇਂ ਉਹਨਾਂ ਨੂੰ ਆਪਣੇ ਪਰਿਵਾਰ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ ਉਸ ਸਮੇਂ ਹੀ ਉਸ ਨੂੰ ਸਭ ਪਰਿਵਾਰ ਤੋਂ ਦੂਰ ਇੱਕ ਦੂਰ ਕਮਰੇ ਜਾਂ ਫਿਰ ਤੂੜੀ ਵਾਲੇ ਕੋਠੇ ਅੰਦਰ ਸਭ ਤੋਂ ਪੁਰਾਣਾ ਟੁੱਟਿਆ ਬਾਣ ਦਾ ਮੰਜਾ ਅਤੇ ਸਭ ਤੋਂ ਘਟੀਆ ਬਿਸਤਰਾ ਦੇਣਗੇ ਤਾਂ ਉਸ ਸਮੇਂ ਲਗਦਾ ਹੈ ਕਿ ਅੱਜ ਸਭ ਕੀਤੀਆਂ ਕਮਾਈਆਂ 'ਤੇ ਪਾਣੀ ਫਿਰ ਗਿਆ ਹੋਵੇ। ਇਹ ਸਮਾਂ ਇਹੋ-ਜਿਹਾ ਹੁੰਦਾ ਹੈ ਜਿਸ ਵਿੱਚ ਭਾਵੇਂ ਕੋਈ ਅਮੀਰ ਜਾਂ ਗਰੀਬ ਹੋਵੇ ਫਿਰ ਵੀ ਹਰ ਪਾਸਿਓਂ ਤੰਗੀ ਮਹਿਸੂਸ ਹੁੰਦੀ ਹੈ। ਜਿਸ ਸਮੇਂ ਸਰੀਰ ਦਾ ਹਰ ਅੰਗ ਨਿਰਬਲ ਹੋ ਜਾਂਦਾ ਹੈ। ਭਾਵੇਂ ਪੁੱਤਰ, ਧੀਆਂ ਅਤੇ ਨੂੰਹਾਂ ਕਿੰਨੇ ਵੀ ਨੇਕ ਹੋਣ ਤਾਂ ਵੀ ਬੁੱਢੇ ਦੀ ਘਰ ਵਿੱਚ ਘੱਟ ਹੀ ਸਦ-ਪੁੱਛ ਹੁੰਦੀ ਹੈ। ਭਾਵੇਂ ਉਸਨੇ ਆਪਣੀ ਜ਼ਿੰਦਗੀ ਵਿੱਚ ਕਿੰਨੇ ਹੀ ਚੰਗੇ ਕੰਮ ਕੀਤੇ ਹੋਣ ਜਾਂ ਕਮਾਈਆਂ ਕਰ-ਕਰ ਘਰ ਭਰੇ ਹੋਣ ਫਿਰ ਵੀ ਅੰਤ ਸਮੇਂ ਆਪਣੇ ਹੀ ਉਸ ਨੂੰ ਘਰ ਉੱਪਰ ਬੋਝ ਸਮਝਣ ਲੱਗ ਪੈਂਦੇ ਹਨ ਘਰ ਵਿੱਚ ਪੁੱਤਰਾਂ, ਨੂੰਹਾਂ ਨੂੰ ਬੁੱਢੇ ਦੀ ਗੱਲ ਚੰਗੀ ਨਹੀਂ ਲੱਗਦੀ ਕਿਉਂਕਿ ਉਹ ਆਪਣੇ ਸਮੇਂ ਮੁਤਾਬਿਕ ਗੱਲ ਕਰਦਾ ਹੈ।

ਇਸ ਪ੍ਰਕਾਰ ਜਵਾਨੀ ਵੇਲੇ ਦੀਆਂ ਗਲਤੀਆਂ ਵੱਡੀਆਂ ਤੋਂ ਵੱਡੀਆਂ ਭੁੱਲ ਜਾਂਦੀਆਂ ਹਨ ਪਰ ਜੇ ਬੁਢਾਪੇ ਸਮੇਂ ਰੱਬ ਨਾ ਕਰੇ ਕੋਈ ਭੁੱਲ ਹੋ ਜਾਵੇ ਤਾਂ ਆਖਣਗੇ, ਕਿਉਂ ਧੌਲ਼ੇ ਰੋਲਦਾ ਪਿਆ ? ਧੌਲਿਆਂ ਦੀ ਸ਼ਰਮ ਕਰ। ਜਵਾਨੀ ਰਾਤ ਵਰਗੀ ਹੈ ਤੇ ਬੁਢਾਪਾ ਦਿਨ ਵਰਗਾ। ਰਾਤ ਕਾਲੀ ਹੁੰਦੀ ਹੈ, ਕੁਝ ਘੱਟ ਦਿਸਦਾ ਹੈ, ਬੁਢਾਪਾ ਚਾਨਣ ਹੈ। ਆਖਣਗੇ ਦਾਹੜੀ ਵੱਲ ਤਾਂ ਵੇਖ ਦਿਨ ਚੜ੍ਹਿਆ ਪਿਆ ਹੈ। ਬੁੱਢੇ ਹੋਏ ਤੋਂ ਖੁਰਾਕ ਬਹੁਤ ਖਾ ਨਹੀਂ ਹੁੰਦੀ। ਪਰ ਇਸ ਨੂੰ ਮਖੌਲ ਕਰਦੇ ਹਨ, ਬਾਬਾ ਖਾ ਗਿਆ ਰੋਟੀਆਂ ਦਾ ਛਾਬਾ। ਕਈ ਬੁੱਢੇ ਹੁੰਦੇ ਵੀ ਚੰਗੇ ਢੰਗ ਨਾਲ ਗੱਲ ਕਰਦੇ ਹਨ। ਇੱਕ ਵਾਰ ਦੀ ਗੱਲ ਹੈ ਕਿ ਇੱਕ ਬੁੱਢੇ ਦੇ ਘਰ ਪਸ਼ੂਆਂ ਹੇਠ ਦੁੱਧ ਘਟ ਗਿਆ। ਨੂੰਹ ਨੇ ਬੁੱਢੇ ਦਾ ਦੁੱਧ ਬੰਦ ਕਰ ਦਿੱਤਾ। ਇੱਕ ਦੋ ਦਿਨ ਤਾਂ ਬੁੱਢੇ ਨੇ ਸੋਚਿਆ ਕਿ ਖਬਰੇ ਭੁੱਲ ਗਏ ਹੋਣਗੇ ਪ੍ਰੰਤੂ ਤੀਜੇ ਦਿਨ ਸ਼ਾਮ ਦੇ ਵਕਤ ਜਦੋਂ ਬਾਹਰੋਂ ਮੁੰਡਾ ਆਇਆਂ ਤਾਂ ਬੁੱਢਾ ਨਕਲੀ ਨਿਢਾਲ ਜਿਹਾ ਹੋ ਕੇ ਮੰਜੇ 'ਤੇ ਪੈ ਗਿਆ। ਜਦ ਪੁੱਤ ਬਾਹਰੋਂ ਅੰਦਰ ਵੜਦਿਆਂ ਬੁੱਢੇ ਦੇ ਮੰਜੇ ਦੇ ਕੋਲ ਦੀ ਲੰਘਦਿਆਂ ਹੋਇਆਂ ਪੁੱਛਿਆ, ਬਾਪੂ ਕੀ ਗੱਲ ਹੈ ਤਾਪ ਤਾਂ ਨਹੀਂ ਚੜ ਗਿਆ ? ਕੁਝ ਢਿੱਲਾ ਦਿਸਦਾ ਹੈ...? ਬਾਬਾ ਥੋੜਾ ਮੱਧਮ ਆਵਾਜ਼ ਵਿੱਚ ਬੋਲਿਆ, ਨਹੀਂ ਭਾਈ ਦੁੱਧ ਪੀਣ ਦੀ ਆਦਤ ਸੀ ਹੁਣ ਕਈ ਦਿਨਾਂ ਤੋਂ ਦੁੱਧ ਨਹੀਂ ਮਿਲਿਆ। ਉਸਨੇ ਆਪਣੀ ਘਰ ਵਾਲੀ ਨੂੰ ਸੱਦ ਕੇ ਪੁੱਛਿਆ, ਬਾਪੂ ਦਾ ਦੁੱਧ ਕਿਉਂ ਬੰਦ ਕਰ ਦਿੱਤਾ ? ਉਸ ਨੇ ਦੱਸਿਆ ਡੰਗਰਾਂ ਹੇਠ ਦੁੱਧ ਘਟ ਗਿਆ ਹੈ ਬਾਕੀ ਬੱਚਿਆਂ ਨੂੰ ਪਿਆ ਦੇਈਦਾ। ਇਹ ਸਭ ਕੁਝ ਸੁਣ ਕੇ ਬੁੱਢਾ ਝੱਟੇ ਮੰਜੇ ਤੋਂ ਖੜ੍ਹਾ ਹੋ ਜਾਂਦਾ ਹੈ ਅਤੇ ਆਖਦਾ ਹੈ ਕਿ ਭਾਈ ਬੱਚੇ ਤਾਂ ਹਾਲੇ ਬੱਚੇ ਹੀ ਨੇ , ਮੈਂ ਪਲਿਆ ਪਲਾਇਆ ਕੋਲੋਂ ਸੱਠਾਂ ਸਾਲਾਂ ਦਾ ਜਾਂਦਾ ਹਾਂ। ਇਹ ਸੁਣ ਸਭ ਦਾ ਹਾਸਾ ਨਿਕਲ ਜਾਂਦਾ ਹੈ ਅਤੇ ਫਿਰ ਸਭ ਪਰਿਵਾਰ ਨੂੰ ਕਿਹਾ ਜਾਂਦਾ ਹੈ ਕਿ ਭਾਵੇਂ ਮੱਝਾਂ ਹੇਠ ਦੁੱਧ ਘੱਟ ਗਿਆ ਹੋਵੇ ਜਾਂ ਚਾਹ ਬਣਾਉਣ ਲਈ ਬਚੇ ਜਾ ਨਾ ਬਚੇ, ਪਰ ਜਦੋਂ ਤੱਕ ਬਾਪੂ ਦਾ ਪੁੱਤਰ ਜਿਉਂਦਾ ਹੈ ਬਾਪੂ ਨੂੰ ਦੁੱਧ ਜਰੂਰ ਮਿਲੇਗਾ। ਇਸ ਤਰਾਂ ਪੁੱਤਰ ਦੀ ਇਹ ਗੱਲ ਸੁਣਕੇ ਬੁੱਢੇ ਦੀਆਂ ਅੱਖਾਂ ਵਿੱਚ ਪਾਣੀ ਆ ਜਾਂਦਾ ਹੈ ਅਤੇ ਉਹ ਆਪਣੇ ਕੋਲ ਖੜੇ ਪੋਤਰਿਆਂ ਨੂੰ ਕਹਿੰਦਾ ਹੈ ਕਿ ਤੁਸੀਂ ਵੀ ਆਪਣੇ ਪਿਤਾ ਵਾਂਗ ਇੱਕ ਚੰਗੇ ਸੰਸਕਾਰ ਗ੍ਰਹਿਣ ਕਰਿਓ ਅਤੇ ਹਮੇਸ਼ਾ ਘਰ ਵਿੱਚ ਵੱਡਿਆ ਦਾ ਸਤਿਕਾਰ ਕਰਦੇ ਰਿਹੋ । ਇਸ ਪ੍ਰਕਾਰ ਅਜੋਕੇ ਸਮੇਂ ਵਿੱਚ ਬਿਰਧ ਅਵਸਥਾ ਵਿੱਚ ਪਹੁੰਚ ਚੁੱਕੇ ਬਜ਼ੁਰਗਾਂ ਦੇ ਦਿਲ ਦੇ ਵਲਵਲਿਆ ਅਤੇ ਦੁੱਖ ਤਕਲੀਫ਼ਾਂ ਨੂੰ ਪੇਸ਼ ਕਰਦੀ ਇਹ ਕਹਾਣੀ ਦੱਸਦੀ ਹੈ ਕਿ ਹੁਣ ਜੇ ਟਹਿਲ ਹੁੰਦੀ ਹੈ ਉਹ ਵੀ ਥੋੜੀ ਬਹੁਤੀ ਉਸ ਬਿਰਧ ਦੀ ਹੁੰਦੀ ਹੈ ਜਿਸ ਨੂੰ ਪੈਨਸ਼ਨ ਮਿਲਦੀ ਹੈ ਜਾਂ, ਬੈਂਕ ਵਿੱਚ ਕੁਝ ਰਕਮ ਜਮ੍ਹਾ ਹੋਵੇ। ਇਹ ਭਾੜੇ ਕਿਰਾਏ ਦੀ ਸੇਵਾ ਨਾ ਹੋਣ ਦੇ ਬਰਾਬਰ ਹੈ। ਜਿਹੜਾ ਬੁੱਢਾ ਆਪਣੇ ਪੁੱਤ ਪੋਤਰਿਆਂ ਦੇ ਮੋਹ ਵਿੱਚ ਆ ਕੇ ਲੁੱਟਿਆ ਗਿਆ, ਜਿਸ ਕੋਲੋਂ ਹੋਰ ਕੁਝ ਮਿਲਣ ਦੀ ਆਸ ਨਹੀਂ, ਉਸ ਦੀ ਸੇਵਾ ਨਾਂ ਹੋਣ ਦੇ ਬਰਾਬਰ ਹੈ। ਇਸ ਤਰਾਂ ਚਾਹੇ ਕੋਈ ਕਿਤਨੇ ਤੀਰਥ ਕਰ ਲਵੇ, ਪੁੰਨ ਦਾਨ ਕਰ ਲਏ ਜੇ ਉਹ ਮਾਤਾ-ਪਿਤਾ ਦਾ ਸੇਵਾ ਨਹੀਂ ਕਰਦਾ ਉਸ ਦੇ ਵਰਤ ਕੰਮ ਕੀਤੇ ਨਿਰਫਲ ਹਨ। ਜਵਾਨੀ ਉਹ ਹੈ ਜੋ ਜਾਕੇ ਆਉਂਦੀ ਨਹੀਂ, ਬੁਢਾਪਾ ਉਹ ਹੈ ਜੋ ਕਿ ਆ ਕੇ ਜਾਂਦਾ ਨਹੀਂ ।

# ਕਿਵੇਂ ਦਾ ਰਿਹੈ ਪਾਲੀਵੁੱਡ ’ਚ ਸਾਲ 2022

## ਪੰਜਾਬੀ ਇੰਡਸਟਰੀ ਦੇ ਕਲਾਕਾਰ ਮਨਕੀਰਤ ਔਲਖ, ਜੈਨੀ ਜੌਹਲ, ਪਰਮੀਸ਼ ਵਰਮਾ, ਸ਼ੈਰੀ ਮਾਨ ’ਤੇ ਗੁਰਦਾਸ ਮਾਨ ਦਾ ਰਿਹਾ ਵਿਵਾਦਾਂ ਨਾਲ ਨਾਤਾ

### ਪੰਜਾਬੀ ਫ਼ਿਲਮ ‘ਦਾਸਤਾਨ-ਏ-ਸਰਹਿੰਦ’ ਦੇ ਕਾਰਨ ਸਿੱਖ ਕੌਮ ਦੇ ਨਿਸ਼ਾਨੇ ’ਤੇ ਰਹੇ ਅਦਾਕਾਰ ਗੁਰਪ੍ਰੀਤ ਘੁੱਗੀ







ਮਨਕੀਰਤ ਔਲਖ ਸਾਲ 2022 ਦੀਆਂ ਸਭ ਤੋਂ ਵਿਵਾਦਤ ਸ਼ਖ਼ਸੀਅਤਾਂ ’ਚੋਂ ਇੱਕ ਰਿਹਾ ਹੈ। ਜਦੋਂ ਤੋਂ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ, ਉਦੋਂ ਤੋਂ ਹੀ ਮਨਕੀਰਤ ਔਲਖ ਸ਼ੱਕ ਦੇ ਘੇਰੇ ਵਿਚ ਆ ਗਿਆ। ਪਰ ਪੰਜਾਬ ਪੁਲਿਸ ਦੀ ਜਾਂਚ ਵਿੱਚ ਔਲਖ ਬੇਗੁਨਾਹ ਪਾਇਆ ਗਿਆ। ਇਸ ਤੋਂ ਬਾਅਦ ਗੈਂਗਸਟਰਾਂ ਵੱਲੋਂ ਧਮਕੀਆਂ ਮਿਲਣ ਤੋਂ ਬਾਅਦ ਮਨਕੀਰਤ ਕੈਨੇਡਾ ਚਲਾ ਗਿਆ ਸੀ। ਇਸ ਗੱਲ ’ਤੇ ਵੀ ਕਾਫ਼ੀ ਵਿਵਾਦ ਹੋਇਆ ਸੀ।

ਜੈਨੀ ਜੌਹਲ ਆਪਣੇ ਗਾਣੇ ‘ਲੈਟਰ ਟੂ ਸੀ ਐਮ’ ਤੋਂ ਬਾਅਦ ਚਰਚਾ ਵਿੱਚ ਆਈ। ਇਸ ਗਾਣੇ ਵਿਚ ਜੈਨੀ ਪੰਜਾਬ ਸਰਕਾਰ ’ਤੇ ਤਿੱਖੇ ਨਿਸ਼ਾਨੇ ਲਾਉਂਦੀ ਨਜ਼ਰ ਆਈ ਸੀ। ਇਸ ਦੇ ਨਾਲ ਨਾਲ ਉਸ ਨੇ ਸਿੱਧੂ ਮੂਸੇਵਾਲਾ ਲਈ ਇਨਸਾਫ਼ ਦੀ ਮੰਗ ਵੀ ਕੀਤੀ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਦੀ ਸ਼ਿਕਾਇਤ ’ਤੇ ਇਸ ਗਾਣੇ ਨੂੰ ਯੂਟਿਊਬ ਤੋਂ ਹਟਵਾ ਦਿੱਤਾ ਗਿਆ ਸੀ।

ਪਰਮੀਸ਼ ਵਰਮਾ ਲਈ ਸਾਲ 2022 ਵਿਵਾਦਾਂ ਵਾਲਾ ਰਿਹਾ। ਪਰਮੀਸ਼ ਨੂੰ ਸ਼ੈਰੀ ਮਾਨ ਨੇ ਲਾਈਵ ਹੋ ਕੇ ਸ਼ਰਾਬ ਦੇ ਨਸ਼ੇ ਵਿਚ ਗੰਦੀਆਂ ਗਾਲਾਂ ਕੱਢੀਆਂ ਸੀ। ਇਸ ਤੋਂ ਬਾਅਦ



ਪਰਮੀਸ਼ ਵੀ ਚੁੱਪ ਨਹੀਂ ਰਿਹਾ। ਉਸ ਨੇ ਸੋਸ਼ਲ ਮੀਡੀਆ ਪੋਸਟ ’ਚ ਸ਼ੈਰੀ ਨੂੰ ਸ਼ਰੇਆਮ ਗਧਾ ਕਿਹਾ ਸੀ। ਇਹੀ ਨਹੀਂ ਪਰਮੀਸ਼ ਦਾ ਬੀ ਪਰਾਕ ਨਾਲ ਵੀ ਵਿਵਾਦ ਹੋਇਆ ਸੀ। ਬੀ ਪਰਾਕ ਨੇ ਪਰਮੀਸ਼ ਨੂੰ ਪੈਂਨ ਡਰਾਈਵ ਆਰਟਿਸਟ ਕਿਹਾ ਤਾਂ ਪਰਮੀਸ਼ ਨੇ ਵੀ ਸੋਸ਼ਲ ਮੀਡੀਆ ’ਤੇ ਇਸ ਦਾ ਕਰਾਰਾ ਜਵਾਬ ਦਿੱਤਾ। ਇੱਕ ਨਿੱਜੀ ਚੈਨਲ ਵੱਲੋਂ ਇਹ ਮਾਮਲਾ ਚੁੱਕੇ ਜਾਣ ’ਤੇ ਪਰਮੀਸ਼ ਕਾਫੀ ਨਾਰਾਜ਼ ਹੋਇਆ ਸੀ। ਇਹੀ ਨਹੀਂ ਪਰਮੀਸ਼ ਨੇ ਉਸ ਚੈਨਲ ਨੂੰ ਚੰਗੀ ਝਾੜ ਵੀ ਪਾਈ ਸੀ।

ਸ਼ੈਰੀ ਮਾਨ ਲਈ ਇਹ ਸਾਲ ਕੁੱਝ ਜ਼ਿਆਦਾ ਠੀਕ ਨਹੀਂ ਰਿਹਾ। ਗਾਇਕ ਨੇ ਸ਼ਰਾਬ ਦੇ ਨਸ਼ੇ ’ਚ ਪਰਮੀਸ਼ ਵਰਮਾ ਨੂੰ ਗਾਲਾਂ ਕੱਢੀਆਂ। ਉਸ ਤੋਂ ਬਾਅਦ ਤੋਂ ਹੀ ਸ਼ੈਰੀ ਨਫ਼ਰਤ ਕਰਨ ਵਾਲਿਆਂ (ਟਰੋਲਰਾਂ) ਦੇ ਨਿਸ਼ਾਨੇ ’ਤੇ ਆ ਗਿਆ। ਸੋਸ਼ਲ ਮੀਡੀਆ ’ਤੇ ਉਸ ਨੂੰ ਕਾਫੀ ਟਰੋਲ ਕੀਤਾ ਗਿਆ। ਇਹੀ ਨਹੀਂ ਗਾਇਕ ਨੂੰ ਪੰਜਾਬੀ ਇੰਡਸਟਰੀ ਦੇ ਕਈ ਕਲਾਕਾਰਾਂ ਤੋਂ ਵੀ ਖਰੀਆਂ ਖਰੀਆਂ ਸੁਣਨੀਆਂ ਪਈਆਂ। ਇਸ ਤੋਂ ਬਾਅਦ ਸ਼ੈਰੀ ਨੂੰ ਪਰਮੀਸ਼ ਤੋਂ ਮੁਆਫ਼ੀ ਮੰਗਣੀ ਪਈ।

ਗੁਰਦਾਸ ਮਾਨ ਨੇ ਇਸ ਸਾਲ ਆਪਣਾ ਗਾਣਾ ‘ਗੱਲ ਸੁਣੋ ਪੰਜਾਬੀ ਦੋਸਤੋ’ ਰਿਲੀਜ਼ ਕੀਤਾ। ਇਸ ਤੋਂ ਬਾਅਦ ਗੁਰਦਾਸ ਮਾਨ ਕਾਫੀ ਵਿਵਾਦਾਂ ਵਿਚ ਆ ਗਏ। ਇਹੀ ਨਹੀਂ ਗਾਇਕ ਨੂੰ ਸੋਸ਼ਲ ਮੀਡੀਆ ’ਤੇ ਕਾਫੀ ਨਫ਼ਰਤ ਝੱਲਣੀ ਪਈ। ਇਹ ਇਸ ਕਰਕੇ ਹੋਇਆ ਕਿਉਂਕਿ 2019 ’ਚ ਗੁਰਦਾਸ ਮਾਨ ਨੇ ਇੱਕ ਵਿਵਾਦਤ ਬਿਆਨ ਦਿੱਤਾ ਸੀ। ਇਹ ਮਾਮਲਾ ਸਾਲ 2019 ਦਾ ਹੈ ਜਦੋਂ ਮਾਨ ਆਪਣੇ ਪੰਜਾਬੀ ਤੇ ਹਿੰਦੀ ਭਾਸ਼ਾ ’ਤੇ ਬਿਆਨ ਨੂੰ ਲੈ ਕੇ ਵਿਵਾਦਾਂ ’ਚ ਘਿਰ ਗਏ ਸੀ। ਉਹਨਾਂ ਨੇ ਆਪਣੀ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਸੀ ਕਿ ਦੇਸ਼ ’ਚ ਇੱਕ ਭਾਸ਼ਾ ਹੀ ਹੋਣੀ ਚਾਹੀਦੀ ਹੈ। ਭਾਵ ਜਿਵੇਂ ਕੋਈ ਉੱਤਰ ਭਾਰਤੀ ਦੱਖਣੀ ਭਾਰਤ ਜਾ ਰਿਹਾ ਹੈ ਤਾਂ ਇੱਕ ਭਾਸ਼ਾ ਹੋਣ ਨਾਲ ਉਸ ਨੂੰ ਅਸਾਨੀ ਹੋਵੇਗੀ। ਉਹਨਾਂ ਨੇ ਪੰਜਾਬੀ ਨੂੰ ਮਾਂ ਬੋਲੀ ਤੇ ਹਿੰਦੀ ਨੂੰ ਮਾਸੀ ਕਿਹਾ ਸੀ। ਜਿਸ ਤੋਂ ਬਾਅਦ ਮਾਨ ਦਾ ਸੋਸ਼ਲ ਮੀਡੀਆ ’ਤੇ ਜ਼ਬਰਦਸਤ ਵਿਰੋਧ ਹੋਇਆ ਸੀ।

.ਪੰਜਾਬੀ ਅਦਾਕਾਰ ਕਰਤਾਰ ਚੀਮਾ ਵੀ ਇਸ ਸਾਲ ਵਿਵਾਦਾਂ ਵਿੱਚ ਰਹੇ। ਦਰਅਸਲ, ਅਦਾਕਾਰ ’ਤੇ ਐਨ.ਐਸ.ਯੂ.ਆਈ. ਦੇ ਪ੍ਰਧਾਨ ਅਕਸ਼ੈ ਕੁਮਾਰ ਨੇ ਕਥਿਤ ਪੈਸੇ ਦੇ ਵਿਵਾਦ ਲਈ ਗੈਂਗਸਟਰ ਗੋਲਡੀ ਬਰਾੜ ਰਾਹੀਂ ਧਮਕੀਆਂ ਦੇਣ ਦਾ ਦੋਸ਼ ਲਗਾਇਆ ਸੀ। ਅਕਸ਼ੈ ਦਾ ਦੋਸ਼ ਸੀ ਕਿ ਕਰਤਾਰ ਚੀਮਾ ਨੇ ਫ਼ਿਲਮ



ਬਣਾਉਣ ਲਈ ਉਸ ਤੋਂ ਲੱਖਾਂ ਰੁਪਏ ਲਏ ਸਨ ਪਰ ਜਦੋਂ ਵੀ ਪੈਸੇ ਵਾਪਸ ਮੰਗੇ ਜਾਂਦੇ ਸਨ ਤਾਂ ਉਹ ਗੈਂਗਸਟਰਾਂ ਨੂੰ ਬੁਲਾ ਲੈਂਦਾ ਸੀ। ਇਸਦੇ ਚੱਲਦੇ ਅੰਮ੍ਰਿਤਸਰ ਦੀ ਸਿਵਲ ਲਾਈਨ ਪੁਲਿਸ ਨੇ ਕਲਾਕਾਰ ਨੂੰ ਗ੍ਰਿਫ਼ਤਾਰ ਕੀਤਾ ਸੀ।

ਦਿਲਜੀਤ ਦੋਸਾਂਝ ਇਸ ਵੇਲੇ ਭਾਰਤ ’ਚ ਹੈ। ਗਾਇਕ ਹਾਲ ’ਚ ਹੀ ਆਪਣੇ ਮੁੰਬਈ ਕੰਸਰਟ ਲਈ ਭਾਰਤ ਪਰਤਿਆ। ਭਾਰਤ ਆਉਂਦੇ ਹੀ ਦਿਲਜੀਤ ਸੁਰਖੀਆਂ ਵਿਚ ਆ ਗਿਆ। ਇੱਕ ਇੰਟਰਵਿਊ ਦੌਰਾਨ ਦਿਲਜੀਤ ਨੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਪੰਜਾਬ ਸਰਕਾਰ ਦੀ ਨਾਲਾਇਕੀ ਦੱਸਿਆ ਸੀ। ਇਸ ਬਿਆਨ ਤੋਂ ਬਾਅਦ ਪੰਜਾਬ ’ਚ ਸਿਆਸਤ ਭਖ ਗਈ ਸੀ। ਕਈ ਸਿਆਸਤਦਾਨ ਦਿਲਜੀਤ ਦੇ ਬਿਆਨ ਦਾ ਖੁੱਲ ਕੇ ਸਮਰਥਨ ਕਰਦੇ ਨਜ਼ਰ ਆਏ ਸੀ।

ਪੰਜਾਬੀ ਫ਼ਿਲਮ ‘ਦਾਸਤਾਨ-ਏ-ਸਰਹਿੰਦ’ ਦੇ ਚੱਲਦੇ ਅਦਾਕਾਰ ਗੁਰਪ੍ਰੀਤ ਘੁੱਗੀ ਸੁਰਖੀਆਂ ਵਿੱਚ ਰਹੇ। ਦਰਅਸਲ, ਉਹਨਾਂ ਦੀ ਇਹ ਫ਼ਿਲਮ ਸਿੱਖ ਭਾਈਚਾਰੇ ਦੇ ਵਿਚਾਰਾਂ ਦੇ ਉਲਟ ਦੱਸੀ ਗਈ। ਜੋ ਕਿ ਉਹਨਾਂ ਦੀਆਂ ਭਾਵਨਾਵਾਂ ਨੂੰ ਦੁਖਾਉਂਦੀ ਹੈ। ਇਹ ਉਹ ਕਲਾਕਾਰ ਹਨ ਜੋ ਕਿਸੇ ਨਾ ਕਿਸੇ ਕਾਰਨ ਕਰਕੇ ਚਰਚਾ ਵਿੱਚ ਰਹੇ।

# ਇਮਤਿਆਜ਼ ਅਲੀ ਦੀ ‘ਚਮਕੀਲਾ’ ਵਿੱਚ ਨਜ਼ਰ ਆਉਣਗੇ ਪਰਿਨੀਤੀ ਤੇ ਦਿਲਜੀਤ

ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨਿਰਦੇਸ਼ਕ ਇਮਤਿਆਜ਼ ਅਲੀ ਦੀ ਅਗਲੀ ਫਿਮਲ ‘ਚਮਕੀਲਾ’ ਵਿੱਚ ਪਰਿਨੀਤੀ ਨਾਲ ਕੰਮ ਕਰੇਗਾ। ਇਹ ਫਿਲਮ ਪੰਜਾਬ ਦੀ ਦੋਗਾਣਾ ਜੋੜੀ ਅਮਰਜੋਤ ਕੌਰ ਤੇ ਅਮਰ ਸਿੰਘ ਚਮਕੀਲਾ ’ਤੇ ਆਧਾਰਿਤ ਹੈ, ਜਿਸ ਵਿੱਚ ਪਰਿਨੀਤੀ ਅਮਰਜੋਤ ਕੌਰ ਅਤੇ ਦਿਲਜੀਤ ਦੋਸਾਂਝ ਚਮਕੀਲੇ ਦੀ ਭੂਮਿਕਾ ਵਿੱਚ ਨਜ਼ਰ ਆਵੇਗਾ।

ਜ਼ਿਕਰਯੋਗ ਹੈ ਕਿ 8 ਮਾਰਚ 1988 ਨੂੰ ਅਮਰ ਸਿੰਘ ਚਮਕੀਲਾ ਤੇ ਉਸ ਦੀ ਪਤਨੀ ਅਮਰਜੋਤ ਕੌਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸੂਤਰਾਂ ਅਨੁਸਾਰ ਇਸ ਫਿਲਮ ਦੀ ਸ਼ੂਟਿੰਗ 11 ਦਸੰਬਰ ਨੂੰ ਮੁੰਬਈ ’ਚ ਸ਼ੁਰੂ ਹੋਵੇਗੀ। ਇਸ ਫਿਲਮ ਦੀ ਤਿਆਰੀ ਲਈ ਦੋਵੇਂ ਅਦਾਕਾਰਾਂ ਨੇ ਕਈ ਵਰਕਸ਼ਾਪਾਂ ਵੀ ਲਗਾਈਆਂ ਹਨ।






# ਦਹਾਕਿਆਂ ਤੋਂ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਪੰਜਾਬ



ਡਾ. ਗੁਰਵਿੰਦਰ ਸਿੰਘ
001-604-825-1550

ਤਹਿਜ਼ੀਬ ਦੇ ਹਜ਼ਾਰਾਂ ਸਾਲਾਂ ਦਾ ਸਫ਼ਰ ਤੈਅ ਕਰਨ ਮਗਰੋਂ ਵੀ ਮਨੁੱਖ 'ਜੀਓ ਤੇ ਜਿਊਣ ਦਿਓ' ਦੇ ਸਿਧਾਂਤ ਦਾ ਧਾਰਨੀ ਬਣਨ ਵਿੱਚ ਸਫਲ ਨਹੀਂ ਹੋ ਸਕਿਆ। ਆਪਣੇ ਤੋਂ ਕਮਜ਼ੋਰ ਨੂੰ ਲੁੱਟਣ ਦੀ ਦਾਨਵੀ ਬਿਰਤੀ ਨੇ ਉਸ ਨੂੰ ਪਸ਼ੂਆਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਤਰਜ਼ 'ਤੇ ਜੇਕਰ 'ਪਰਾਇਆ ਹੱਕ', ਖੋਹਣ ਵਾਲਿਆਂ ਲਈ ਗਾਂ ਤੇ ਸੂਰ ਦਾ ਮਾਸ ਖਾਣ ਸਮਾਨ ਚਿੱਤਰ ਉਲੀਕਿਆ ਜਾਵੇ ਤਾਂ ਅੱਜ ਮਨੁੱਖਾਂ ਦੀ ਵੱਡੀ ਗਿਣਤੀ ਵਿੱਚ ਅਜਿਹੀ ਸੋਚ ਹੀ ਨਜ਼ਰ ਆਉਂਦੀ ਹੈ। ਦੋ ਵਿਸ਼ਵ ਯੁੱਧਾਂ ਦਾ ਕਾਰਨ ਬਣੀ ਵਿਚਾਰਧਾਰਾ 'ਤਾਕਤਵਰ ਨੂੰ ਹੀ ਜਿਊਣ ਦਾ ਹੱਕ ਹੈ', ਕਾਰਨ ਹੋ ਚੁੱਕੀ ਤਬਾਹੀ ਤੋਂ ਸਬਕ ਸਿੱਖਦਿਆਂ, ਅਜਿਹੀ ਸੋਚ ਨੂੰ ਤਿਆਗਣ ਦੀ ਬਜਾਏ ਮਨੁੱਖ ਨੇ ਇਸ ਨੂੰ ਵਧੇਰੇ ਅਪਨਾਉਣਾ ਸ਼ੁਰੂ ਕਰ ਦਿੱਤਾ ਹੈ। ਯੂ.ਐਨ.ਓ. ਦੇ ਘੋਸ਼ਣਾ ਪੱਤਰ 'ਚ ਸ਼ਾਮਿਲ ਜੀਵਨ, ਸੁਤੰਤਰਤਾ, ਸੁਰੱਖਿਆ, ਕਾਨੂੰਨੀ ਸਮਾਨਤਾ, ਵਿੱਦਿਆ ਪ੍ਰਾਪਤੀ ਤੇ ਧਾਰਮਿਕ ਆਜ਼ਾਦੀ ਵਰਗੇ ਕੌਮਾਂਤਰੀ ਮਾਨਵੀ ਅਧਿਕਾਰ 'ਮਹਿਜ਼ ਘੋਸ਼ਣਾ' ਹੀ ਬਣ ਕੇ ਰਹਿ ਗਏ ਹਨ। ਦਸ਼ਾ ਇਹ ਹੈ ਕਿ ਤਕੜਾ ਮੁਲਕ ਮਾੜੇ ਮੁਲਕ ਦੇ ਅਤੇ ਤਾਕਤਵਰ ਮਨੁੱਖ ਕਮਜ਼ੋਰ ਮਨੁੱਖ ਦੇ ਹੱਕ ਖੋਹ ਕੇ, 'ਵਿਸ਼ਵ ਸ਼ਕਤੀ' ਬਣਨ ਦੀ ਕੋਝੀ ਸਾਜਿਸ਼ ਵਿੱਚ ਗ੍ਰਸਿਆ ਹੋਇਆ ਹੈ।

ਦੂਸਰੇ ਵਿਸ਼ਵ ਯੁੱਧ ਵਿੱਚ ਹੋਏ ਭਿਆਨਕ ਮਨੁੱਖੀ ਕਤਲੇਆਮ ਅਤੇ ਤਬਾਹੀ ਨੂੰ ਵੇਖਦੇ ਹੋਏ ਤੀਜੇ ਸੰਸਾਰ ਜੰਗ ਦੀ ਕਿਸੇ ਕਿਸਮ ਦੀ ਸੰਭਵਨਾ ਨੂੰ ਰੱਦ ਕਰਨ ਲਈ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਕੀਤੀ ਗਈ, ਜਿਸ ਦਾ ਉਦੇਸ਼ ਕੌਮਾਂਤਰੀ ਪੱਧਰ 'ਤੇ ਸ਼ਾਂਤੀ, ਸੁਰੱਖਿਆ ਤੇ ਸਥਿਰਤਾ ਦਾ ਮਾਹੌਲ ਕਾਇਮ ਕਰਨਾ, ਸੱਭਿਆਚਾਰਕ ਤੇ ਆਰਥਿਕ ਸਾਂਝ ਕਾਇਮ ਕਰਨਾ ਅਤੇ ਵੱਖ-ਵੱਖ ਰਾਸ਼ਟਰਾਂ ਦਰਮਿਆਨ ਮੇਲ-ਜੋਲ ਦੀ ਸਥਾਪਨਾ ਕਰਨਾ ਨਿਰਧਾਰਤ ਕੀਤਾ ਗਿਆ। ਵਿਸ਼ਵ ਸ਼ਾਂਤੀ ਦੇ ਨਾਲ-ਨਾਲ ਮਨੁੱਖੀ ਸੁਤੰਤਰਤਾ ਦੀ ਅਹਿਮੀਅਤ ਦੇ ਮੱਦੇਨਜ਼ਰ 10 ਦਸੰਬਰ 1948 ਈ. ਨੂੰ ਮਾਨਵੀ ਹੱਕਾਂ ਦੀ ਘੋਸ਼ਣਾ ਕੀਤੀ ਗਈ, ਜਿਸਦੇ ਤਹਿਤ ਜੀਵਨ, ਸੁਤੰਤਰਤਾ, ਸੁਰੱਖਿਆ, ਕਾਨੂੰਨੀ ਸਮਾਨਤਾ, ਸੰਪਤੀ , ਵਿੱਦਿਆ ਪ੍ਰਾਪਤੀ, ਧਾਰਮਿਕ ਅਜ਼ਾਦੀ ਅਤੇ ਨਿਆਂ ਪ੍ਰਾਪਤੀ ਆਦਿ ਦੇ ਅਧਿਕਾਰ ਸ਼ਾਮਿਲ ਹਨ। ਉਸ ਵੇਲੇ ਤੋਂ ਇਹ ਦਿਨ 'ਮਨੁੱਖੀ ਅਧਿਕਾਰ ਦਿਵਸ' ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।




ਮਨੁੱਖੀ ਅਧਿਕਾਰ ਤੋਂ ਕੀ ਭਾਵ ਹੈ ? 'ਸਾਫ਼-ਸੁਥਰੀ ਤੇ ਸੁਰੱਖਿਅਤ ਜੀਵਨ-ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਸਮਾਨ ਰੂਪ ਵਿੱਚ ਪ੍ਰਾਪਤ ਸਹੂਲਤਾਂ।' ਇਸ ਤੋਂ ਘੱਟ ਪ੍ਰਾਪਤੀ ਵਿਦਰੋਹ ਦੀ ਜਨਮਦਾਤੀ ਹੈ ਤੇ ਇਸ ਤੋਂ ਵੱਧ ਹੱਕ ਮਾਨਣਾ, ਅਧਿਕਾਰਾਂ ਦੇ ਨਾਂ ਤੇ ਦੂਜਿਆਂ ਦਾ 'ਸ਼ੋਸ਼ਣ' ਸਿੱਧ ਹੁੰਦਾ ਹੈ। 'ਦੁਨੀਆ ਦੇ ਸਭ ਤੋਂ ਵੱਡੇ ਲੋਕਰਾਜ' ਭਾਰਤ ਦੇ ਵਿਸ਼ਾਲ ਸੰਵਿਧਾਨ ਦੇ ਰਚਣਹਾਰਿਆਂ ਨੇ ਚਾਹੇ ਮੂਲ ਮਨੁੱਖੀ ਹੱਕਾਂ ਦਾ ਵਿਸ਼ੇਸ਼ ਰੂਪ ਵਿੱਚ ਜ਼ਿਕਰ ਕਰਦਿਆਂ, ਇਨ੍ਹਾਂ ਦੀ ਸੁਰੱਖਿਆ ਵਾਸਤੇ ਵਿਸ਼ੇਸ਼ ਕਾਨੂੰਨ ਬਣਾਏ ਹਨ, ਜਿਨ੍ਹਾਂ ਦੀ ਉਲੰਘਣਾ ਦੇ ਰੂਪ ਵਿੱਚ ਨਾਗਰਿਕ ਸਰਬ-ਉੱਚ ਨਿਆਂਪਾਲਿਕਾ ਦਾ ਦਰਵਾਜ਼ਾ ਖੜਕਾਉਣ ਦਾ ਹੱਕ ਵੀ ਪ੍ਰਾਪਤ ਹੈ, ਪਰ ਸਮੱਸਿਆ ਇਹ ਹੈ ਕਿ ਪ੍ਰਸ਼ਾਸਨਿਕ ਕਾਰਜ ਪ੍ਰਣਾਲੀ ਇਸ ਵਿਵਸਥਾ ਨੂੰ ਵਿਹਾਰਕ ਸਰੂਪ ਦੇਣ ਵਿੱਚ ਬਿਲਕੁਲ ਹੀ ਸਫਲ ਨਹੀਂ ਹੋ ਸਕੀ। ਭਾਰਤੀ ਸ਼ਾਸਨ ਦੇ ਕਾਰਜ-ਪ੍ਰਬੰਧ ਨੂੰ ਵਾਚਣ ਉਪਰੰਤ ਇਸ ਨਤੀਜੇ 'ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਦੇਸ਼ ਵਿੱਚ ਆਮ ਨਾਗਰਿਕ ਦੇ ਬੁਨਿਆਦੀ ਅਧਿਕਾਰ ਮਹਿਫ਼ੂਜ਼ ਨਹੀਂ ਹਨ। ਭਾਰਤ ਵਿੱਚ ਮਨੁੱਖੀ ਹੱਕਾਂ ਦੀ ਪਰਿਭਾਸ਼ਾ 'ਵਿਅਕਤੀ ਤੋਂ ਵਿਅਕਤੀ ਤੱਕ' ਬਦਲਦੀ ਹੈ। ਕਿਸੇ ਦਫ਼ਤਰ ਵਿੱਚ ਬੈਠਾ ਅਫ਼ਸਰ ਆਪਣੇ ਅਧੀਨ ਅਧਿਕਾਰੀ ਨੂੰ, ਨਿੱਜੀ ਹਿੱਤ ਲਈ ਵਰਤਣਾ ਆਪਣਾ ਅਧਿਕਾਰ ਸਮਝਦਾ ਹੈ। ਲਾਲ ਬੱਤੀ ਵਾਲੀ ਗੱਡੀ 'ਤੇ ਸਵਾਰ ਨੇਤਾ ਪੰਜ ਸਾਲਾਂ ਬਾਅਦ, ਲੋਕਾਂ ਨੂੰ ਗੁਮਰਾਹ ਕਰਕੇ ਵੋਟਾਂ ਹਥਿਆਉਣਾ ਆਪਣਾ ਹੱਕ ਸਮਝਦਾ ਹੈ। ਸਥਾਪਤੀ ਦੀ ਕੁਰਸੀ 'ਤੇ ਬੈਠਾ ਸ਼ਾਸਕ ਜਨ-ਸੰਪਤੀ ਨੂੰ ਨਿੱਜੀ ਸੰਪਤੀ ਸਮਝਦਿਆਂ, ਉਸਨੂੰ ਲੁੱਟਣਾ ਜਨਮ ਸਿੱਧ ਅਧਿਕਾਰ ਸਮਝਦਾ ਹੈ। ਅਜਿਹੀ ਬੇਇਨਸਾਫ਼ੀ ਤੇ ਅਨਿਆਂ ਦੀ ਕੋਝੀ ਤਸਵੀਰ ਕਈ ਸਵਾਲਾਂ ਨੂੰ ਜਨਮ ਦਿੰਦੀ ਹੈ।

ਸਵਾਲ ਇਹ ਉਠਦਾ ਹੈ ਕਿ ਮਨੁੱਖੀ ਹੱਕਾਂ ਦਾ ਘਾਣ ਕਦੋਂ ਤੱਕ ਹੁੰਦਾ ਰਹੇਗਾ ? ਇਨਸਾਫ਼ ਦੀ ਮੰਗ ਵਾਸਤੇ ਸਤਾਏ ਮਨੁੱਖ, ਫ਼ੈਸਲਿਆਂ ਦੀ ਉਡੀਕ 'ਚ ਕਦੋਂ ਬਿਰਖ ਬਣੇ ਰਹਿਣਗੇ ? ਨਿਰਦੋਸ਼ ਇਨਸਾਨਾਂ ਨਾਲ ਹੁੰਦੀਆਂ ਵਧੀਕੀਆਂ ਦੀ ਦਾਸਤਾਨ ਕਦੋਂ ਜਾ ਕੇ ਖ਼ਤਮ ਹੋਵੇਗੀ ? ਇਨ੍ਹਾਂ ਸਵਾਲਾਂ ਦਾ ਬਿਲਕੁਲ ਸਿੱਧਾ ਸਪੱਸ਼ਟ ਤੇ ਵਿਹਾਰਕ ਉੱਤਰ ਇਹ ਹੈ ਕਿ ਅਨਿਆਂ ਦੀ ਦੁਖਾਂਤਕ ਕਹਾਣੀ ਦਾ ਅੰਤ ਉਦੋਂ ਤੱਕ ਨਹੀਂ ਹੋਵੇਗਾ, ਜਦ ਤੱਕ ਕੁਰਸੀਦਾਰਾਂ ਨੂੰ ਆਪਣੇ ਹੱਡਾਂ 'ਤੇ ਬੇਦੋਸ਼ਿਆਂ ਹੀ ਸਿਤਮ ਝੱਲਣ ਦਾ ਸਮਾਂ ਨਹੀਂ ਆਉਂਦਾ। ਜਿੰਨਾ ਚਿਰ ਸ਼ਾਸਕ ਖ਼ੁਦ ਅਨਿਆਂ ਦਾ ਸ਼ਿਕਾਰ ਨਹੀਂ ਹੁੰਦਾ, ਉਨਾਂ ਚਿਰ ਉਹ ਕੀ ਜਾਣੇ ਕਿ ਵਧੀਕੀ ਤੇ ਬੇਇਨਸਾਫ਼ੀ ਕੀ ਹੁੰਦੀ ਹੈ ? ਇਸ ਸੰਦਰਭ ਵਿੱਚ 6ਵੀਂ ਸਦੀ 'ਚ ਬਣੇ ਮਿਸਰ ਬਾਦਸ਼ਾਹ ਨੌਸ਼ਰਵਾ ਦੀ ਘਟਨਾ ਜ਼ਿਕਰਯੋਗ ਹੈ। ਛੋਟੀ ਉਮਰ 'ਚ ਜਦ ਉਹ ਗੁਰੂ-ਕੁਲ ਪੜ੍ਹਨ ਵਾਸਤੇ ਜਾਂਦਾ ਸੀ ਤਾਂ ਇਕ ਦਿਨ ਵਾਪਰੀ ਘਟਨਾ ਨੇ ਉਸਦੇ ਮਨ ਅੰਦਰ ਬੜਾ ਰੋਸ ਪੈਦਾ ਕਰ ਦਿੱਤਾ। ਹੋਇਆ ਇਉਂ ਕਿ ਉਸਤਾਦ ਨੇ ਉਸ ਨੂੰ ਕੋਲ ਬੁਲਾਇਆ ਤੇ ਅਕਾਰਨ ਹੀ ਮੂੰਹ 'ਤੇ ਚਪੇੜ ਮਾਰ ਦਿੱਤੀ। ਬਾਦਸ਼ਾਹ ਦਾ ਮਨ ਬੜਾ ਦੁਖੀ ਹੋਇਆ ਤੇ ਉਸ ਨੇ ਤੈਅ ਕਰ ਲਿਆ ਕਿ ਜਿਸ ਦਿਨ ਉਹ ਗੱਦੀ 'ਤੇ ਬੈਠਿਆ ਤਾਂ ਉਸਤਾਦ ਤੋਂ ਇਸ ਗੁਸਤਾਖ਼ੀ ਦਾ ਜੁਆਬ ਜ਼ਰੂਰ ਮੰਗੇਗਾ।

ਜਵਾਨ ਹੋਣ 'ਤੇ ਰਾਜ-ਤਿਲਕ ਹੋਣ ਮਗਰੋਂ ਬਾਦਸ਼ਾਹ ਨੌਸ਼ਰਵਾ ਨੇ ਦਰਬਾਰ ਵਿੱਚ ਉਸਤਾਦ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਰਾਜ ਸਭਾ ਵਿੱਚ ਹਾਜ਼ਰ ਹੋਣ 'ਤੇ ਗੁਰੂ ਨੂੰ ਰਾਜੇ ਨੇ ਕਰੜਾਈ ਨਾਲ ਪੁੱਛਿਆ, 'ਉਸਤਾਦ ਜੀ, ਮੈਨੂੰ ਤੁਹਾਡਾ ਥੱਪੜ ਅਜੇ ਤੱਕ ਨਹੀਂ ਭੁੱਲਿਆ। ਜੁਆਬ ਦੇਵੋ ਕਿ ਤੁਸੀਂ ਮੈਨੂੰ ਬਿਨਾਂ ਗ਼ਲਤੀ ਦੇ ਸਜ਼ਾ ਕਿਉਂ ਦਿੱਤੀ ?' ਬਾਦਸ਼ਾਹ ਦੀ ਇਹ ਗੱਲ ਸੁਣਦਿਆਂ ਸਾਰ ਉਸਤਾਦ ਦੇ ਚਿਹਰੇ ਤੇ ਜੇਤੂ ਮੁਸਕਾਨ ਖਿੱਲਰ ਗਈ ਤੇ ਫ਼ਖਰ ਨਾਲ ਆਖਣ ਲੱਗਿਆ, 'ਰਾਜਾ, ਹੁਣ ਮੇਰਾ ਸਬਕ ਪੂਰਾ ਹੋ ਗਿਆ ਹੈ। ਦਰਅਸਲ, ਪੜ੍ਹਦਿਆਂ ਮੈਂ ਤੈਨੂੰ ਕਈ ਵਾਰ ਸਜ਼ਾ ਦਿੱਤੀ, ਪਰ ਉਹ ਸਭ ਤੈਨੂੰ ਚੇਤੇ ਨਹੀਂ, ਪਰ ਉਹ ਚਪੇੜ ਨਹੀਂ ਭੁੱਲੀ, ਜਿਹੜੀ ਬੇਕਸੂਰਿਆਂ ਤੈਨੂੰ ਮਾਰੀ ਗਈ। ਮੇਰਾ ਮਕਸਦ ਹੀ ਇਹੋ ਸੀ ਕਿ ਤੂੰ ਆਪਣੇ ਨਾਲ ਹੋਈ ਇਸ ਜ਼ਿਆਦਤੀ ਨੂੰ ਨਾ ਭੁੱਲੇਂ, ਤਾਂ ਕਿ ਰਾਜਾ ਬਣਨ ਮਗਰੋਂ ਕਿਸੇ ਨਿਰਦੋਸ਼ ਨੂੰ ਸਜ਼ਾ ਨਾ ਦੇਵੇ।' ਕਾਸ਼, ਸਾਡੇ ਹਰੇਕ ਸ਼ਾਸਕ ਨੇ ਬੇਦੋਸ਼ਿਆਂ ਇਕ ਥੱਪੜ ਖਾਧਾ ਹੁੰਦਾ ਤਾਂ ਅੱਜ ਕਿਸੇ ਬੇਕਸੂਰ ਨੂੰ ਸਜ਼ਾ ਨਾ ਮਿਲਦੀ, ਕਿਸੇ ਨਾਲ ਅਨਿਆਂ ਨਾ ਹੁੰਦਾ, ਜਿਵੇਂ ਨਿਰਦੋਸ਼ ਬਾਦਸ਼ਾਹ ਦੇ ਵੱਜੀ ਚਪੇੜ ਦਾ ਅਸਰ ਇਹ ਹੋਇਆ ਕਿ ਸਾਰੀ ਉਮਰ ਉਸਨੇ ਕਿਸੇ ਨਿਰਦੋਸ਼ ਨਾਲ ਵਧੀਕੀ ਨਹੀਂ ਕੀਤੀ। ਇਥੋਂ ਤੱਕ ਕਿ ਸ਼ਿਕਾਰ ਦੌਰਾਨ ਮਹੱਲ ਤੋਂ ਦੂਰ ਵਿਚਰਦਿਆਂ ਇਕ ਵਾਰ ਉਸਨੂੰ ਲੂਣ ਦੀ ਲੋੜ ਪਈ ਤਾਂ ਰਾਜੇ ਨੇ ਸਿਪਾਹੀ ਨੂੰ ਆਦੇਸ਼ ਦਿੱਤਾ ਕਿ ਨਗਰ ਤੋਂ ਨਮਕ ਲਿਆਉਣਾ ਹੈ, ਪਰ ਮੁਫ਼ਤ ਨਹੀਂ, ਉਸਦੀ ਪੂਰੀ ਕੀਮਤ ਦੇਣੀ ਹੈ। 'ਜਿਸ ਦੇਸ਼ ਦਾ ਬਾਦਸ਼ਾਹ ਬਾਗ਼ ਦਾ ਇਕ ਫੁੱਲ ਤੋੜੇਗਾ, ਉਸਦੇ ਮੰਤਰੀ ਸਾਰਾ ਬਗੀਚਾ ਉਜਾੜ ਦੇਣਗੇ।'

ਮਾਨਵੀ ਹੱਕਾਂ ਦੀ ਰਾਖੀ ਤੇ ਬੇਗੁਨਾਹਾਂ ਲਈ ਨਿਆਂ ਦੀ ਅਜੋਕੀ ਸਿਆਸੀ ਸਥਿਤੀ ਦੇ ਸੰਦਰਭ ਵਿੱਚ ਕਮੀ ਪਾਈ ਜਾ ਰਹੀ ਹੈ। ਕਿਸੇ ਵੀ ਲੋਕਤੰਤਰ ਦੀ ਬੁਨਿਆਦੀ ਮਨੁੱਖੀ ਅਧਿਕਾਰਾਂ 'ਤੇ ਟਿੱਕੀ ਹੁੰਦੀ ਹੈ, ਪਰ ਮੁਢਲੇ ਮਾਨਵੀਂ ਹੱਕਾਂ ਦੀ ਉਲੰਘਣਾ ਕਾਰਨ ਭਾਰਤੀ ਲੋਕਰਾਜ ਦੀ ਨੀਂਹ

(ਬਾਕੀ ਸਫ਼ਾ 35 'ਤੇ)

# ਮਨੁੱਖੀ ਜੀਵਨ ਵਿਚ ਵਿਵੇਕ ਦੀ ਮਹੱਤਤਾ ਅਤੇ ਲੋੜ

ਮਨਮੋਹਨ

ਸੰਸਾਰ ਪ੍ਰਸਿੱਧ ਕਿਤਾਬ Enlightenment Now ਦੇ ਲੇਖਕ ਸਟੀਵਨ ਪਿੰਕਰ ਦੀ ਨਵੀਂ ਕਿਤਾਬ 'Rationality: What it is? Why it seems scarce? Why it matters?' ਦਾ ਉਦੇਸ਼ ਇਹ ਸਮਝਣਾ ਹੈ ਕਿ ਦੁਨੀਆ ਵਿਚ ਏਨਾ ਅਵਿਵੇਕ ਕਿਉਂ ਹੈ ? ਇੱਕੀਵੀਂ ਸਦੀ ਵਿਚ ਮਨੁੱਖਤਾ ਵਿਗਿਆਨਕ ਸੂਝ ਸਮਝ ਦੀਆਂ ਨਵੀਆਂ ਉਚਾਈਆਂ ਛੂਹ ਰਹੀ ਹੈ ਪਰ ਉਸੇ ਸਮੇਂ ਇਹ ਵੀ ਲੱਗ ਰਿਹਾ ਹੈ ਕਿ ਆਪਣੀ ਸੂਝ-ਬੂਝ ਭਾਵ ਬੁਧ-ਬਿਬੇਕ ਗੁਆ ਰਹੀ ਹੈ।

ਜਿਸ ਮਾਨਵ ਪ੍ਰਜਾਤੀ ਨੇ ਏਨੀ ਤਰੱਕੀ ਕੀਤੀ ਕਿ ਸਾਲ ਵਿਚ ਹੀ ਕੋਵਿਡ-19 ਵਰਗੀ ਮਹਾਂਮਾਰੀ ਦੀ ਵੈਕਸੀਨ ਲੱਭ ਲਈ ਉਹ ਅੱਜ ਝੂਠੇ ਤੱਥਾਂ ਤੇ ਖ਼ਬਰਾਂ, ਨੀਮ-ਹਕੀਮੀ, ਮਿਥਿਆ ਅਭਿਮਾਨਾਂ, ਹੰਕਾਰਾਂ ਅਤੇ ਸਾਜ਼ਿਸ਼ੀ ਸਿਧਾਂਤ ਘੜਨ ਵਿਚ ਮਾਹਿਰ ਹੋ ਗਈ ਹੈ। ਪਿੰਕਰ ਇਨ੍ਹਾਂ ਘਸੇ ਪਿਟੇ ਸਨਕੀ ਵਿਚਾਰਾਂ ਨੂੰ ਨਹੀਂ ਮੰਨਦਾ ਅਤੇ ਇਸ ਤਰਕ ਨੂੰ ਤੱਜਦਾ ਹੈ ਕਿ ਮਨੁੱਖ ਮੂਲ ਰੂਪ 'ਚ ਅਵਿਵੇਕੀ ਹੈ।

ਗੁਫ਼ਾਵਾਂ ਵਿਚ ਰਹਿਣ ਵਾਲਾ ਸ਼ਿਕਾਰ ਕਰਦਾ ਬੰਦਾ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਪੱਥਰਕਾਲੀ ਜੀਵਨ ਵਿਚ ਵਿਚਰਨ ਕਾਰਨ ਕਈ ਪ੍ਰਕਾਰ ਦੇ ਝੁਕਾਵਾਂ, ਭਰਮਾਂ ਅਤੇ ਭ੍ਰਾਂਤੀਆਂ ਦਾ ਸ਼ਿਕਾਰ ਹੋ ਗਿਆ। ਇਸ ਸਭ ਕੁਝ ਦੇ ਬਾਵਜੂਦ ਮਨੁੱਖ ਨੇ ਕੁਦਰਤ ਦੇ ਨੇਮਾਂ ਤੇ ਭੌਤਿਕ ਤਰਕਾਂ ਨੂੰ ਖੋਜਿਆ। ਇਨ੍ਹਾਂ ਨਾਲ ਮਨੁੱਖੀ ਸਮਝ ਹੋਰ ਅਮੀਰ ਹੋਈ। ਇਸ ਨਾਲ ਵਿਵੇਕ ਦੇ ਪੈਮਾਨੇ ਸਥਾਪਤ ਹੋਏ ਪਰ ਪਿਛਲੇ ਸਮਿਆਂ 'ਚ ਤਰਕ, ਆਲੋਚਨਾਤਮਕ ਸੋਚ, ਸੰਭਾਵਿਤਾ, ਸਹਿਸਬੰਧਿਕਤਾ ਅਤੇ ਕਾਰਨ-ਕਾਰਜਤਾ ਜਿਹੇ ਸੰਦਾਂ ਤੋਂ ਕੋਈ ਬਹੁਤਾ ਫ਼ਾਇਦਾ ਨਹੀਂ ਉਠਾ ਸਕੇ। ਇਹ ਸੰਦ ਸਾਡੀ ਸਿੱਖਿਆ ਅਤੇ ਵਿਦਿਆ ਪ੍ਰਣਾਲੀ ਦਾ ਵੱਡਾ ਹਿੱਸਾ ਨਹੀਂ ਬਣ ਸਕੇ।

ਇਸ ਕਿਤਾਬ ਰਾਹੀਂ ਪਿੰਕਰ ਇਹ ਦੱਸਣਾ ਚਾਹੁੰਦਾ ਹੈ ਕਿ ਕਿਵੇਂ ਵਿਵੇਕ ਨਾਲ ਸੱਚ ਅਤੇ ਵਸਤੂਪਰਕਤਾ ਨਾਲ ਅਵਿਵੇਕ ਨੂੰ ਮਿਟਾਇਆ ਜਾ ਸਕਦਾ ਹੈ। ਵਿਵੇਕ ਦੀ ਲੋੜ ਰਹੀ ਹੈ। ਇਸ ਨਾਲ ਜੀਵਨ ਵੱਧ ਚੰਗੇ ਢੰਗ ਨਾਲ ਜੀਵਿਆ ਜਾ ਸਕਦਾ ਹੈ। ਇਸ ਨਾਲ ਅੰਤ ਨੂੰ ਸਮਾਜਿਕ ਨਿਆਂ ਅਤੇ ਸਦਾਚਾਰਕ ਪ੍ਰਗਤੀ ਹੁੰਦੀ ਹੈ। ਇਸ ਕਿਤਾਬ ਨੂੰ ਸਮੁੱਚੇ ਰੂਪ ਵਿਚ ਪੜ੍ਹਦਿਆਂ ਪਾਠਕ ਪਹਿਲਾਂ ਤੋਂ ਵੱਧ ਜਾਗ੍ਰਿਤ, ਪ੍ਰੇਰਿਤ ਅਤੇ ਊਰਜਿਤ ਅਨੁਭਵ ਕਰਦਾ ਹੈ।

ਸਾਡੇ ਸਮਾਜ ਵਿਚ ਅਜੇ ਵੀ ਬਹੁਤ ਲੋਕ ਵਹਿਮਾਂ ਭਰਮਾਂ ਅਤੇ ਭੂਤ ਪ੍ਰੇਤਾਂ ਵਿਚ ਵਿਸ਼ਵਾਸ ਰੱਖਦੇ ਹਨ। ਸਹੀ ਇਲਾਜ ਦੀ ਬਜਾਏ ਧਾਗੇ ਤਵੀਤਾਂ ਨੂੰ ਪਹਿਲ ਦਿੰਦੇ ਹਨ। ਸਟੀਵਨ ਪਿੰਕਰ ਦਾ ਕਹਿਣਾ ਹੈ ਕਿ ਬਹੁਤੇ ਲੋਕ ਭੂਤਾਂ ਵਿਚ ਵਿਸ਼ਵਾਸ ਰੱਖਦੇ ਹਨ ਭਾਵੇਂ ਕਿ ਉਨ੍ਹਾਂ 'ਚੋਂ ਕਿਸੇ ਨੇ ਕਦੇ ਵੀ ਭੂਤ ਨਹੀਂ ਦੇਖਿਆ ਹੁੰਦਾ।



ਪਿੰਕਰ ਮੂਲ ਰੂਪ 'ਚ ਸੰਗਿਆਨਕ ਮਨੋਵਿਸ਼ਲੇਸ਼ਕ ਅਤੇ ਭਾਸ਼ਾ ਵਿਗਿਆਨੀ ਹੈ। ਉਹ ਸਦਾ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹੈ ਕਿ ਸਾਡੇ ਸਕੂਲਾਂ 'ਚ ਪੜ੍ਹਨ ਲਿਖਣ ਅਤੇ ਗਣਿਤ ਦੇ ਨਾਲ ਨਾਲ 'ਵਿਵੇਕ' ਦੀ ਪੜ੍ਹਾਈ ਹੋਣੀ ਵੀ ਬਹੁਤ ਜ਼ਰੂਰੀ ਹੈ। ਦਰਅਸਲ ਇਸ ਕਿਤਾਬ ਦੇ ਮੁੱਢਲੇ ਅਧਿਆਇ ਨੂੰ ਵਿਵੇਕ ਪੜ੍ਹਾਉਣ ਦੇ ਕਾਇਦੇ ਵਜੋਂ ਦੇਖਿਆ ਜਾ ਸਕਦਾ ਹੈ ਜਿਸ ਵਿਚ ਨਿਗਨਾਤਮਕ ਅਤੇ ਆਗਨਾਤਮਕ ਤਰਕ, ਵਿਵੇਕੀ ਚੋਣ ਸਿਧਾਂਤ ਅਤੇ ਗਣਨਾਵਿਗਿਆਨ ਦੀਆਂ ਕਈ ਸ਼ਾਖਾਵਾਂ ਦੇ ਤੱਤ ਅਤੇ ਵਿਸਤ੍ਰਿਤ ਵੇਰਵੇ ਸ਼ਾਮਿਲ ਹਨ। ਪਿੰਕਰ ਅਨੁਸਾਰ ਸਾਡੇ ਬਹੁਤ ਸਾਰੇ ਸਿਹਤ ਮਾਹਿਰ ਜਾਂਚ ਰਿਪੋਰਟਾਂ ਦੇ ਬਾਵਜੂਦ ਕਿਸੇ ਬਿਮਾਰੀ ਦਾ ਇਲਾਜ ਸੰਭਾਵਿਤਾ ਦੇ 'Bayes' ਨਿਯਮ ਦੇ ਆਧਾਰ 'ਤੇ ਅੰਦਾਜ਼ੇ ਨਾਲ ਕਰਦੇ ਹਨ।

ਪਿੰਕਰ ਦਾ ਕਹਿਣਾ ਹੈ ਕਿ ਵਿਵੇਕ ਸਮਾਜ ਵਿਚ ਤਰਕਸ਼ੀਲਾਂ ਅਤੇ ਵਿਚਾਰਵਾਨਾਂ ਦੀ ਬਿਰਾਦਰੀ ਵਿੱਚੋਂ ਉਭਰਦਾ ਹੈ ਜੋ ਇਕ ਦੂਜੇ ਦੇ ਵਹਿਮਾਂ ਭਰਮਾਂ ਦੀ ਨਿਸ਼ਾਨਦੇਹੀ ਕਰਦੇ ਹਨ। ਦੂਜੇ ਸ਼ਬਦਾਂ ਵਿਚ ਇਸ ਬਿਆਨ ਦਾ ਸਮਾਜਿਕ ਆਯਾਮ ਅਤੇ ਪਾਸਾਰ ਹੈ। ਇਸ ਲਈ ਇਹ ਵੱਡੀਆਂ ਸਮੱਸਿਆਵਾਂ ਜਿਵੇਂ ਨਸ਼ੇ, ਪ੍ਰਦੂਸ਼ਣ, ਬੇਰੁਜ਼ਗਾਰੀ, ਧਰਤੀ ਹੇਠਲੇ ਨਿਘਰਦੇ ਹੋਏ ਪਾਣੀ ਦੇ ਪੱਧਰ ਅਤੇ ਵਾਤਾਵਰਣਿਕ ਸਮੱਸਿਆਵਾਂ ਆਦਿ 'ਤੇ ਚਰਚਾ ਅਤੇ ਬਹਿਸ ਉਪਰ ਮਾਹੌਲ ਪੈਦਾ ਕਰਨ ਵਿਚ ਸਾਜ਼ਗਾਰ ਸਾਬਿਤ ਹੋ ਸਕਦਾ ਹੈ। ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਵਾਸਤੇ ਜੇਕਰ ਕੁਝ ਹੱਲ ਮੌਜੂਦ ਵੀ ਹਨ ਪਰ ਕਈ ਕਾਰਨਾਂ ਕਰਕੇ ਲੋਕ ਇਨ੍ਹਾਂ ਹੱਲਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦੇ। ਇਸ ਦੀ ਵਜ੍ਹਾ ਹੈ ਕਿ ਬਹੁਤ ਸਾਰੇ ਲੋਕ ਅਵਿਵੇਕੀ ਰੂਪ ਵਿਚ ਪੂਰਵਗ੍ਰਹਿਆਂ ਅਤੇ ਪੂਰਵਭਾਸ਼ਿਤ ਧਾਰਨਾਵਾਂ ਵਿਚ ਗ੍ਰਸੇ ਹੋਏ ਹਨ। ਪਿੰਕਰ ਦਾ ਮੱਤ ਹੈ ਕਿ ਵਿਵੇਕ ਤੇ ਤਰਕ ਇਕ ਚੀਜ਼ ਨਹੀਂ ਭਾਵੇਂ ਦੋਹਾਂ 'ਚ ਕਾਫ਼ੀ ਸਾਂਝਾਂ ਵੀ ਹਨ। ਇਸ ਲਈ ਉਹ ਪ੍ਰਵਿਰਤੀ ਅਤੇ ਸੰਭਾਵਿਤਾ ਵਿਚਲਾ ਅੰਤਰ ਪਛਾਣਨ ਦਾ ਯਤਨ ਕਰਦਾ ਹੈ। ਇਸ ਵਾਸਤੇ ਉਹ ਆਪ ਘੜੇ ਪੂਰਵਗ੍ਰਹਿਆਂ (ਜੋ ਸਬੂਤਾਂ ਦੇ ਐਨ ਉਲਟ ਹੁੰਦੇ ਹਨ) ਅਤੇ ਤੱਥਾਂ ਤੋਂ ਪਰ੍ਹੇ ਅਨੁਮਾਨਾਂ ਨੂੰ ਮੁੱਖ ਕਾਰਨ ਮੰਨਦਾ ਹੈ ਜੋ ਕਿ ਸਮਾਜ ਤੇ ਨਾਗਰਿਕਾਂ ਦੇ ਸੋਚ-ਪੈਟਰਨਾਂ ਵਿਚੋਂ ਪ੍ਰਤੱਖ ਝਲਕਦੇ ਹਨ। ਉਹ ਇਨ੍ਹਾਂ ਤੋਂ ਮੁਕਤ ਹੋਣ ਲਈ ਕਈ ਮਨੋਵਿਗਿਆਨਕ ਅਤੇ ਦਿਮਾਗ਼ੀ ਕਸਰਤਾਂ ਅਤੇ ਸੋਚ ਵਿਚਾਰਾਂ ਦੀਆਂ ਮਸ਼ਕਾਂ ਦਾ ਸੁਝਾਅ ਦਿੰਦਾ ਹੈ।

ਜੇਕਰ ਇਹ ਕਿਤਾਬ ਸਿਰਫ਼ ਸੰਭਾਵਿਤਾ, ਗਣਨ ਵਿਗਿਆਨ ਅਤੇ ਸਾਧਾਰਣ ਅੰਕ ਗਣਿਤ ਹੀ ਹੈ ਤਾਂ ਫਿਰ ਪਹਿਲਾਂ ਹੀ ਅਜਿਹੀਆਂ ਬਹੁਤ ਸਾਰੀਆਂ ਕਿਤਾਬਾਂ ਪ੍ਰਾਪਤ ਹਨ ਜਿਵੇਂ ਜੈਫ ਰੋਜ਼ੇਨਥਾਲ ਦੀ Struck by Lightning ਅਤੇ ਕਿਟ ਯੇਟਸ ਦੀ The Math of Life and Death ਆਦਿ। ਇਸ ਤੋਂ ਇਲਾਵਾ ਕਾਰਲ ਸਾਗਾਨ ਅਤੇ ਐਨ. ਡ੍ਰਿਐਨ ਦੀ The Demon-Haunted World ਅਤੇ ਮਿਸ਼ੇਲ ਸ਼ੇਰਮਰ ਦੀ Why People Believe Weird Things ਵੀ ਪੜ੍ਹਨ ਲਈ ਮਿਲਦੀਆਂ ਨੇ। ਪਰ ਪਿੰਕਰ ਦੀ ਇਸ ਕਿਤਾਬ ਦੀ ਪੜ੍ਹਤ ਇਨ੍ਹਾਂ ਸਾਰੀਆਂ ਕਿਤਾਬਾਂ ਨਾਲੋਂ ਵੱਧ ਰੌਚਕ ਅਤੇ ਪ੍ਰਮਾਣਿਕ ਹੈ। ਪਿੰਕਰ ਦੀ ਕਿਤਾਬ ਕ੍ਰਿਟੀਕਲ ਸਿਧਾਂਤ ਵਿਚ ਦਖ਼ਲਅੰਦਾਜ਼ੀ ਵਿਰੁੱਧ ਕ੍ਰਿਟੀਕਲ ਸੋਚ ਦੀ ਮੁੜ ਸਥਾਪਤੀ ਵੀ ਕਰਦੀ ਜਾਪਦੀ ਹੈ।

ਪਿੰਕਰ ਦੀ ਇਹ ਕਿਤਾਬ ਬਾਹਰੀ ਰੂਪ ਵਿਚ ਇਹ ਪ੍ਰਭਾਵ ਦਿੰਦੀ ਜਾਪਦੀ ਹੈ ਕਿ ਇਸ 'ਤੇ ਗਣਿਤ ਵਿਗਿਆਨ ਖ਼ਾਸਾ ਭਾਰੂ ਹੈ ਪਰ ਜੇਕਰ ਗਹਿਰਾਈ ਨਾਲ ਦੇਖੀਏ ਤਾਂ ਇਹ ਭਲੀਭਾਂਤ ਉਜਾਗਰ ਹੁੰਦਾ ਹੈ ਕਿ ਪਿੰਕਰ ਦੇ ਸਰੋਕਾਰ ਸਮੁੱਚੇ ਰੂਪ ਵਿਚ ਗਣਿਤ ਤੋਂ ਪਰ੍ਹਾਂ ਦੇ ਹਨ। ਉਸ ਦਾ ਕਹਿਣਾ ਹੈ ਕਿ ਲੋਕ ਮੌਤ ਦੇ ਡਰ ਕਾਰਨ ਹਵਾਈ ਸਫ਼ਰ ਕਰਨੋਂ ਭੈਅ ਖਾਂਦੇ ਹਨ ਅਤੇ ਕਾਰ 'ਚ ਵੱਧ ਯਾਤਰਾ ਕਰਦੇ ਹਨ ਭਾਵੇਂ ਕਾਰ ਦੁਰਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਹਵਾਈ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਤੋਂ ਕਿਤੇ ਵੱਧ ਹੁੰਦੀ ਹੈ। ਇਉਂ ਹੀ ਪ੍ਰਮਾਣੂ ਊਰਜਾ ਨੂੰ ਹੋਰ ਸਭ ਬਿਜਲੀ ਉਤਪਾਦਨ ਪ੍ਰਣਾਲੀਆਂ ਤੋਂ ਵੱਧ ਸੁਰੱਖਿਅਤ ਮੰਨਿਆ ਗਿਆ ਹੈ ਪਰ ਫਿਰ ਵੀ ਇਹ ਆਮ ਧਾਰਨਾ ਹੈ ਕਿ ਇਹ ਖ਼ਤਰਨਾਕ ਹੈ। ਇਸ ਦੇ ਵਿਰੋਧ 'ਚ ਪਿੰਕਰ ਦਾ ਕਹਿਣਾ ਹੈ ਕਿ ਅੱਜ ਤੱਕ ਪ੍ਰਮਾਣੂ ਹਾਦਸਿਆਂ ਬਾਰੇ ਤਿੰਨ ਹੀ ਘਟਨਾਵਾਂ ਸਾਡੀਆਂ ਸਿਮਰਤੀਆਂ 'ਚ ਸਾਨੂੰ ਦਿਖਾਈ ਦਿੰਦੀਆਂ ਹਨ ਜਿਵੇਂ ਸੰਨ ਉੱਨੀ ਸੌ ਉਨਾਸੀ 'ਚ ਥ੍ਰੀ ਮਾਈਲਜ਼ ਆਈਲੈਂਡ, ਸੰਨ ਦੋ ਹਜ਼ਾਰ ਗਿਆਰਾਂ 'ਚ ਫੁਕੂਸ਼ੀਮਾ ਜਿਨ੍ਹਾਂ 'ਚ ਸਿਰਫ਼ ਇਕ ਇਕ ਬੰਦੇ ਨੇ ਜਾਨ ਗੁਆਈ ਅਤੇ ਸੰਨ ਉੱਨੀ ਸੌ ਛਿਆਸੀ 'ਚ ਸੋਵੀਅਤ ਰੂਸ ਵਿਚ ਚਰਨੌਬਿਲ ਦੀ ਘਟਨਾ ਜਿਸ ਵਿਚ ਇਕੱਤੀ ਜਾਨਾਂ ਗਈਆਂ। ਪਿੰਕਰ ਅਨੁਸਾਰ ਜੇ ਦੇਖਿਆ ਜਾਵੇ ਤਾਂ ਇਸ ਦੇ ਬਰਅਕਸ ਸੈਂਕੜੇ ਹਜ਼ਾਰਾਂ ਲੋਕ ਹਰ ਰੋਜ਼ ਕੈਂਸਰ ਅਤੇ ਕੋਲ਼ੇ ਤੇ ਪੈਟਰੋਲ ਕਾਰਨ ਪੈਦਾ ਹੋਏ ਪ੍ਰਦੂਸ਼ਣ ਨਾਲ ਮਰਦੇ ਹਨ। ਪਿਛਲੇ ਸਮਿਆਂ 'ਚ ਸੰਸਾਰ ਦੇ ਕਈ ਖਿੱਤਿਆਂ ਜਿਵੇਂ ਸੀਰੀਆ, ਇਰਾਕ, ਅਫ਼ਗਾਨਿਸਤਾਨ ਆਦਿ 'ਚ ਲੱਗੀਆਂ ਜੰਗਾਂ ਦੌਰਾਨ ਮਨੁੱਖੀ ਜਾਨਾਂ ਦੀ ਬਹੁਤ ਵੱਡੀ ਹਾਨੀ ਹੋਈ ਹੈ। ਸੰਸਾਰ ਵਿਚ ਫੈਲੀ ਦਹਿਸ਼ਤਗਰਦੀ 'ਚ ਤਾਂ

(ਬਾਕੀ ਸਫ਼ਾ 35 'ਤੇ)

## ਪੰਜਾਬ ਦੀ ਆਪ ਸਰਕਾਰ ਧਰਨਿਆਂ ਤੇ ਗੈਂਗਸਟਰਾਂ

ਕੋਸ਼ਿਸ਼ ਕੀਤੀ।ਉਸ ਤੋਂ ਬਾਅਦ ਪੁਲਿਸ ਵਲੋਂ ਬਲ ਪ੍ਰਯੋਗ ਕੀਤਾ ਗਿਆ ਤਾਂ ਇਸ ਦਾ ਅਸਰ ਸਮੁੱਚੇ ਪੰਜਾਬ ਵਿਚ ਦੇਖਣ ਨੂੰ ਮਿਲ ਰਿਹਾ ਹੈ, ਜਿਸ ਕਾਰਨ ਕੜਾਕੇ ਦੀ ਠੰਡ ਦੇ ਬਾਵਜੂਦ ਵੱਖ-ਵੱਖ ਥਾਵਾਂ ਤੋਂ ਕਿਸਾਨ ਯੂਨੀਅਨਾਂ ਅਤੇ ਸਮਰਥਕ ਵਹੀਰਾਂ ਘੱਤ ਕੇ ਧਰਨੇ ਵਿਚ ਪੁੱਜਣ ਲਈ ਪਹੁੰਚ ਰਹੇ ਹਨ। ਪੁਲਿਸ ਵਲੋਂ ਲਾਏ ਗਏ ਬੈਰੀਕੇਡ ਵੀ ਧਰਨਾਕਾਰੀਆਂ ਨੇ ਤੋੜ ਦਿੱਤੇ। ਇਸ ਝੜਪ ਦੌਰਾਨ ਕਈ ਪੁਲਿਸ ਕਰਮੀ ਵੀ ਜ਼ਖ਼ਮੀ ਹੋਏ, ਜਦੋਂ ਕਿ ਪੁਲਿਸ ਵਲੋਂ ਕੀਤੀ ਗਈ ਖਿੱਚ-ਧੂਹ ਕਾਰਨ ਕੁਝ ਕਿਸਾਨਾਂ ਦੇ ਵੀ ਸੱਟਾਂ ਲੱਗੀਆਂ। ਇਕੱਤਰ ਵੇਰਵਿਆਂ ਅਨੁਸਾਰ ਜ਼ਖ਼ਮੀ ਹੋਏ ਪੁਲਿਸ ਕਰਮੀਆਂ ਨੂੰ ਜ਼ੀਰਾ ਦੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਧਰ ਦੂਜੇ ਪਾਸੇ ਪੁਲਿਸ ਪ੍ਰਸ਼ਾਸਨ ਵਲੋਂ ਕੁਝ ਕਿਸਾਨ ਯੂਨੀਅਨਾਂ ਦੇ ਆਗੂਆਂ ਅਤੇ ਯਮੁਨਾ ਦੇ ਸਮਰਥਕਾਂ 'ਤੇ ਮੁਕੱਦਮੇ ਵੀ ਦਰਜ ਕੀਤੇ ਗਏ ਹਨ ਅਤੇ ਉਨ੍ਹਾਂ ਦੀ ਫੜੋ-ਫੜੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਹੁਣ ਤੱਕ 32 ਕਿਸਾਨ ਜਥੇਬੰਦੀਆਂ ਦੇ ਆਗੂ ਅਤੇ ਉਨ੍ਹਾਂ ਦੇ ਸਮਰਥਕ ਵੱਡੀ ਗਿਣਤੀ ਵਿਚ ਇਸ ਧਰਨੇ ਦੇ ਬਾਹਰ ਪਹੁੰਚ ਚੁੱਕੇ ਹਨ। ਧਰਨਾਕਾਰੀ ਸ਼ਰਾਬ ਫ਼ੈਕਟਰੀ ਨੂੰ ਬੰਦ ਕਰਵਾਉਣ ਦੀ ਮੰਗ 'ਤੇ ਅੜੇ ਹੋਏ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਵੀ ਸ਼ਾਮਲ ਹਨ। ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਹੋਰ ਸਿਆਸੀ ਆਗੂਆਂ ਦੇ ਉੱਥੇ ਜਾਣ ਦੇ ਬਾਵਜੂਦ ਅਰਥ-ਭਰਪੂਰ ਸੰਵਾਦ ਸ਼ੁਰੂ ਨਹੀਂ ਹੋ ਸਕਿਆ। ਹਾਈ ਕੋਰਟ ਨੇ ਧਰਨਾ ਹਟਾ ਕੇ ਸ਼ਰਾਬ ਫੈਕਟਰੀ ਤੋਂ 300 ਮੀਟਰ ਦੂਰ ਕਰਵਾਉਣ ਦੇ ਹੁਕਮ ਦਿੱਤੇ ਸਨ। ਫੈਕਟਰੀ ਮਾਲਕ ਨੂੰ ਅਦਾਲਤ ਦੇ ਹੁਕਮਾਂ ਅਨੁਸਾਰ ਮੁਆਵਜ਼ਾ ਵੀ ਦਿੱਤਾ ਗਿਆ ਸੀ। ਰਾਜ ਸਰਕਾਰ ਨੂੰ ਚਾਹੀਦਾ ਸੀ ਕਿ ਕਿਸੇ ਨਿਰਪੱਖ ਏਜੰਸੀ ਜਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਮਾਹਿਰਾਂ ਦੀ ਟੀਮ ਬਣਾ ਕੇ ਇਸ ਗੱਲ ਦੀ ਪੜਤਾਲ ਕਰਾਈ ਜਾਂਦੀ ਕਿ ਕਿੰਨੇ ਪਿੰਡਾਂ ਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਫੈਕਟਰੀ ਤੋਂ ਨਿਕਲਦੇ ਮੁਆਦ ਨੂੰ ਕਿਵੇਂ ਸਾਫ਼ ਕੀਤਾ ਜਾ ਸਕਦਾ ਹੈ। ਇਸ ਵਲ ਸਰਕਾਰ ਨੇ ਧਿਆਨ ਨਹੀਂ ਦਿਤਾ ਤੇ ਨਾ ਹੀ ਲੋਕ ਹਿਤ ਵਿਚ ਕਨੂੰਨੀ ਪੈਰਵਾਈ ਕੀਤੀ ਹੈ।

ਬੀਤੇ ਦਿਨੀਂ ਫ਼ਿਰੋਜ਼ਪੁਰ ਰੇਂਜ ਦੇ ਆਈਜੀ ਜਸਕਰਨ ਸਿੰਘ ਨੇ ਸਾਂਝਾ ਮੋਰਚਾ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਕੀਤੀਆਂ ਗਈਆਂ ਪੰਜ ਜਾਂਚ ਕਮੇਟੀਆਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ, ਪਰ ਆਗੂ ਇਸ ਗੱਲ ਲਈ ਰਾਜ਼ੀ ਨਹੀਂ ਹੋਏ। ਉਹ ਫ਼ੈਕਟਰੀ ਮਾਲਕ ਦੀਪ ਮਲਹੋਤਰਾ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕਰ ਰਹੇ ਹਨ।

ਇਸ ਮਾਮਲੇ ਵਿੱਚ ਅਦਾਲਤ ਨੂੰ ਫੈਕਟਰੀ ਦੇ ਮਾਲਕ ਵਲੋ ਕਿਹਾ ਹੈ ਕਿ ਇਹ ਯੂਨਿਟ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਭਾਰਤ ਸਰਕਾਰ ਦੇ ਵਾਤਾਵਰਨ ਮੰਤਰਾਲੇ ਤੋਂ ਮਿਲੀ ਮਨਜ਼ੂਰੀ ਤੋਂ ਬਾਅਦ ਹੀ ਲਗਾਈ ਗਈ ਸੀ ਤੇ ਫੈਕਟਰੀ ਵੱਲੋਂ ਕੋਈ ਪ੍ਰਦੂਸ਼ਣ ਨਹੀਂ ਫੈਲਾਇਆ ਜਾ ਰਿਹਾ ਹੈ।

ਅਸਲ ਵਿੱਚ ਇਸ ਫੈਕਟਰੀ ਸੰਬੰਧੀ ਵਿਵਾਦ ਉਸ ਵੇਲੇ ਪੈਦਾ ਹੋਇਆ, ਜਦੋਂ ਕਰੀਬ 6 ਮਹੀਨੇ ਪਹਿਲਾਂ ਨੇੜਲੇ ਪਿੰਡ ਮਹੀਆਂਵਾਲਾ ਵਿੱਚ ਬੋਰ ਕਰਦੇ ਸਮੇਂ ਉਸ ਵਿੱਚੋਂ ਕਾਲੇ ਰੰਗ ਦਾ ਦੂਸ਼ਤ ਪਾਣੀ ਨਿਕਲਣ ਲੱਗਾ। ਪਿੰਡ ਮਹੀਆਂਵਾਲਾ ਦੇ ਵਸਨੀਕ ਗੁਰਦੀਪ ਸਿੰਘ ਨੇ ਦੱਸਿਆ ਕਿ ਇਸੇ ਵਰ੍ਹੇ ਜੁਲਾਈ ਦੇ ਪਹਿਲੇ ਹਫ਼ਤੇ ਪਿੰਡ ਵਿੱਚ ਬਣੇ ਗੁਰਦਵਾਰਾ ਬਾਬਾ ਬਿਧੀ ਚੰਦ ਵਿੱਚ ਪਾਣੀ ਵਾਲੀ ਮੋਟਰ ਲਾਉਣ ਲਈ ਜਦੋਂ ਧਰਤੀ ਹੇਠਾਂ ਬੋਰ ਕੀਤਾ ਜਾ ਰਿਹਾ ਸੀ ਤਾਂ ਕਾਲਾ ਪਾਣੀ ਨਿਕਲਣਾ ਸ਼ੁਰੂ ਹੋ ਗਿਆ ਸੀ। ਤਹਿਸੀਲ ਜ਼ੀਰਾ ਨਾਲ ਸੰਬੰਧਤ ਕਰੀਬ 40 ਪਿੰਡਾਂ ਦੇ ਲੋਕਾਂ ਤੋਂ ਇਲਾਵਾ ਵੱਖ-ਵੱਖ ਕਿਸਾਨ ਸੰਗਠਨਾਂ ਦੇ ਕਾਰਕੁੰਨ ਇਸ ਗੱਲ 'ਤੇ ਅੜੇ ਹੋਏ ਹਨ ਕਿ ਸ਼ਰਾਬ ਫੈਕਟਰੀ ਨੂੰ ਬੰਦ ਕੀਤਾ ਜਾਵੇ। ਉਨ੍ਹਾਂ ਨੇ ਕਿਹਾ, 'ਅਸੀਂ ਪਿੰਡ ਵਾਸੀ ਹੈਰਾਨ ਸੀ ਕਿ ਬੋਰ ਵਿੱਚੋਂ ਨਿਕਲ ਰਹੇ ਕਾਲੇ ਪਾਣੀ ਵਿੱਚੋਂ ਕੱਚੀ ਸ਼ਰਾਬ ਦੀ ਲਾਹਣ ਵਰਗਾ ਮੁਸ਼ਕ ਆ ਰਿਹਾ ਸੀ, ਅਸੀਂ ਉਸੇ ਵੇਲੇ ਇਹ ਮਾਮਲਾ ਪ੍ਰਸ਼ਾਸ਼ਨ ਦੇ ਧਿਆਨ ਵਿੱਚ ਲਿਆਂਦਾ ਸੀ ਪਰ ਕੋਈ ਹੱਲ ਨਹੀਂ ਨਿਕਲਿਆ ਸੀ।'

ਕਿਸਾਨ ਆਗੂ ਕਰਮਵੀਰ ਕੌਰ ਕਹਿੰਦੇ, 'ਅਸੀਂ ਸਰਕਾਰ ਨੂੰ ਕਹਿੰਦੇ ਹਾਂ ਕਿ ਅਸੀਂ ਇਸ ਧਰਤੀ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ, ਪਾਣੀ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ। ਲੋਕ ਜ਼ੀਰੇ ਵਿਚ ਸ਼ਰਾਬ ਦੀ ਫੇਕਟਰੀ ਦੇ ਖਿਲਾਫ ਇਸ ਕਰਕੇ ਹਨ ਕਿ ਫੈਕਟਰੀ ਅਪਣਾ ਗੰਧਲਾ ਪਾਣੀ ਸਾਫ਼ ਕਰਕੇ ਖਾਰਜ ਕਰਨ ਦੀ ਥਾਂ, ਗੰਧਲਾ ਪਾਣੀ ਜ਼ਮੀਨ ਦੇ ਵਿਚ ਬੋਰ ਕਰਕੇ ਜ਼ਮੀਨ ਦੇ ਵਿਚ ਖਾਰਜ ਕਰ ਰਹੀ ਹੈ। ਸਦੀਆਂ ਤੋਂ ਪੋਲੂਸ਼ਨ ਕੰਟਰੋਲ ਬੋਰਡ ਨੂੰ ਚਲਾਉਣ ਵਾਲੇ ਇਸ ਪਾਸੇ ਅੱਖਾਂ ਮੀਟੀ ਬੈਠੇ ਹਨ। ਸਰਕਾਰਾਂ ਵੀ ਸਰਮਾਇਦਾਰਾਂ ਦਾ ਪੱਖ ਪੂਰ ਰਹੀਆਂ ਹਨ। ਲੋਕ ਕੋਲ ਮੁਜ਼ਾਹਰਾ ਕਰਨ ਤੋਂ ਇਲਾਵਾ ਕੀ ਰਸਤਾ ਹੈ ? ਯਾਦ ਰਹੇ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਧਰਤੀ ਹੇਠਲੇ ਪਾਣੀ ਅਤੇ ਮਿੱਟੀ ਨੂੰ ਦੂਸ਼ਿਤ ਕਰਨ ਦੇ ਮੁੱਦੇ ਨੂੰ ਲੈ ਕੇ ਪੰਜਾਬ ਦੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬੀ ਕੀਤੀ ਸੀ। ਧਰਨੇ ਦੇ ਖ਼ਿਲਾਫ਼ ਸ਼ਰਾਬ ਫੈਕਟਰੀ ਦੇ ਪ੍ਰਬੰਧਕ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਗਏ ਸਨ। ਜਿਸ ਤੋਂ ਬਾਅਦ ਅਦਾਲਤ ਨੇ ਪੰਜਾਬ ਸਰਕਾਰ ਨੂੰ ਕਰੀਬ 15 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਹ ਫੈਕਟਰੀ ਸਾਲ 2006 ਵਿੱਚ ਜ਼ੀਰਾ ਨੇੜਲੇ ਪਿੰਡ ਮਨਸੂਰਵਾਲ ਕਲਾਂ 'ਚ ਲਗਾਈ ਗਈ ਸੀ।

ਹਾਈ ਕੋਰਟ ਦਾ ਕਿਸਾਨ ਵਿਰੋਧੀ ਫੈਸਲਾ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੰਜਾਬ ਸਰਕਾਰ ਨੇ ਜ਼ੀਰਾ ਸਥਿਤ ਮਾਲਬਰੋਜ਼ ਸ਼ਰਾਬ ਫੈਕਟਰੀ ਦੇ ਮਾਮਲੇ ਵਿਚ ਪ੍ਰਗਤੀ ਰਿਪੋਰਟ ਪੇਸ਼ ਕੀਤੀ। ਸੁਣਵਾਈ ਦੌਰਾਨ ਜ਼ੀਰਾ ਦੀ ਮਾਲਬਰੋਜ਼ ਫ਼ੈਕਟਰੀ ਦਾ ਰਸਤਾ ਖ਼ਾਲੀ ਕਰਾਉਣ ਲਈ ਕੀਤੀਆਂ ਕੋਸ਼ਿਸ਼ਾਂ ਬਾਰੇ ਪ੍ਰਗਤੀ ਰਿਪੋਰਟ ਸੌਂਪੀ ਗਈ। ਪੰਜਾਬ ਸਰਕਾਰ ਨੇ ਦੱਸਿਆ ਕਿ ਸ਼ਰਾਬ ਫੈਕਟਰੀ ਦਾ ਇੱਕ ਦਰਵਾਜ਼ਾ ਪ੍ਰਦਰਸ਼ਨਕਾਰੀਆਂ ਤੋਂ ਖਾਲੀ ਕਰਾ ਦਿੱਤਾ ਗਿਆ ਹੈ। ਹਾਈ ਕੋਰਟ ਨੇ ਅਗਲੀ ਸੁਣਵਾਈ ਹੁਣ 23 ਦਸੰਬਰ ਨੂੰ ਤੈਅ ਕੀਤੀ ਹੈ। ਫੈਕਟਰੀ ਮਾਲਕ ਨੇ ਇਸ ਮੋਰਚੇ ਕਾਰਨ ਹੋ ਰਹੇ ਨੁਕਸਾਨ ਨੂੰ ਲੈ ਕੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਹਾਈ ਕੋਰਟ ਦੇ ਹੁਕਮਾਂ 'ਤੇ ਸਰਕਾਰ ਨੇ 20 ਕਰੋੜ ਦੀ ਰਾਸ਼ੀ ਵੀ ਰਜਿਸਟਰੀ ਕੋਲ ਜਮ੍ਹਾਂ ਕਰਾਈ ਹੈ।

ਹਾਈਕੋਰਟ ਨੇ ਪ੍ਰਦਰਸ਼ਨਕਾਰੀਆਂ ਦੇ ਵਕੀਲ ਨੂੰ ਸਪੱਸ਼ਟ ਕਿਹਾ ਕਿ ਫ਼ੈਕਟਰੀ ਤੋਂ ਨਿਕਲ ਰਹੇ ਦੂਸ਼ਿਤ ਕੈਮੀਕਲ ਦੀ ਜਾਂਚ ਲਈ ਕਮੇਟੀ ਬਣਾਉਣ ਦੇ ਹੁਕਮ ਦਿੱਤੇ ਜਾ ਸਕਦੇ ਹਨ ਪਰ ਇਸ ਤੋਂ ਪਹਿਲਾਂ ਰੋਸ ਮੁਜ਼ਾਹਰਾ ਖ਼ਤਮ ਹੋਣਾ ਚਾਹੀਦਾ ਹੈ। ਹਾਈਕੋਰਟ ਨੇ ਪ੍ਰਦਰਸ਼ਨਕਾਰੀਆਂ ਨੂੰ ਆਪਣਾ ਪੱਖ ਪੇਸ਼ ਕਰਨ ਲਈ 48 ਘੰਟੇ ਦਾ ਸਮਾਂ ਦਿੱਤਾ ਅਤੇ ਅਗਲੀ ਸੁਣਵਾਈ 23 ਦਸੰਬਰ 'ਤੇ ਪਾ ਦਿੱਤੀ।

***

## ਸੂਬੇ ਦੇ ਸਨਅੱਤਕਾਰ ਗੈਂਗਸਟਰਾਂ ਕਾਰਨ ਸਹਿਮੇ,

ਨਾਲ ਚੇਨਈ ਤੇ ਹੈਦਰਾਬਾਦ ਦੇ ਦੌਰੇ 'ਤੇ ਹਨ, ਜਿੱਥੇ ਉਨ੍ਹਾਂ ਵਲੋਂ ਕੁਝ ਚੋਣਵੀਆਂ ਕੰਪਨੀਆਂ ਦੇ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ ਜਾ ਰਹੀਆਂ ਹਨ ਪਰ ਦਿਲਚਸਪ ਗੱਲ ਇਹ ਹੈ ਕਿ ਮੌਜੂਦਾ ਸਰਕਾਰ ਵਲੋਂ ਬਣਾਈ ਜਾ ਰਹੀ ਆਪਣੀ ਨਵੀਂ ਸਨਅਤੀ ਪਾਲਸੀ ਨੂੰ ਅਜੇ ਤੱਕ ਪ੍ਰਵਾਨਗੀ ਨਹੀਂ ਮਿਲ ਸਕੀ, ਜਿਸ ਕਾਰਨ ਬਾਹਰ ਦੀਆਂ ਸਨਅੱਤਾਂ ਨੂੰ ਇਸ ਸੰਬੰਧੀ ਜਾਣਕਾਰੀ ਨਹੀਂ ਦਿੱਤੀ ਜਾ ਸਕੇਗੀ ਅਤੇ ਅਜੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਨਵੀਂ ਯੋਜਨਾ ਵਿਚ ਬਾਹਰੋਂ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਕੀ ਕੁਝ ਹੈ। ਪੰਜਾਬ ਜਿੱਥੇ ਸਨਅਤਾਂ ਨੂੰ ਬਿਜਲੀ 8 ਤੋਂ ਸਾਢੇ 8 ਰੁਪਏ ਯੂਨਿਟ ਮਿਲ ਰਹੀ ਹੈ, ਜੋ ਦੂਜੇ ਕਈ ਰਾਜਾਂ ਨਾਲੋਂ ਵੱਧ ਹੈ, ਹਾਲੇ ਮਗਰਲੀਆਂ ਸਰਕਾਰ ਇਸ ਨੂੰ 5 ਰੁਪਏ ਯੂਨਿਟ ਲਿਆਉਣ ਦੇ ਦਾਅਵੇ ਕਰਦੀਆਂ ਰਹੀਆਂ। ਮਗਰਲੀਆਂ ਸਰਕਾਰਾਂ ਵਲੋਂ ਵੀ ਅਜਿਹੇ ਨਿਵੇਸ਼ਕ ਸੰਮੇਲਨਾਂ 'ਤੇ ਸਾਲਾਨਾ 15 ਤੋਂ 20 ਕਰੋੜ ਰੁਪਏ ਬਰਬਾਦ ਹੁੰਦੇ ਰਹੇ ਪਰ ਪ੍ਰਾਪਤੀ ਨਾਂਹ ਬਰਾਬਰ ਹੀ ਰਹੀ। ਇਨ੍ਹਾਂ ਸੰਮੇਲਨਾਂ ਨੂੰ ਸੂਬੇ ਦੇ ਵੋਟਰਾਂ ਨੂੰ ਵੱਡੇ ਨਿਵੇਸ਼ ਦੇ ਝਾਂਸਿਆਂ ਨਾਲ ਭਰਮਾਉਣ 'ਤੇ ਖ਼ੁਸ਼ ਕਰਨ ਲਈ ਜ਼ਰੂਰ ਵਰਤਿਆ ਗਿਆ। ਪਰ ਜਦੋਂ ਇਸ ਸੂਬੇ ਦੇ ਆਪਣੇ ਵਪਾਰੀ ਤੇ ਸਨਅੱਤਕਾਰ ਹੀ ਡਰ ਤੇ ਸਹਿਮ ਦੇ ਮਾਹੌਲ ਵਿਚੋਂ ਗੁਜ਼ਰ ਰਹੇ ਹਨ, ਫੈਕਟਰੀਆਂ, ਰੇਲਵੇ ਤੇ ਮੁੱਖ ਮਾਰਗਾਂ, ਟੋਲ ਪਲਾਜ਼ਿਆਂ 'ਤੇ ਧਰਨੇ ਤੇ ਅੰਦੋਲਨ ਚੱਲ ਰਹੇ ਹਨ, ਕੀ ਦੂਜੇ ਸੂਬਿਆਂ ਤੋਂ ਆ ਕੇ ਪੰਜਾਬ ਵਿਚ ਪੂੰਜੀ ਲਗਾਉਣ ਦਾ ਕੋਈ ਹੌਸਲਾ ਕਰੇਗਾ ? ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਖੇਤੀ ਆਧਾਰਿਤ ਸਨਅੱਤਾਂ ਲਈ ਦੇਸ਼ 'ਚੋਂ ਬਿਹਤਰੀਨ ਸਥਾਨ ਹੈ ਅਤੇ ਬਹੁਤ ਸਾਰੇ ਉਤਪਾਦਾਂ ਲਈ ਪੰਜਾਬ ਇਕ ਵੱਡੀ ਮੰਡੀ ਵੀ ਹੈ ਪਰ ਸੂਬੇ ਵਿਚ ਸ਼ਾਂਤੀ ਦਾ ਮਾਹੌਲ ਕਾਇਮ ਕਰਨ ਤੋਂ ਬਿਨਾਂ ਅਤੇ ਵਪਾਰ ਤੇ ਸਨਅੱਤ ਦੇ ਅਨੁਕੂਲ ਹਲਾਤ ਪੈਦਾ ਕਰਨ ਤੋਂ ਬਿਨਾਂ ਰਾਜ ਸਰਕਾਰ ਦੂਜੇ ਸੂਬਿਆਂ ਵਿਚ ਜਿੰਨੇ ਮਰਜ਼ੀ ਚਾਰਟਡ ਜਹਾਜ਼ ਭਜਾ ਲਵੇ ਤੇ ਨਿਵੇਸ਼ਕ ਸੰਮੇਲਨਾਂ ਤੇ ਪੈਸਾ ਵਹਾ ਲਵੇ ਪੰਜਾਬ ਲਈ ਬਾਹਰੋਂ ਨਿਵੇਸ਼ ਲਿਆਉਣ ਦੀਆਂ ਕੋਸ਼ਿਸ਼ਾਂ ਨੂੰ ਬਹੁਤ ਬੂਰ ਨਹੀਂ ਪੈਣ ਵਾਲਾ।

**

## ਟੋਲ ਪਲਾਜ਼ਿਆਂ ਬਾਰੇ ਕਿਸਾਨੀ ਸੰਘਰਸ਼ ਮੁੜ ਭਖਿਆ

ਦੋਹਰੀ ਲੁੱਟ ਹੁਣ ਹੋਰ ਨਹੀਂ ਹੋਣ ਦਿੱਤੀ ਜਾਵੇਗੀ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਭਰ ਵਿੱਚ ਰਾਜ ਤੇ ਕੌਮੀ ਮਾਰਗਾਂ 'ਤੇ ਲੱਗੇ ਸਾਰੇ ਟੋਲ ਪਲਾਜ਼ੇ ਪੁੱਟੇ ਜਾਣ। ਦੱਸ ਦਈਏ ਕਿ ਪੰਜਾਬ ਵਿਚਲੇ ਰਾਜ ਮਾਰਗਾਂ ਤੇ ਕੌਮੀ ਮਾਰਗਾਂ 'ਤੇ ਲੱਗੇ 18 ਟੋਲ ਪਲਾਜ਼ਿਆਂ 'ਤੇ ਕਿਸਾਨਾਂ ਵੱਲੋਂ ਦਿੱਤੇ ਜਾ ਰਹੇ ਧਰਨਿਆਂ ਕਾਰਨ ਟੋਲ ਕੰਪਨੀਆਂ ਦੀ ਵਸੂਲੀ ਦਾ ਅਮਲ ਬੰਦ ਹੈ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਕਿਸਾਨਾਂ ਨੇ 15 ਦਸੰਬਰ ਤੋਂ ਟੋਲ ਪਲਾਜ਼ਿਆਂ 'ਤੇ ਨਾਕੇ ਲਾਏ ਹੋਏ ਹਨ।

***

## ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

ਮਾਈਆਂ ਦੀ ਭਰੀ ਥੈਲੀ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮਾਤਾ ਜੀ ਨੇ ਵੇਖ ਲਿਆ ਅਤੇ ਕਿਹਾ ਗੰਗੂ ਚੋਰੀ ਕਿਉਂ ਕਰ ਰਿਹਾ ਹੈ, ਮੰਗ ਕੇ ਲੈ ਲੈਂਦਾ ਤੈਨੂੰ ਕਿਹੜਾ ਮਨ੍ਹਾ ਕਰਨਾ ਸੀ। ਤਾਂ ਗੰਗੂ ਬ੍ਰਾਹਮਣ ਨੇ ਮਾਤਾ ਜੀ ਨੂੰ ਗੁੱਸੇ ਵਿਚ ਕਾਫ਼ੀ ਮਾੜਾ ਬੋਲਿਆ ਅਤੇ ਮਾਤਾ ਜੀ ਦੀ ਇਤਲਾਹ ਮੋਰਿੰਡਾ ਦੇ ਕੋਤਵਾਲ ਨੂੰ ਦੇ ਦਿੱਤੀ। ਜਿਸ 'ਤੇ ਮੋਰਿੰਡਾ ਦੇ ਕੋਤਵਾਲ ਜਾਨੀ ਖਾਂ ਅਤੇ ਮਾਨੀ ਖਾਂ ਦੇ ਕੋਲ ਗ੍ਰਿਫ਼ਤਾਰ ਕਰਵਾ ਦਿੱਤਾ।

ਇਸ ਦੇ ਬਾਅਦ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਮੋਰਿੰਡਾ ਦੀ ਕੋਤਵਾਲੀ ਵਿੱਚ ਕੈਦ ਕਰਕੇ ਰੱਖਿਆ ਗਿਆ ਸੀ ਅਤੇ ਦੂਜੇ ਦਿਨ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਰਹੰਦ ਨੂੰ ਲੈ ਜਾਇਆ ਗਿਆ। ਜਿੱਥੇ ਸੂਬਾ ਸਰਹੰਦ ਵੱਲੋਂ ਛੋਟੇ ਸਾਹਿਬਜ਼ਾਦਿਆਂ ਨੂੰ ਮੁਸਲਿਮ ਧਰਮ ਧਾਰਨ ਕਰਨ ਦਾ ਲਾਲਚ ਦਿੱਤਾ, ਡਰਾਇਆ ਜਦੋਂ ਸਾਹਿਬਜ਼ਾਦੇ ਆਪਣੇ ਇਮਾਨ ਤੋਂ ਨਾ ਡੋਲੇ ਤਾਂ ਸੂਬਾ ਸਰਹੰਦ ਵੱਲੋਂ ਸਾਹਿਬਜ਼ਾਦਿਆਂ ਨੂੰ ਕੰਧਾਂ 'ਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਜਿਨ੍ਹਾਂ ਕੌਮਾਂ ਦੇ ਇਤਿਹਾਸ ਮਿਟ ਜਾਂਦੇ ਨੇ ਉਹ ਕੌਮਾਂ ਖ਼ਤਮ ਹੋ ਜਾਂਦੀਆਂ ਨੇ ਪਰ ਸਿੱਖ ਕੌਮ ਦਾ ਗੋਰਵਮਈ ਇਤਿਹਾਸ ਅਤੇ ਵਿਰਸਾ ਜਿਸ ਤਰ੍ਹਾਂ ਸਿੱਖ ਕੌਮ ਵੱਲੋਂ ਸੰਭਾਲ ਕੇ ਰੱਖਿਆ ਗਿਆ ਹੈ, ਉਸ ਦੇ ਚਲਦਿਆਂ ਇਹ ਸਿੱਖੀ ਦਾ ਬੂਟਾ ਲਗਾਤਾਰ ਵੱਧ ਰਿਹਾ ਹੈ। ਇਸ ਪੁਰਾਤਨ ਇਮਾਰਤ ਦੀ ਦਿੱਖ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ ਗਿਆ।

***

## ਵਿਦੇਸ਼ਾਂ ਵਿਚ ਪਨਾਹ

ਬੈਂਕ ਆਫ ਇੰਡੀਆ (ਆਰਬੀਆਈ) ਦੀ 2019-20 ਦੀ ਰਿਪੋਰਟ ਅਨੁਸਾਰ ਉਸ ਵਿੱਤੀ ਸਾਲ ਵਿਚ 1.85 ਲੱਖ ਕਰੋੜ ਰੁਪਏ ਦੇ ਘਪਲੇ ਹੋਏ ਜਦੋਂ ਕਿ ਉਸ ਤੋਂ ਪਿਛਲੇ ਵਿੱਤੀ ਸਾਲ (2018-19) ਵਿਚ 71,500 ਕਰੋੜ ਰੁਪਏ ਦੀ ਧੋਖਾਧੜੀ ਹੋਈ ਸੀ। ਇਹ ਧੋਖਾਧੜੀਆਂ ਕਾਰੋਬਾਰੀਆਂ, ਬੈਂਕ ਕਰਮਚਾਰੀਆਂ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਕਾਰਨ ਹੁੰਦੀਆਂ ਹਨ। ਮਾਹਿਰਾਂ ਅਨੁਸਾਰ ਬੈਂਕ ਇਨ੍ਹਾਂ ਧੋਖਾਧੜੀਆਂ ਦਾ ਪਤਾ ਲਗਾਉਣ ਵਿਚ ਬਹੁਤ ਸਮਾਂ ਲਾਉਂਦੇ ਹਨ ਅਤੇ ਓਨੇ ਸਮੇਂ ਵਿਚ ਬਹੁਤ ਸਾਰਾ ਪੈਸਾ ਦੇਸ਼ ਤੋਂ ਬਾਹਰ ਜਾ ਚੁੱਕਾ ਹੁੰਦਾ ਹੈ। ਬੈਂਕਾਂ ਦੇ ਅੰਦਰੂਨੀ ਨਿਗਰਾਨੀ ਕਰਨ ਦੇ ਸਾਧਨ ਮਜ਼ਬੂਤ ਨਹੀਂ ਅਤੇ ਆਰਬੀਆਈ ਵੀ ਬੈਂਕਾਂ ਨੂੰ ਇਨ੍ਹਾਂ ਧੋਖਾਧੜੀਆਂ ਤੋਂ ਬਚਾਉਣ ਵਿਚ ਕਾਮਯਾਬ ਨਹੀਂ ਹੋਇਆ। ਨੀਰਵ ਮੋਦੀ, ਵਿਜੈ ਮਾਲਿਆ ਅਤੇ ਹੋਰਨਾਂ ਅਪਰਾਧੀਆਂ ਨੂੰ ਵਾਪਸ ਲਿਆਉਣ ਦੇ ਮਾਮਲੇ ਵਿਚ ਭਾਰਤ ਨੂੰ ਕੂਟਨੀਤਕ ਤੇ ਸਫ਼ਾਰਤੀ ਪੱਧਰ 'ਤੇ ਯਤਨ ਕਰਨੇ ਚਾਹੀਦੇ ਹਨ।

****

## ਬਿਹਾਰ 'ਚ ਜ਼ਹਿਰੀਲੀ ਸ਼ਰਾਬ

ਦੀ। ਜਿੱਥੇ ਨਕਲੀ ਤੇ ਜ਼ਹਿਰੀਲੀ ਸ਼ਰਾਬ ਬਣਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਉੱਥੇ ਸੂਬਾ ਸਰਕਾਰਾਂ ਨੂੰ ਸ਼ਰਾਬ ਬਾਰੇ ਆਪਣੀਆਂ ਨੀਤੀਆਂ ਬਾਰੇ ਬਹੁਤ ਸਚੇਤ ਹੋ ਕੇ ਬਣਾਉਣ ਦੀ ਜ਼ਰੂਰਤ ਹੈ। ਸ਼ਰਾਬ ਮਾਫੀਆ, ਪੁਲਿਸ ਪ੍ਰਸ਼ਾਸਨ ਤੇ ਭ੍ਰਿਸ਼ਟ ਸਿਆਸਤਦਾਨਾਂ ਦੇ ਗੱਠਜੋੜ ਉਪਰ ਸਰਕਾਰ ਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

***

## ਪੀੜਤ ਸਿੱਖ ਪਰਿਵਾਰਾਂ ਨਾਲ ਬੇਇਨਸਾਫ਼ੀ

ਪਤੀ ਸਮੇਤ ਜੋ ਬਾਕੀ ਹੋਰ ਸਿੱਖ ਨੌਜਵਾਨ ਸਨ, ਉਹਨਾਂ ਬਾਰੇ ਪੁੱਛਣ ਉਪਰ ਇਹੀ ਜਵਾਬ ਦਿੱਤਾ ਕਿ ਪੁੱਛਗਿੱਛ ਕਰ ਉਹਨਾਂ ਨੂੰ ਇੱਥੇ ਭੇਜ ਦਿੱਤਾ ਜਾਵੇਗਾ। ਉਹ ਤਿੰਨ ਦਿਨ ਤੱਕ ਇੰਤਜ਼ਾਰ ਕਰਦੇ ਰਹੇ ਅਤੇ ਮੁੜ ਅਖ਼ਬਾਰ ਰਾਹੀਂ ਅਤੇ ਪੰਜਾਬ ਪੁਲਿਸ ਰਾਹੀਂ ਪਤਾ ਲੱਗਾ ਕਿ ਉਹਨਾਂ ਨੂੰ ਖਾੜਕੂ ਕਰਾਰ ਦੇ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ। ਨਾ ਤਾਂ ਉਹਨਾਂ ਨੂੰ ਲਾਸ਼ ਮਿਲੀ, ਨਾ ਹੀ ਇਹ ਪਤਾ ਲਗਾ ਕਿ ਕਿੱਥੇ ਅਤੇ ਕਿਵੇਂ ਤਸੀਹੇ ਦੇ ਕੇ ਜਾਨੋਂ ਮਾਰਿਆ ਗਿਆ। ਅੱਜ ਵੀ ਸਵਰਨਜੀਤ ਕੌਰ ਉਹ ਦਿਨ ਯਾਦ ਕਰਦੇ ਹਨ, ਉਸ ਦਿਨ ਜ਼ਿੰਦਗੀ ਖ਼ਤਮ ਹੋ ਗਈ ਸੀ। ਹਾਲਾਤ ਅੱਜ ਵੀ ਉਹੀ ਹਨ ਕਿਉਂਕਿ ਮਨ ਤਾਂ ਇਹ ਆਖਦਾ ਸੀ ਕਿ ਸਾਰੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਹੁੰਦੀ ਪਰ ਜੇਕਰ 2016 ਵਿੱਚ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਤਾਂ ਮਨ ਨੂੰ ਕੁਝ ਸ਼ਾਂਤੀ ਸੀ ਪਰ ਹੁਣ ਆਏ ਫ਼ੈਸਲੇ ਨੇ ਉਹਨਾਂ ਨੂੰ ਤੋੜ ਦਿੱਤਾ ਹੈ।

***

## ਕੈਨੇਡਾ ਰਹਿੰਦੇ ਪਰਵਾਸੀ

ਭਾਰਤ ਦਾ ਦੌਰਾ ਆਮ ਕਰ ਸਕਦੇ ਸਨ ਅਤੇ ਉਨ੍ਹਾਂ ਨੂੰ ਪੁਲਿਸ ਤੰਗ ਵੀ ਨਹੀਂ ਸੀ ਕਰਦੀ ਪਰ ਹੁਣ ਉਹ ਮਹਿਸੂਸ ਕਰਦੇ ਹਨ ਕਿ ਕਿਸਾਨ ਅੰਦੋਲਨ ਤੋਂ ਬਾਅਦ ਹਾਲਾਤ ਬਦਲ ਗਏ ਹਨ।

ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਕੁਲਵੰਤ ਸਿੰਘ ਢੇਸੀ ਨੇ ਕਿਹਾ ਕਿ ਵੀਜ਼ਾ ਅਪਲਾਈ ਕਰਨ ਲਈ ਲੋਕਾਂ ਨੂੰ ਘੰਟਿਆਂ ਬੱਧੀ ਲਾਈਨਾਂ ਵਿੱਚ ਖੜ੍ਹੇ ਰਹਿੰਦੇ ਹਨ ਅਤੇ ਫਿਰ ਵੀ ਵੀਜ਼ਾ ਲੈਣ ਲਈ 3-4 ਮਹੀਨੇ ਉਡੀਕ ਕਰਨੀ ਪੈਂਦੀ ਹੈ। ਉਨ੍ਹਾਂ ਆਖਿਆ ਕਿ ਭਾਰਤ ਸਰਕਾਰ ਦਾ ਇਹ ਰਵੱਈਆ ਕਿਸਾਨ ਅੰਦੋਲਨ ਤੋਂ ਬਾਅਦ ਬਦਲਿਆ ਹੈ। ਟੋਰਾਂਟੋ ਤੋਂ ਆਏ ਹਰਭਜਨ ਸਿੰਘ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਨੂੰ ਇੱਕ ਤੋਂ ਪੰਜ ਦਿਨਾਂ ਵਿੱਚ ਵੀਜ਼ਾ ਮਿਲ ਜਾਂਦਾ ਸੀ ਪਰ ਇਸ ਵਾਰ ਇੱਕ ਮਹੀਨਾ ਤੋਂ ਵੱਧ ਸਮਾਂ ਲੱਗਾ ਹੈ। ਇੱਕ ਹੋਰ ਕੈਨੇਡੀਅਨ ਪੰਜਾਬੀ ਪਿਆਰਾ ਸਿੰਘ ਗੋਸਲ ਨੇ ਦੱਸਿਆ ਕਿ ਇਸ ਵਾਰ ਵੀਜ਼ਾ ਅਰਜ਼ੀ ਕੇਂਦਰ ਵਿੱਚ ਕਤਾਰ ਵਿੱਚ 11 ਘੰਟੇ ਉਡੀਕ ਕਰਨੀ ਪਈ।

ਧਾਲੀਵਾਲ ਨੇ ਆਖਿਆ ਕਿ ਉਹ ਪਰਵਾਸੀ ਪੰਜਾਬੀਆਂ ਦਾ ਮਸਲਾ ਕੇਂਦਰ ਸਰਕਾਰ ਕੋਲ ਚੁੱਕੇਗੀ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵਿਦੇਸ਼ਾਂ ਦੇ ਨਾਗਰਿਕ ਬਣ ਚੁੱਕੇ ਪ੍ਰਵਾਸੀ ਪੰਜਾਬੀਆਂ ਨੂੰ ਸੂਬੇ ਵਿਚ ਜ਼ਮੀਨਾਂ ਦੀ ਖ਼ਰੀਦੋ-ਫ਼ਰੋਖ਼ਤ ਦੇ ਹੱਕ ਦਿਵਾਉਣ ਲਈ ਚਾਰਾਜੋਈ ਕਰੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਬਾਰੇ ਕਾਨੂੰਨ ਵਿਚ ਲੋੜੀਂਦੀ ਸੋਧ ਵੀ ਕਰੇਗੀ ਅਤੇ ਲੋੜ ਪੈਣ 'ਤੇ ਕੇਂਦਰ ਸਰਕਾਰ ਕੋਲ ਵੀ ਮਾਮਲਾ ਚੁੱਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਗਲੇ ਵਰ੍ਹੇ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਵਿਚ ਐੱਨਆਰਆਈ ਸੰਮੇਲਨ ਕੀਤੇ ਜਾਣਗੇ ਤਾਂ ਜੋ ਉਨ੍ਹਾਂ ਦੇ ਬੂਹੇ 'ਤੇ ਜਾ ਕੇ ਮੁਸ਼ਕਲਾਂ ਜਾਣ ਸਕੀਏ। ਧਾਲੀਵਾਲ ਨੇ ਕਿਹਾ ਕਿ ਵਿਦੇਸ਼ਾਂ ਵਿਚ ਜਾ ਕੇ ਪ੍ਰਵਾਸੀ ਵੀਰਾਂ ਤੋਂ ਪੰਜਾਬ ਦੀ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਵਿੱਤੀ ਮਦਦ ਦੀ ਮੰਗ ਵੀ ਕੀਤੀ ਜਾਵੇਗੀ।

***

## ਭਾਰਤੀ ਅਮਰੀਕੀ ਡਾਕਟਰ ਨੂੰ ਸਰਜਰੀ ਬਦਲੇ

ਰਕਮ ਵੱਖ ਵੱਖ ਅਦਾ ਕੀਤੀ ਜੋ ਸਰਜਰੀ ਦੀ ਕਿਸਮ ਉਪਰ ਨਿਰਭਰ ਕਰਦੀ ਸੀ। ਡਰੋਬੋਟ ਨੂੰ ਅਪਰਾਧ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਤਹਿਤ 2018 ਵਿਚ 63 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਸੀ। ਉਸ ਨੂੰ ਡਾਕਟਰਾਂ ਨਾਲ ਮਿਲ ਕੇ ਮਰੀਜ਼ਾਂ ਨੂੰ ਠੱਗਣ ਦੀ ਸਾਜਿਸ਼ ਰਚਣ ਦਾ ਦੋਸ਼ੀ ਪਾਇਆ ਗਿਆ ਸੀ।

***

## ਉੱਤਰੀ ਕੈਲੀਫੋਰਨੀਆ 'ਚ ਆਏ ਜ਼ਬਰਦਸਤ

ਸਕੋਟੀਆ ਵਿਚ ਹੋਇਆ ਹੈ ਜੋ ਐਲ ਰਿਵਰ ਵਾਦੀ ਵਿਚ ਆਉਂਦੇ ਹਨ। ਰੀਓ ਡੈਲ ਸਿਟੀ ਮੈਨੇਜਰ ਕੀਲੇ ਨੋਪ ਅਨੁਸਾਰ ਸ਼ਹਿਰ ਵਿਚ 15 ਘਰਾਂ ਨੂੰ ਜਿਆਦਾ ਨੁਕਸਾਨ ਪੁੱਜਾ ਹੈ ਜੋ ਰਹਿਣ ਦੇ ਯੋਗ ਨਹੀਂ ਰਹੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਅੱਧੇ ਘਰ ਨੁਕਸਾਨੇ ਗਏ ਹਨ। ਘਰੋਂ ਬੇਘਰ ਹੋਏ ਲੋਕਾਂ ਦੀ ਗਿਣਤੀ ਸੈਂਕੜਿਆਂ ਵਿਚ ਹੋ ਸਕਦੀ ਹੈ। ਬੁਨਿਆਦੀ ਢਾਂਚੇ ਨੂੰ ਪੁੱਜੇ ਨੁਕਸਾਨ ਕਾਰਨ ਸ਼ਹਿਰ ਵਿਚ ਪਾਣੀ ਦੀ ਸਪਲਾਈ ਪ੍ਰਭਾਵਿਤ ਹੋਈ ਹੈ ਜਿਸ ਨੂੰ ਬਹਾਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

**

## ਉੱਭਰਦੇ ਖਿਡਾਰੀਆਂ ਨੇ ਕੀਤਾ

ਕੀਤਾ ਸੀ। ਹੋਣਹਾਰ ਖਿਡਾਰੀਆਂ ਦੀ ਗੱਲ ਕਰਦਿਆਂ ਪੁਰਤਗਾਲ ਦਾ ਬਰੂਨੋ ਫਰਨਾਂਡੀਜ਼ ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਨੇ ਗਰੁੱਪ ਮੈਚਾਂ ਦੌਰਾਨ ਘਾਨਾ ਵਿਰੁੱਧ ਦੋ ਗੋਲ ਕਰਨ ਵਿਚ ਸਹਾਇਤਾ ਕੀਤੀ ਸੀ ਅਤੇ ਤਿੰਨ ਦਿਨ ਬਾਅਦ ਉਰੂਗੁਆਏ ਵਿਰੁੱਧ ਖੇਡਦਿਆਂ ਮੈਚ ਦੇ ਦੋਵੇਂ ਗੋਲ ਕਰ ਕੇ ਆਪਣੀ ਟੀਮ ਨੂੰ 2-0 ਨਾਲ ਜਿੱਤ ਹਾਸਿਲ ਕਰਵਾਈ ਸੀ। ਯੂਰਪੀ ਖਿਡਾਰੀਆਂ ਤੋਂ ਇਲਾਵਾ ਏਸ਼ੀਆਈ ਟੀਮ ਈਰਾਨ ਦੇ ਸਟ੍ਰਾਈਕਰ ਖਿਡਾਰੀ ਮੇਹਦੀ ਤਰੇਮੀ ਵੀ ਕਾਰਗੁਜ਼ਾਰੀ ਨੂੰ ਖੇਡ ਦੇ ਜਾਣਕਾਰਾਂ ਵੱਲੋਂ ਕਾਫੀ ਪਸੰਦ ਕੀਤਾ ਗਿਆ, ਜਿਸ ਨੇ ਚੋਟੀ ਦੀ ਟੀਮ ਇੰਗਲੈਂਡ ਵਿਰੁੱਧ ਦੋ ਗੋਲ ਕੀਤੇ ਸਨ। ਸਟਾਰ ਖਿਡਾਰੀ ਲਿਓਨਲ ਮੈਸੀ ਦੀ ਟੀਮ ਅਰਜਨਟੀਨਾ ਦਾ 22 ਸਾਲਾ ਫਾਰਵਰਡ ਖਿਡਾਰੀ ਜੂਲੀਅਨ ਅਲਵਾਰੇਜ਼ ਦੀ ਹਰ ਕੋਈ ਪ੍ਰਸ਼ੰਸਾ ਕਰ ਰਿਹਾ ਹੈ ਜਿਸ ਨੇ ਪੋਲੈਂਡ ਵਿਰੁੱਧ ਇਕ, ਆਸਟ੍ਰੇਲੀਆ ਵਿਰੁੱਧ ਇਕ ਅਤੇ 2018 ਵਿਸ਼ਵ ਕੱਪ ਦੀ ਉਪਜੇਤੂ ਟੀਮ ਕ੍ਰੋਏਸ਼ੀਆ ਵਿਰੁੱਧ ਦੋ ਗੋਲ ਕਰ ਕੇ ਆਪਣੀ ਟੀਮ ਨੂੰ ਫਾਈਨਲ ਵਿਚ ਪਹੁੰਚਾਇਆ ਸੀ। ਜੇਕਰ ਗੱਲ ਕੀਤੀ ਜਾਏ ਵਿਸ਼ਵ ਕੱਪ ਵਿਚ ਭਾਗ ਲੈ ਚੁੱਕੀਆਂ ਟੀਮਾਂ ਸੰਬੰਧੀ ਕਾਰਗੁਜ਼ਾਰੀ ਦੀ ਤਾਂ ਮੋਰੱਕੋ ਦੀ ਟੀਮ ਨੇ ਆਪਣੀ ਕਾਰਜ ਸਮਰੱਥਾ ਨਾਲ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ ਸੀ। ਉਹ ਪਹਿਲੀ ਅਫ਼ਰੀਕੀ ਟੀਮ ਹੈ ਜਿਸ ਨੇ ਸੈਮੀ ਫਾਈਨਲ ਵਿਚ ਪ੍ਰਵੇਸ਼ ਕੀਤਾ ਸੀ। ਉਸ ਦੇ ਖਿਡਾਰੀ ਯੂਸਫ਼ ਏਨ-ਨੇਸਰੀ ਦੀ ਹਰ ਪਾਸੇ ਪ੍ਰਸ਼ੰਸਾ ਹੋ ਰਹੀ ਹੈ, ਜਿਸ ਨੇ ਕੁਆਰਟਰ ਫਾਈਨਲ ਦੇ ਇਕ ਮੈਚ ਵਿਚ ਮੈਚ ਦਾ ਇੱਕੋ-ਇਕ ਗੋਲ ਕਰ ਕੇ ਪੁਰਤਗਾਲ ਵਰਗੀ ਮਜ਼ਬੂਤ ਟੀਮ ਨੂੰ ਵਿਸ਼ਵ ਕੱਪ ਤੋਂ ਬਾਹਰ ਕਰ ਦਿੱਤਾ ਸੀ। ਵਿਸ਼ਵ ਕੱਪ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਖਿਡਾਰੀਆਂ ਦੀ ਗੱਲ ਕਰਦਿਆਂ ਫ਼ਰਾਂਸ ਦੇ ਸਟ੍ਰਾਈਕਰ ਖਿਡਾਰੀ ਓਲੀਵਰ ਗਿਰਾਓਡ ਦਾ ਜ਼ਿਕਰ ਕਰਨਾ ਲਾਜ਼ਮੀ ਹੈ, ਜਿਸ ਨੇ ਆਸਟ੍ਰੇਲੀਆ ਵਿਰੁੱਧ ਦੋ, ਪੋਲੈਂਡ ਵਿਰੁੱਧ ਇਕ ਅਤੇ ਇੰਗਲੈਂਡ ਵਿਰੁੱਧ ਇਕ ਗੋਲ ਕਰ ਕੇ ਆਪਣੀ ਟੀਮ ਦੀ ਸਥਿਤੀ ਨੂੰ ਮਜ਼ਬੂਤ ਕੀਤਾ ਸੀ। ਕਤਰ ਵਿਸ਼ਵ ਕੱਪ ਦੇ ਸਟਾਰ ਖਿਡਾਰੀਆਂ ਦੀ ਚਰਚਾ ਕਿਲੀਅਨ ਐਮਬਾਪੇ ਅਤੇ ਲਿਓਨ ਮੈਸੀ ਤੋਂ ਬਿਨਾਂ ਅਧੂਰੀ ਮੰਨੀ ਜਾਏਗੀ। ਜਿੱਥੇ ਐੱਮਬਾਪੇ ਵੱਲੋਂ ਆਸਟ੍ਰੇਲੀਆ, ਡੈਨਮਾਰਕ ਅਤੇ ਪੋਲੈਂਡ ਵਿਰੁੱਧ ਕੀਤੇ ਗੋਲ ਯਾਦ ਰੱਖੇ ਜਾਣਗੇ, ਉੱਥੇ ਮੈਸੀ ਵੱਲੋਂ ਸਾਊਦੀ ਅਰਬ, ਮੈਕਸੀਕੋ, ਆਸਟ੍ਰੇਲੀਆ, ਨੀਦਰਲੈਂਡ ਅਤੇ ਕ੍ਰੋਏਸ਼ੀਆ ਵਿਰੁੱਧ ਕੀਤੇ ਗੋਲਾਂ ਨੂੰ ਭੁਲਾਇਆ ਨਹੀਂ ਜਾ ਸਕੇਗਾ।

## ਕੋਰੋਨਾ ਕਾਰਨ ਸਰੀਰ

ਹਾਰਟ ਅਟੈਕ ਦੇ ਮਾਮਲੇ ਬਰਾਬਰ ਹੋ ਜਾਂਦੇ ਹਨ। 65 ਸਾਲ ਬਾਅਦ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਵਿੱਚ ਜ਼ਿਆਦਾ ਹਾਰਟ ਅਟੈਕ ਦੇ ਮਾਮਲੇ ਸਾਹਮਣੇ ਆਉਂਦੇ ਹਨ।ਇਸ ਲਈ ਡਾਕਟਰ ਔਰਤਾਂ ਅਤੇ ਪੁਰਸ਼ਾਂ ਦੋਵਾਂ ਨੂੰ ਹੀ ਆਪਣੇ ਖਾਣ-ਪੀਣ ਅਤੇ ਕਸਰਤ 'ਤੇ ਧਿਆਨ ਦੇਣ ਦੀ ਸਲਾਹ ਦਿੰਦੇ ਹਨ।

ਨੌਜਵਾਨ ਔਰਤਾਂ ਵਿਚ ਹੋ ਰਹੇ ਹਾਰਟ ਅਟੈਕ ਦਾ ਕਾਰਨ ਦੱਸਦੇ ਹੋਏ ਡਾਕਟਰ ਓਪੀ ਯਾਦਵ ਕਹਿੰਦੇ ਹਨ, 'ਔਰਤਾਂ ਦੀ ਜੀਵਨਸ਼ੈਲੀ ਵਿਚ ਆਏ ਬਦਲਾਅ ਉਨ੍ਹਾਂ ਨੂੰ ਅਜਿਹੀਆਂ ਬਿਮਾਰੀਆਂ ਵੱਲ ਧੱਕ ਰਹੇ ਹਨ।' ਉਹ ਕਹਿੰਦੇ ਹਨ, 'ਸਿਗਰਟਨੋਸ਼ੀ, ਸ਼ਰਾਬ ਦਾ ਸੇਵਨ ਅਤੇ ਮੈਦੇ ਤੋਂ ਬਣੇ ਖਾਣੇ ਕਾਰਨ ਇਸ ਪ੍ਰਕਾਰ ਦੀਆਂ ਬਿਮਾਰੀਆਂ ਦਾ ਖ਼ਤਰਾ ਵਧਣ ਲੱਗਿਆ ਹੈ। ਦੂਜੇ ਪਾਸੇ ਘਰਾਂ ਵਿਚ ਰਹਿੰਦੀਆਂ ਔਰਤਾਂ ਵੀ ਕਸਰਤ 'ਤੇ ਜ਼ਿਆਦਾ ਧਿਆਨ ਨਹੀਂ ਦਿੰਦੀਆਂ।'

ਜਿੰਮ, ਸਪਲੀਮੈਂਟਸ ਅਤੇ ਕਾਰਡੀਐਕ ਅਰੈਸਟ ਦਾ ਸਬੰਧ

ਡਾਕਟਰ ਦਾ ਕਹਿਣਾ ਹੈ ਕਿ ਜੇ ਤੁਸੀਂ ਅਚਾਨਕ ਜਿੰਮ ਜਾਣਾ ਸ਼ੁਰੂ ਕਰਦੇ ਹੋ ਅਤੇ ਅਜਿਹੀ ਕਸਰਤ ਕਰਨਾ ਸ਼ੁਰੂ ਕਰਦੇ ਹੋ, ਜਿਸ ਦੇ ਤੁਸੀਂ ਆਦੀ ਨਹੀਂ ਹੋ ਤਾਂ ਤੁਹਾਨੂੰ ਮੁਸ਼ਕਲਾਂ ਆ ਸਕਦੀਆਂ ਹਨ।

ਡਾਕਟਰ ਸਲਾਹ ਦਿੰਦੇ ਹਨ ਕਿ ਜਿੰਮ ਕਰਦੇ ਸਮੇਂ ਹੌਲੀ-ਹੌਲੀ ਉਸ ਦਾ ਪੱਧਰ ਵਧਾਓ। ਜੇ ਕਿਸੇ ਕੰਪੀਟੀਸ਼ਨ ਲਈ ਤਿਆਰੀ ਕਰ ਰਹੇ ਹੋ ਤਾਂ ਉਸ ਤੋਂ ਪਹਿਲਾਂ ਮੈਡੀਕਲ ਚੈਕਅਪ ਜ਼ਰੂਰ ਕਰਵਾਓ।

ਮੁੜ੍ਹਕਾ ਜ਼ਿਆਦਾ ਆਵੇ ਤਾਂ ਪਾਣੀ ਜ਼ਿਆਦਾ ਪੀਓ ਅਤੇ ਸਰੀਰ ਵਿਚ ਲੂਣ ਦੀ ਕਮੀ ਨਾ ਹੋਣ ਦੇਵੋ। ਸ਼ਰਾਬ, ਤੰਬਾਕੂ ਅਤੇ ਡਰੱਗਜ਼ ਦਾ ਸੇਵਨ ਵੀ ਸਿਹਤ 'ਤੇ ਮਾੜਾ ਪ੍ਰਭਾਵ ਪਾਉਂਦਾ ਹੈ ਅਤੇ ਖ਼ਤਰੇ ਨੂੰ ਵਧਾ ਸਕਦਾ ਹੈ।

ਡਾਕਟਰ ਵਿਵੇਕਾ ਕਹਿੰਦੇ ਹਨ, 'ਐਨਰਜੀ ਜਾਂ ਮਸਲਜ਼ ਬਣਾਉਣ ਵਾਲੇ ਪੇਅ ਪਦਾਰਥਾਂ ਦਾ ਸੇਵਨ ਨਾ ਕਰੋ, ਕਿਉਂਕਿ ਇਨ੍ਹਾਂ ਵਿੱਚ ਅਜਿਹੀਆਂ ਦਵਾਈਆਂ ਹੁੰਦੀਆਂ ਹਨ ਜਿਹੜੀਆਂ ਤੁਹਾਡੀ ਉਤੇਜਨਾ ਵਧਾਉਂਦੀਆਂ ਹਨ। ਇਨ੍ਹਾਂ ਵਿੱਚ ਸਿੰਥੈਟਿਕ ਕੰਪਾਊਂਡਜ਼ ਵੀ ਹੁੰਦੇ ਹਨ, ਜੋ ਤੁਹਾਨੂੰ ਨੁਕਸਾਨ ਪਹੁੰਚਾ ਸਕਦੇ ਹਨ।'

***

## ਪਿਛਲੇ ਕਈ ਦਹਾਕਿਆਂ ਤੋਂ ਮਾਨਵੀ

ਨਸ਼ਟ ਹੋ ਰਹੀ ਹੈ। ਗੈਰ -ਕਾਨੂੰਨੀ ਤਰੀਕੇ ਨਾਲ ਅਗਵਾ ਕੀਤੇ ਹਜ਼ਾਰਾਂ ਨੌਜਵਾਨਾਂ ਨੂੰ ਪੁਲਿਸ ਹਿਰਾਸਤ ਵਿੱਚ ਝੂਠੇ- ਮੁਕਾਬਲਾ ਬਣਾ ਕੇ ਸ਼ਰੇਆਮ ਕਤਲ ਕਰ ਦੇਣ ਤੋਂ ਵੱਡਾ ਭਿਆਨਕ ਕਤਲੇਆਮ ਹੋਰ ਕੀ ਹੋਵੇਗਾ ? ਸਿਤਮਜ਼ਰੀਫੀ ਦੇਖੋ ਕਿ ਆਪਣੇ ਗੁਨਾਹਾਂ 'ਤੇ ਪਰਦਾ ਪਾਉਣ ਲਈ ਉਨ੍ਹਾਂ ਲਾਸ਼ਾਂ ਨੂੰ ਵਾਰਸਾਂ ਹਵਾਲੇ ਕਰਨ ਦੀ ਬਜਾਏ, ਲਾਵਾਰਸ ਕਹਿ ਕੇ ਇਕੱਠਿਆਂ ਹੀ ਅੱਗ 'ਚ ਸਾੜ ਦਿੱਤਾ ਜਾਂਦਾ ਹੈ। ਬੱਸ ਇੱਥੇ ਹੀ ਨਹੀਂ, ਜਦ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਯੋਧਾ ਸਰਦਾਰ ਜਸਵੰਤ ਸਿੰਘ ਖਾਲਸਾ ਮਾਨਵਤਾ ਦੇ ਕਾਤਲਾਂ ਦੀ ਇਸ ਘਿਣਾਉਣੀ ਚਾਲ ਨੂੰ ਬੇਨਕਾਬ ਕਰਦਾ ਹੈ ਤਾਂ ਉਸਨੂੰ ਅਗਵਾ ਕਰਨ ਮਗਰੋਂ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਉਸ ਮਹਾਨ ਵਿਅਕਤੀ ਦਾ ਦੋਸ਼ ਕੀ ਸੀ ? ਸਿਰਫ਼ ਏਨਾ ਕਿ ਉਸਨੇ ਮਨੁੱਖੀ ਹੱਕਾਂ ਲਈ ਸੱਚ ਦੀ ਦੁਹਾਈ ਦਿੱਤੀ ਤੇ ਉਸਨੂੰ ਸਰਕਾਰੀ ਝੂਠ ਦਾ ਹਨੇਰਾ ਬਰਦਾਸ਼ਤ ਨਹੀਂ ਕਰ ਸਕਿਆ।

ਸੁਪ੍ਰਸਿੱਧ ਚਿੰਤਕ ਗੋਲਡ ਸਮਿਥ ਦਾ ਕਥਨ ਹੈ, 'ਮਾੜੇ ਤੇ ਗ਼ਰੀਬਾਂ ਉੱਤੇ ਕਨੂੰਨ ਰਾਜ ਕਰਦਾ ਹੈ ਤੇ ਤਕੜੇ ਤੇ ਅਮੀਰ ਕਾਨੂੰਨ 'ਤੇ ਰਾਜ ਕਰਦੇ ਹਨ।' ਕਾਨੂੰਨ ਦੇ ਸਨਮੁੱਖ ਸਮਾਨਤਾ ਦੀ ਥਾਂ ਵਾਸਤਵ ਵਿੱਚ ਕਾਣੀ-ਵੰਡ ਨਜ਼ਰ ਆਉਂਦੀ ਹੈ। ਜਦ ਆਮ ਮਨੁੱਖ ਕਾਨੂੰਨ ਦੇ ਕਟਹਿਰੇ ਵਿੱਚ ਹੁੰਦਾ ਹੈ ਤਾਂ ਉਸ ਉਪਰ ਦੰਡਾਤਮਕ ਨਜ਼ਰਬੰਦੀ, ਰਾਸ਼ਟਰੀ ਸੁਰੱਖਿਆ ਐਕਟ ਅਤੇ ਟਾਡਾ ਆਦਿ ਰਾਹੀ ਨਾਜਾਇਜ਼ ਅਤੇ ਅਣਉੱਚਿਤ ਪਾਬੰਦੀਆਂ ਲਾ ਕੇ ਮਨੁੱਖੀ ਹੱਕਾਂ ਦਾ ਘਾਣ ਹੁੰਦਾ ਹੈ। ਦੂਸਰੇ ਪਾਸੇ ਜਦ ਅਜਿਹੀ ਜਕੜ ਵਿੱਚ ਵਿਸ਼ੇਸ਼ ਪ੍ਰਸ਼ਾਸਨਿਕ ਅਧਿਕਾਰੀ ਆਉਂਦੇ ਹਨ, ਤਾਂ ਉਨ੍ਹਾਂ ਤੋਂ ਆਪਣੀਆਂ ਮਨਮਰਜ਼ੀਆਂ ਲਈ ਜੁਆਬ ਮੰਗਣ ਦੀ ਥਾਂ, ਉਨ੍ਹਾਂ ਵਾਸਤੇ ਵਿਸ਼ੇਸ਼ ਰਿਆਇਤਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਕਿਥੋਂ ਦਾ ਇਨਸਾਫ਼ ਹੈ ਕਿ ਆਮ ਮਨੁੱਖ ਤਾਂ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਸਜ਼ਾ ਕੱਟ ਰਿਹਾ ਹੋਵੇ, ਪਰ ਪੁਲਿਸ ਅਫ਼ਸਰ ਹਜ਼ਾਰਾਂ ਬੇਕਸੂਰਾਂ ਨੂੰ ਮਨਘੜਤ ਮੁਕਾਬਲਿਆਂ ਵਿੱਚ ਮਾਰ ਮੁਕਾਉਣ ਦੇ ਬਾਵਜੂਦ ਬੇਖ਼ੌਫ਼ ਹੋ ਕੇ ਮੌਜਾਂ ਮਾਣ ਰਿਹਾ ਹੋਵੇ। ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਣ ਵਾਲੀਆਂ ਸੰਸਥਾਵਾਂ ਨੂੰ ਦੇਸ਼-ਗ਼ੱਦਾਰ ਗਰਦਾਨਿਆਂ ਜਾਵੇ, ਜਦਕਿ ਮਾਨਵੀ ਹੱਕਾਂ ਦੀਆਂ ਧੱਜੀਆਂ ਉਡਾਉਣ ਵਾਲੇ ਦਾਨਵਾਂ ਨੂੰ ਦੇਸ਼-ਪ੍ਰੇਮੀ ਦੀ ਉਪਾਧੀ ਦਿੱਤੀ ਜਾਵੇ।

ਨਿਆਂ ਦੀ ਮੂਰਤੀ ਦੀਆਂ ਅੱਖਾਂ ਉੱਤੇ ਪੱਟੀ ਤਾਂ ਸ਼ਾਇਦ ਇਸ ਕਰਕੇ ਬੰਨ੍ਹੀ ਹੁੰਦੀ ਹੈ ਕਿ ਕਾਨੂੰਨ ਦੀ ਨਜ਼ਰ ਵਿੱਚ ਅਮੀਰ ਤੇ ਗ਼ਰੀਬ, ਤਕੜੇ ਤੇ ਮਾੜੇ ਅਤੇ ਰਾਜ ਤੇ ਪਰਜਾ ਵਿੱਚ ਕੋਈ ਭਿੰਨਤਾ ਨਾ ਹੋਵੇ, ਪਰ ਭਾਰਤੀ ਨਿਆਂ ਪ੍ਰਣਾਲੀ ਤਾਂ 'ਕਾਬਿਲੇ- ਤਾਰੀਫ਼' ਹੈ, ਜਿੱਥੇ ਦੋਸ਼ੀ ਤੇ ਨਿਰਦੋਸ਼, ਕਾਤਲ ਤੇ ਮਕਤੂਲ, ਸ਼ੋਸ਼ਣ ਤੇ ਸ਼ੋਸ਼ਿਤ ਅਤੇ ਭ੍ਰਿਸ਼ਟ ਤੇ ਇਮਾਨਦਾਰ ਵਿਚਕਾਰ ਵੀ ਭੋਰਾ-ਭਰ ਫ਼ਰਕ ਨਹੀਂ। ਸਭ ਨਾਲ ਇੱਕੋ-ਤਰ੍ਹਾਂ ਨਜਿੱਠਿਆ ਜਾਂਦਾ ਹੈ। ਇਸ ਪ੍ਰਕਾਰ ਇਹ ਸਮਾਨਤਾ ਭਾਰਤੀ ਕਾਨੂੰਨ ਵਿਵਸਥਾ 'ਇਤਿਹਾਸਕ ਪ੍ਰਾਪਤੀ' ਹੋ ਨਿੱਬੜਦੀ ਹੈ। ਸੰਯੁਕਤ ਰਾਸ਼ਟਰ ਦੀ ਮਨੁੱਖੀ ਵਿਕਾਸ ਨਾਲ ਸਬੰਧਿਤ ਰਿਪੋਰਟ ਵਿੱਚ 174 ਦੇਸ਼ਾਂ ਦੇ ਕੀਤੇ ਸਰਵੇਖਣ ਵਿੱਚ ਚਾਹੇ ਭਾਰਤ ਨੂੰ 'ਫਾਡੀ' ਸਥਾਨ ਮਿਲਣਾ 'ਤੇ ਬੜੀ ਨਮੋਸ਼ੀ ਉਠਾਉਣੀ ਪਈ ਹੈ, ਪਰ ਇਹ ਬੜੇ 'ਫ਼ਖ਼ਰ ਵਾਲੀ ਗੱਲ' ਹੈ ਕਿ ਮਨੁੱਖੀ ਅਧਿਕਾਰਾਂ ਦੀ ਅਸਮਾਨ ਵੰਡ ਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ ਜਲਦੀ ਹੀ ਦੁਨੀਆ ਦਾ 'ਮੋਦੀ' ਮੁਲਕ ਬਣ ਜਾਏਗਾ। ਸੈਂਕੜੇ ਬਿਲੀਅਨ ਡਾਲਰ ਦਾ ਕਰਜ਼ਾਈ ਹਿੰਦੁਸਤਾਨ ਆਰਥਿਕ ਦ੍ਰਿਸ਼ਟੀਕੋਣ ਤੋਂ 'ਕੰਗਾਲਿਸਤਾਨ' ਬਣਦਾ ਜਾ ਰਿਹਾ ਹੈ।

'ਅਜ਼ਾਦੀ' ਦਾ ਸਹੀ ਅਰਥ ਮਨੁੱਖੀ ਹੱਕਾਂ ਦੀ ਹੋਂਦ ਤੋਂ ਹੈ, ਜੋ ਸਮਾਨਤਾ ਸਹਿਤ ਹਰ ਮਨੁੱਖ ਨੂੰ ਹਾਸਿਲ ਹੋਣੀ ਲਾਜ਼ਮੀ ਹੈ। ਅਜ਼ਾਦੀ ਤੋਂ ਪਹਿਲਾਂ ਤਾਂ ਮੁਢਲੇ ਮਾਨਵੀ ਅਧਿਕਾਰ ਇਸ ਵਾਸਤੇ ਸੁਰੱਖਿਅਤ ਨਹੀਂ ਸਨ, ਕਿਉਂਕਿ ਭਾਰਤੀ ਲੋਕ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਸੰਤਾਪ ਹੰਢਾ ਰਹੇ ਸਨ। ਮਨੁੱਖੀ ਹੱਕਾਂ ਦੀ ਅਜ਼ਾਦੀ ਲਈ ਤਾਂ ਦੇਸ਼ ਵਾਸੀਆਂ ਨੇ ਫ਼ਰੰਗੀ ਹਕੂਮਤ ਵਿਰੁੱਧ ਜਹਾਦ ਛੇੜਿਆ ਸੀ, ਪਰ ਕੀ 'ਅਜ਼ਾਦੀ ਦੀ ਇਸ ਸਦੀ' ਦੇ ਦੌਰਾਨ ਭਾਰਤੀ ਨਾਗਰਿਕ ਦੇ ਅਧਿਕਾਰ ਸੁਰੱਖਿਅਤ ਰਹੇ ਹਨ ? ਇਸ ਦਾ ਉਤਰ ਆਜ਼ਾਦ ਭਾਰਤ ਵਿੱਚ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਵਾਪਰੇ ਸਭ ਤੋਂ ਵੱਡੇ ਸਿੱਖ ਨਰ- ਸੰਹਾਰ ਦੇ ਰੂਪ ਵਿੱਚ ਮਿਲਦਾ ਹੈ, ਜਦ ਖ਼ਾਸ ਫ਼ਿਰਕੇ ਦੇ ਲੋਕਾਂ 'ਤੇ ਅਣ-ਮਨੁੱਖੀ ਤਸ਼ੱਦਦ ਕੀਤਾ ਗਿਆ। ਧੀਆਂ -ਭੈਣਾਂ ਦੀ ਅਸਮਤ ਲੁੱਟੀ ਗਈ, ਹਜ਼ਾਰਾਂ ਦੀ ਗਿਣਤੀ ਵਿੱਚ ਗਲਾਂ ਵਿੱਚ ਟਾਇਰ ਪਾ ਕੇ, ਅੱਗ ਲਾ ਕੇ ਜਿਉਂਦੇ -ਜੀ ਸਾੜਿਆ ਗਿਆ। ਇਸ ਖ਼ੂਨੀ ਸਾਕੇ ਦੇ ਚਸ਼ਮਦੀਦ ਗਵਾਹ ਪ੍ਰਸ਼ਾਸਨਿਕ ਅਧਿਕਾਰੀ ਨਾ ਸਿਰਫ਼ ਮੂਕ -ਦਰਸ਼ਕ ਬਣੇ ਹੈਵਾਨੀਅਤ ਦਾ ਨੰਗਾ ਨਾਚ ਵੇਖਦੇ ਰਹੇ, ਸਗੋਂ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਦੋਸ਼ੀਆਂ ਨਾਲ ਮਿਲ ਕੇ, ਹੱਲਾ-ਸ਼ੇਰੀ ਦਿੰਦਿਆਂ, ਜਬਰ-ਜ਼ੁਲਮ ਵਿੱਚ ਪੂਰੀ ਤਰ੍ਹਾਂ ਸ਼ਰੀਕ ਵੀ ਹੋਏ। ਇਨ੍ਹਾਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਨਿਯੁਕਤ ਰੰਗਾਨਾਥ ਕਮਿਸ਼ਨ, ਕੁਸਮ ਲਤਾ ਜਾਂਚ ਸਮਿਤੀ, ਵੇਦ ਮਰਵਾਹ ਰਿਪੋਰਟ ਆਦਿ ਨੇ ਪੁਲਿਸ ਦੁਆਰਾ ਹੁੱਲੜਬਾਜ਼ਾਂ ਦਾ ਸਾਥ ਦੇਣ 'ਤੇ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਦੁੱਖ ਦੀ ਗੱਲ ਇਹ ਹੈ ਕਿ ਦੋਸ਼ੀ ਅਜੇ ਵੀ ਨਿਆਂਇਕ ਹਿਰਾਸਤ ਤੋਂ ਮੁਕਤ ਹਨ। 'ਸਿੱਖ ਨਸਲਕੁਸ਼ੀ ਸਰਕਾਰੀ ਅੱਤਵਾਦ' ਦੀ ਮੂੰਹ ਬੋਲਦੀ ਤਸਵੀਰ ਸੀ, ਜਿਸ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਕਰਕੇ ਦੇਸ਼ ਵਿੱਚ ਬਾਬਰੀ ਮਸਜਿਦ ਕਾਂਡ, ਗੁਜਰਾਤ ਕਤਲੇਆਮ, ਉੜੀਸਾ ਕਾਂਡ ਅਤੇ ਅਨੇਕਾਂ ਹੋਰ ਦੁਖਾਂਤ ਵਾਪਰੇ। ਥਾਂ-ਥਾਂ ਤੇ ਸਮੂਹਿਕ ਜਬਰ- ਜਨਾਹ ਹੋਏ ਅਤੇ ਅੱਜ ਵੀ ਹੋ ਰਹੇ ਹਨ, ਇਨ੍ਹਾਂ ਦਾ ਮੁੱਢ ਸਿੱਖ ਨਸਲਕੁਸ਼ੀ ਦੇ ਦੁੱਖਾਂ ਤੋਂ ਹੀ ਬੱਝਿਆ। ਇੰਨੇ ਭਿਆਨਕ ਅੱਤਿਆਚਾਰ ਕਾਰਨ ਸਿੱਖ ਮਾਨਸਿਕਤਾ ਵਿੱਚ ਲੋਕ ਮੁਹਾਵਰਾ ਵੀ ਅਜਿਹਾ ਬਣ ਚੁੱਕਿਆ ਹੈ ਕਿ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ ?

ਇਕ ਲਾਸ਼ ਚੁੱਕ ਲਾ ਦੂਜੀ ਨੂੰ ਤਿਆਰ।'

ਸਮੁੱਚੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਪੰਜਾਬ ਪਿਛਲੇ ਕਈ ਦਹਾਕਿਆਂ ਤੋਂ ਮਾਨਵੀ ਹੱਕਾਂ ਤੋਂ ਵਾਂਝਾ ਰਿਹਾ ਹੈ। ਸਿੱਖਾਂ ਨੂੰ 'ਅੱਤਵਾਦੀ' ਤੇ 'ਵੱਖਵਾਦੀ' ਕਹਿ ਕੇ ਥਾਣਿਆਂ ਵਿੱਚ ਅਕਹਿ ਕਹਿਰ ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਅਜਿਹੇ ਪੁਲਿਸ ਅਤਿਆਚਾਰ ਨੂੰ ਸਾਰੇ ਮੁਲਕ ਸਾਹਮਣੇ ਪੇਸ਼ ਕਰਨ ਲਈ ਮਾਨਵ ਅਧਿਕਾਰ ਸੰਗਠਨਾਂ ਨੇ ਕਈ ਰਿਪੋਰਟਾਂ ਪੇਸ਼ ਕੀਤੀਆਂ, ਜਿਨ੍ਹਾਂ 'ਚੋਂ 'ਰਿਪੋਰਟ ਟੂ ਨੇਸ਼ਨ- ਅਪਰੇਸ਼ਨ ਪੰਜਾਬ' ਤੇ 'ਸਟੇਟ ਟੈਰਰਿਜ਼ਮ ਇਨ ਪੰਜਾਬ' ਪ੍ਰਮੁੱਖ ਹਨ। ਇਨ੍ਹਾਂ ਰਿਪੋਰਟਾਂ ਵਿੱਚ ਪੁਲਿਸ ਅਤੇ ਅਰਧ-ਸੈਨਿਕ ਦਲਾਂ ਦੁਆਰਾ ਬੇਕਸੂਰ ਲੋਕਾਂ ਤੇ ਕੀਤੇ ਤਸ਼ੱਦਦ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਸ ਦੌਰਾਨ ਅੰਮ੍ਰਿਤਸਰ ਦੇ ਪਾਲ ਇੰਟਰਨੈਸ਼ਨਲ ਹਾਲ 'ਚ ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ ਦੀ ਹੋਈ ਨਿਆਂ ਕਨਵੈਨਸ਼ਨ ਵਿੱਚ ਪਾਸ ਕੀਤੇ ਮਤਿਆਂ 'ਚੋਂ ਇਕ ਮਹੱਤਵਪੂਰਨ ਇਹ ਵੀ ਹੈ ਕਿ ਸੀ.ਬੀ.ਆਈ ਦੁਆਰਾ ਸੁਪਰੀਮ ਕੋਰਟ ਅੱਗੇ ਪੇਸ਼ ਕੀਤੀ ਰਿਪੋਰਟ ਦੇ ਆਧਾਰ 'ਤੇ ਲਾਸ਼ਾਂ ਨੂੰ ਸਮੂਹਿਕ ਤੌਰ 'ਤੇ ਸਾੜਨ ਦੇ ਦੋਸ਼ ਵਿੱਚ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ ਗਿੱਲ ਤੇ ਉਸ ਵੇਲੇ ਦੇ ਸਿਆਸੀ ਪ੍ਰਭੂਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਵੱਡੇ ਪੱਧਰ 'ਤੇ ਹੋਏ ਇਸ ਕਤਲੇਆਮ ਬਦਲੇ ਉਨ੍ਹਾਂ ਉਪਰ ਨਿਊਰਮਬਰਗ ਟਰਾਇਲ ਵਾਂਗ ਮੁਕੱਦਮੇ ਚਲਾਏ ਜਾਣ, ਜਿਵੇਂ ਇੰਗਲੈਂਡ ਨੇ ਸਾਬਕਾ ਤਾਨਾਸ਼ਾਹ ਜਨਰਲ ਅਗਸਤੋ-ਪਿਨੋਸ਼ੋ ਨੂੰ ਗ੍ਰਿਫ਼ਤਾਰ ਕੀਤਾ, ਉਵੇਂ ਹੀ ਇਨ੍ਹਾਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ, ਪਰ ਅਫ਼ਸੋਸ ਕਿ 'ਗਿੱਲ ਵਰਗਿਆਂ' ਮਾਨਵੀ ਹੱਕਾਂ ਦੇ ਅਪਰਾਧੀਆਂ ਨੂੰ ਭਾਰਤੀ ਕਾਨੂੰਨ ਨੇ ਸਜ਼ਾਵਾਂ ਨਾ ਦਿੱਤੀਆਂ, ਬਲਕਿ ਉਹ ਕੁਦਰਤੀ ਮੌਤ ਮਰਿਆ। ਸ਼ਰਮਨਾਕ ਗੱਲ ਇਹ ਹੈ ਕਿ ਪੰਜਾਬ ਤੇ ਭਾਰਤ ਦੇ ਹਾਕਮਾਂ ਸਮੇਤ ਕੁਝ ਖੱਬੇਪੱਖੀ ਪਾਰਟੀਆਂ ਨੇ ਵੀ 'ਬੁਚੜ ਗਿੱਲ' ਦੀ ਮੌਤ 'ਤੇ ਕਸੀਦੇ ਪੜ੍ਹੇ ਤੇ ਮਨੁੱਖੀ ਹੱਕਾਂ ਦੇ ਸਿਧਾਂਤਾਂ ਨੂੰ ਕਲੰਕਤ ਕੀਤਾ।

ਅਜੋਕੇ ਸਮੇਂ ਪੂਰੇ ਵਿਸ਼ਵ ਵਿੱਚ ਮਨੁੱਖੀ ਹੱਕਾਂ ਦੀ ਜਾਗਰੂਕਤਾ, ਕ੍ਰਾਂਤੀਕਾਰੀ ਸ਼ਕਲ ਅਖ਼ਤਿਆਰ ਕਰ ਰਹੀ ਹੈ। ਪ੍ਰਸਿੱਧ ਚਿੰਤਕ ਰੂਸੋ ਦੇ ਵਿਚਾਰ ਅਨੁਸਾਰ ਮਨੁੱਖ ਨੂੰ, ਮੁਢਲੇ ਅਧਿਕਾਰਾਂ ਸਹਿਤ ਸੁਤੰਤਰ ਜਿਉਣ ਦਾ ਹੱਕ ਹਾਸਿਲ ਹੋਣਾ ਲਾਜ਼ਮੀ ਹੈ। ਮਨੁੱਖ ਨੂੰ ਮੂਲ ਅਧਿਕਾਰਾਂ ਤੋਂ ਸਖਣਾ ਰੱਖਣਾ ਬਗ਼ਾਵਤ ਨੂੰ ਜਨਮ ਦੇਣਾ ਹੈ ਤੇ ਅਜਿਹੀ ਸਥਿਤੀ ਵਿੱਚ ਅਧਿਕਾਰ ਮੰਗਣ ਦੀ ਥਾਂ, ਖੋਹਣ ਦੀ ਭਾਵਨਾ ਜਾਗ ਉਠਦੀ ਹੈ।

***

## ਮਨੁੱਖੀ ਜੀਵਨ ਵਿਚ ਵਿਵੇਕ

ਸੈਂਕੜੇ ਲੋਕ ਜਾਨਾਂ ਗੁਆਉਂਦੇ ਹੀ ਰਹੇ ਹਨ ਪਰ ਇਨ੍ਹਾਂ ਹਿੰਸਕ ਘਟਨਾਵਾਂ ਤੋਂ ਬਾਅਦ ਨਿਗਰਾਨੀ ਦੇ ਨਾਮ ਹੇਠ ਜਨਤਕ ਸੁਵਿਧਾਵਾਂ 'ਚ ਜਿੰਨੀ ਸਖ਼ਤੀ ਦਿਖਾਈ ਜਾ ਰਹੀ ਹੈ ਉਹ ਖ਼ਤਰੇ ਦੇ ਅਨੁਪਾਤ 'ਚ ਕਿਤੇ ਵੱਧ ਹੈ।

ਅਜਿਹੀਆਂ ਪ੍ਰਤੀਕਿਰਿਆਵਾਂ ਜਾਂ ਅਵਿਵੇਕੀ ਅਤਿ-ਪ੍ਰਤੀਕਿਰਿਆਵਾਂ ਨੂੰ ਪਿੰਕਰ ਨਿਸ਼ਾਨੇ 'ਤੇ ਲੈਂਦਾ ਹੈ। ਉਸ ਦਾ ਕਹਿਣਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਨੀਤੀ ਘੜਨ ਤੋਂ ਪਹਿਲਾਂ ਸਾਨੂੰ ਉਸ ਵਰਤਾਰੇ ਨਾਲ ਸਬੰਧਿਤ ਅੰਕੜਿਆਂ ਅਤੇ ਡਾਟਾ ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ। ਇਸ ਸਬੰਧ ਵਿਚ ਉਹ ਅਕਾਦਮਿਕ ਜਗਤ ਅਤੇ ਇਸ ਨਾਲ ਜੁੜੀਆਂ ਸੰਸਥਾਵਾਂ ਨੂੰ ਕਾਂਟੇ ਹੇਠ ਰੱਖਦਾ ਹੈ। ਉਸ ਦਾ ਕਹਿਣਾ ਹੈ ਕਿ ਯੂਨੀਵਰਸਿਟੀਆਂ ਨੂੰ ਤਾਂ ਵਿਵੇਕ ਅਤੇ ਗੂੜ੍ਹ ਗਿਆਨ ਦਾ ਗੜ੍ਹ ਹੋਣਾ ਚਾਹੀਦਾ ਹੈ। ਇਸ ਦੇ ਉਲਟ ਇਹ ਸਾਰੀਆਂ ਸੰਸਥਾਵਾਂ ਬੰਦੇ ਦੀ ਆਮ ਸਾਧਾਰਨ ਸਮਝ 'ਤੇ ਆਪਣੇ ਇਕਹਿਰੇ ਗਿਆਨ ਨਾਲ ਹਮਲਾ ਕਰ ਰਹੀਆਂ ਹਨ। ਉਹ ਆਪਣੀ ਇਕਪਾਸੜ ਪਹੁੰਚ ਨਾਲ ਲਿੰਗ, ਨਸਲ, ਸਭਿਆਚਾਰ, ਜਣਨ ਵਿਗਿਆਨ, ਬਸਤੀਵਾਦ ਅਤੇ ਕਾਮੁਕ ਪਛਾਣਾਂ ਪ੍ਰਤੀ ਅਸਹਿਵਨ ਹੀ ਧੁੰਦੂਕਾਰਾ ਪੈਦਾ ਕਰ ਰਹੀਆਂ ਹੁੰਦੀਆਂ ਹਨ। ਪਿੰਕਰ ਦਾ ਇਹ ਵੀ ਕਹਿਣਾ ਹੈ ਕਿ ਇਸੇ ਕਾਰਨ ਕੋਲ ਅਕਾਦਮਿਕ ਜਗਤ ਨੂੰ ਸੰਜੀਦਗੀ ਨਾਲ ਨਹੀਂ ਲੈਂਦਾ। ਇਸ ਨਾਲ ਰੂੜੀਵਾਦੀ ਸੋਚਾਂ ਵੱਧ ਪਨਪਣ ਲੱਗਦੀਆਂ ਹਨ।

ਇੰਝ ਪਿੰਕਰ ਦੇ ਸਰੋਕਾਰ ਗਣਿਤ ਤੋਂ ਪਰ੍ਹਾਂ ਦੇ ਹਨ ਪਰ ਜੇ ਦੇਖੀਏ ਤਾਂ ਗਿਣਤੀ ਦੀ ਆਮ ਜ਼ਿੰਦਗੀ ਵਿਚ ਬੜੀ ਅਹਿਮੀਅਤ ਹੈ। ਪਾਠਕ ਪਿੰਕਰ ਦੇ ਦਾਅਵਿਆਂ ਨੂੰ ਕੀ ਪ੍ਰਤੀਕਰਮ ਦਿੰਦੇ ਹਨ ਉਹ ਉਨ੍ਹਾਂ ਦੇ ਰਾਜਨੀਤਕ ਦ੍ਰਿਸ਼ਟੀਕੋਣ 'ਤੇ ਨਿਰਭਰ ਕਰਦਾ ਹੈ। ਪਿੰਕਰ ਆਪਣਾ ਤਰਕ ਉਸਾਰਨ ਲਈ ਵਿਗਿਆਨ ਦਾ ਸਹਾਰਾ ਲੈਂਦਾ ਹੈ ਪਰ ਕਈ ਵਾਰ ਉਸ ਦੇ ਕਹਿਣ 'ਚ ਕੁਝ ਅੰਸ਼ ਅੰਦਾਜ਼ਿਆਂ ਦਾ ਵੀ ਹੁੰਦਾ ਹੈ। ਜਿਵੇਂ ਜਦੋਂ ਕੋਈ ਪੁੱਛਦਾ ਹੈ ਕਿ ਜੇਕਰ ਵਿਵੇਕ ਏਨੀ ਮਹਾਨ ਗੱਲ ਹੈ ਤਾਂ ਬੰਦੇ ਦਾ ਵਿਵਹਾਰ ਐਵੇਂ ਹੀ ਅਵਿਵੇਕੀ ਕਿਉਂ ਹੋ ਜਾਂਦਾ ਹੈ ? ਇਸ ਦਾ ਜਵਾਬ ਦੇਣ ਹਿੱਤ ਪਿੰਕਰ ਮਾਨਵੀ ਵਿਗਾਸ (evolution) ਦੇ ਖੇਤਰ 'ਚ ਸ਼ਰਨ ਲੈਂਦਾ ਹੈ ਤੇ ਕਹਿੰਦਾ ਹੈ ਕਿ ਮਨੁੱਖ ਪ੍ਰਵਿਰਤੀਮੂਲਕ ਪੱਧਰ 'ਤੇ ਵਿਗਿਆਨਕ ਵਜੋਂ ਨਹੀਂ ਸਗੋਂ ਵਕੀਲ ਵਜੋਂ ਵਿਕਸਤ ਹੋਇਆ ਹੈ ਭਾਵ ਬੰਦੇ ਕੋਲ ਆਪਣੀ ਹਰ ਹਰਕਤ ਅਤੇ ਗ਼ਲਤੀ ਨੂੰ ਉਚਿਤ ਠਹਿਰਾਉਣ ਦਾ ਬਹਾਨਾ ਹੁੰਦਾ ਹੈ। ਆਪਣੀਆਂ ਅਖ਼ਤਿਆਰ ਕੀਤੀਆਂ ਪੋਜੀਸ਼ਨਾਂ ਤੋਂ ਬਚ ਨਿਕਲਣ ਕਈ ਉਨ੍ਹਾਂ ਕੋਲ ਕਈ ਅੱਧੇ-ਅਧੂਰੇ ਤਰਕ ਹੁੰਦੇ ਹਨ ਅਤੇ ਇਨ੍ਹਾਂ ਦੀ ਸਾਰੀ ਜ਼ਿੰਮੇਵਾਰੀ ਉਹ ਹੋਰ ਲੋਕਾਂ ਦੇ ਤਰਕਾਂ ਦੇ ਮੱਥੇ ਮੜ੍ਹ ਦਿੰਦੇ ਹਨ। ਪਿੰਕਰ ਸੰਗਿਆਨ-ਵਿਗਿਆਨਕ ਵਜੋਂ ਵਿਵੇਕੀ ਸੋਚ ਦੀ ਉਚਿਤਤਾ ਬਾਰੇ ਬੜੇ ਸਹੀ ਢੰਗ ਨਾਲ ਕਹਿੰਦਾ ਹੈ ਕਿ ਕਈ ਵਾਰ ਸਾਡਾ ਦਿਮਾਗ਼ ਕਿਉਂ ਕਮਲੀਆਂ ਮਾਰਨ ਲੱਗਦਾ ਹੈ।

ਪਿੰਕਰ ਲਿਖਦਾ ਹੈ ਕਿ ਉਤਰ ਆਧੁਨਿਕਤਾ ਜਿਹੀਆਂ ਫੈਸ਼ਨੇਬਲ ਅਕਾਦਮਿਕ ਲਹਿਰਾਂ ਅਨੁਸਾਰ ਤਰਕ, ਸੱਚ ਅਤੇ ਵਸਤੂਪਰਕਤਾ ਅਜਿਹੀਆਂ ਸਮਾਜਿਕ ਬਣਤਰਾਂ ਹਨ ਜੋ ਪ੍ਰਬਲ ਸਮੂਹਾਂ ਦੇ ਅਧਿਕਾਰਾਂ ਨੂੰ ਉਚਿਤ ਠਹਿਰਾਉਂਦੀਆਂ ਹਨ। ਉਸ ਅਨੁਸਾਰ ਵਸਤੂਪਰਕ ਸੱਚ ਕੁਝ ਨਹੀਂ ਹੁੰਦਾ ਪਰ ਅਸੀਂ ਵਿਵੇਕੀ ਸਮਝ ਨਾਲ ਇਸ ਦੇ ਲਾਗੇ ਪਹੁੰਚ ਸਕਦੇ ਹਾਂ।

ਪਰ ਸਵਾਲ ਉੱਠਦਾ ਹੈ ਕਿ ਵਿਵੇਕ ਅਸਲ 'ਚ ਹੈ ਕੀ ? ਬੇਸ਼ੱਕ ਇਹ ਉਨ੍ਹਾਂ ਨਿਯਮਾਂ ਅਤੇ ਸੰਦਾਂ ਦਾ ਸਮੂਹ ਹੈ ਜੋ ਪੂਰਵਧਾਰਨਾਵਾਂ, ਪੂਰਵਗ੍ਰਹਿਆਂ, ਰੂੜ੍ਹੀਆਂ, ਕੁਮੱਤਾਂ, ਵਹਿਮਾਂ ਭਰਮਾਂ ਅਤੇ ਅੰਧ-ਵਿਸ਼ਵਾਸਾਂ ਜਿਨ੍ਹਾਂ ਨੂੰ ਪਿੰਕਰ ਸੰਗਿਆਨਕ ਭਰਮ (Cognitive illusions) ਕਹਿੰਦਾ ਹੈ, ਨੂੰ ਖ਼ਤਮ ਕਰਨ 'ਚ ਸਹਾਈ ਹੁੰਦਾ ਹੈ। ਇਹ ਸੰਗਿਆਨਕ ਭਰਮ ਸਾਡੇ ਅਤੇ ਸਾਡੇ ਅਸਲ ਸੱਚ ਬਾਰੇ ਸਪੱਸ਼ਟ ਪ੍ਰਤੱਖਣ ਦਰਮਿਆਨ ਖੜ੍ਹ ਜਾਂਦੇ ਹਨ। ਇਨ੍ਹਾਂ ਸੰਦਾਂ ਵਿਚ ਤਰਕ, ਸੰਭਾਵਿਤਾ ਅਤੇ ਅਨੁਭਵਸ਼ੀਲ ਤਾਰਕਿਕਤਾ ਆਦਿ ਸ਼ਾਮਿਲ ਹਨ।

ਪਿੰਕਰ ਵਿਵੇਕ ਦੀ ਵਿਆਖਿਆ ਕਰਦਿਆਂ ਕਈ ਢਿੱਡੀਂ ਪੀੜਾਂ ਪਾਉਣ ਵਾਲੇ ਲਤੀਫ਼ੇ ਸੁਣਾਉਂਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਲਤੀਫ਼ਿਆਂ 'ਚ ਕਈ ਤਰਕ ਨੂੰ ਮਹੀਨ ਅਤੇ ਬਾਰੀਕਬੀਨੀ ਨਾਲ ਬਿਆਨ ਕੀਤਾ ਜਾਂਦਾ ਹੈ। ਲਤੀਫ਼ੇ ਦਾ ਮਤਲਬ ਹੀ ਹੁੰਦਾ ਹੈ ਲਤੀਫ਼ ਭਾਵ ਬਾਰੀਕ ਗੱਲ ਜਾਂ ਤਰਕ। ਇਸੇ ਕਰਕੇ ਚਿੰਤਕ ਅਤੇ ਆਲੋਚਕ ਕਲਾਈਵ ਜੇਮਜ਼ ਦਾ ਕਹਿਣਾ ਹੈ : Sense of humour is comman sense, dancing। ਪਿੰਕਰ ਅਨੁਸਾਰ ਤਰਕ ਦੀ ਕੋਈ ਭਾਵੁਕਤਾ ਨਹੀਂ। ਉਹ ਮਨੋਵਿਗਿਆਨੀ ਵਿਲੀਅਮ ਜੇਮਜ਼ ਦਾ ਹਵਾਲਾ ਦਿੰਦਿਆਂ ਕਹਿੰਦਾ ਹੈ ਕਿ ਪਿਆਰ ਹਿੱਤ ਰੋਮੀਓ ਨੂੰ ਵੀ ਉਸ ਦੇ ਅਤੇ ਜੂਲੀਅਟ ਦਰਮਿਆਨ ਆਉਣ ਵਾਲੇ ਅੜਿੱਕਿਆਂ ਨੂੰ ਸਰ ਕਰਨ ਵਾਸਤੇ ਆਪਣੇ ਵਿਵੇਕੀ ਮਨ ਦਾ ਪ੍ਰਯੋਗ ਕਰਨਾ ਪਿਆ। ਇੰਝ ਵਿਵੇਕ ਤੋਂ ਭਾਵ ਹੈ ਕਿ ਜੋ ਸ਼ੈਅ ਅਸੀਂ ਚਾਹੁੰਦੇ ਹਾਂ ਉਸ ਨੂੰ ਸੱਚਮੁੱਚ ਹਾਸਿਲ ਕਰਨ ਲਈ ਬਹੁਤ ਅਵਿਵੇਕੀ ਬੰਦੇ ਵੀ ਵਿਵੇਕੀ ਚੋਣ ਕਰ ਲੈਂਦੇ ਹਨ। ਜਦੋਂ ਸਥਿਤੀਆਂ ਔਖੀਆਂ ਹੋ ਜਾਂਦੀਆਂ ਹਨ ਉਦੋਂ ਬੰਦੇ ਦਾ ਦਿਮਾਗ਼ ਜੋ ਸੌਖੇ ਰਾਹ ਅਪਣਾਉਣ ਦਾ ਆਦੀ ਹੋ ਜਾਂਦੈ ਤੇ ਉਹ ਰਾਹ 'ਚ ਓਝਲ ਜਾਂਦਾ ਹੈ ਤੇ ਕਈ ਵਾਰ ਬਹੁਤ ਤੀਖਣ ਬੁੱਧੀ ਵਾਲੇ ਵੀ ਕਿਸਮਤਵਾਦੀ ਹੋ ਨਿਬੜਦੇ ਹਨ। ਕਈ ਵਾਰ ਬੰਦਾ ਅੱਧੋ-ਅੱਧ ਦੀ ਚੋਣ ਵਿਚ ਸੰਭਾਵਿਤਾ ਦੇ ਮੂਲ ਤੱਥ ਨੂੰ ਸਮਝਣ ਲਈ ਸੰਘਰਸ਼ ਕਰਦਾ ਹੈ। ਕੀ ਮੂਲ ਚੋਣ ਨਾਲ ਹੀ ਜੁੜੇ ਰਹਿਣਾ ਜਾਂ ਕਈ ਹੋਰ ਹਜ਼ਾਰਾਂ ਚੋਣਾਂ ਬਿਹਤਰ ਹੋ ਸਕਦੀਆਂ ਹਨ ?

ਅੰਤ 'ਚ ਕਿਹਾ ਜਾ ਸਕਦਾ ਹੈ ਕਿ ਵਿਵੇਕ ਸਦਾ ਹੀ ਕਿਸੇ ਧੁੰਦੂਕਾਰੇ, ਜ਼ੁਲਮ ਜਾਂ ਵਿਗੋਚੇ 'ਚ ਫਸਣ ਤੋਂ ਬਚਾਉਂਦਾ ਹੈ। ਵਿਵੇਕੀ ਹੋਣ ਵਿਰੁੱਧ ਕੋਈ ਤਰਕ-ਵਿਤਰਕ ਸੰਭਵ ਨਹੀਂ। ਵਿਵੇਕ ਨੂੰ ਘਟਾ ਕੇ ਦੇਖਣਾ ਅਵਿਵੇਕੀ ਹੋਣ ਦੇ ਮੋਹ ਜਾਲ ਵਿਚ ਫਸਣ ਬਰਾਬਰ ਹੈ।

***

## ਅਮਰੀਕਾ ਤੇ ਉਸ ਦੀ ਜਮਹੂਰੀਅਤ

ਹਮਾਇਤ ਨੂੰ ਵੱਡਾ ਖੋਰਾ ਲੱਗਾ ਵੇਖਿਆ ਗਿਆ ਹੈ। ਟਰੰਪ ਇਕ ਅਜਿਹਾ ਆਗੂ ਵੀ ਸਿੱਧ ਹੋਇਆ ਹੈ ਜੋ ਆਪ-ਹੁਦਰੀ ਏਕਾਧਿਕਾਰ ਵਾਲੀ ਸੋਚ ਅਧੀਨ ਮੁਹੰਮਦ ਤੁਗਲਕੀ ਫ਼ੈਸਲੇ ਲੈਣ ਲਈ ਵੀ ਬਦਨਾਮ ਹੈ। ਉਸ ਨੇ ਆਪਣੇ ਭਰੋਸੇਯੋਗ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨਾਲ ਤ੍ਰੈ-ਪੱਖੀ ਵਪਾਰਕ ਸੰਧੀ ਤੋੜ ਕੇ ਉਨ੍ਹਾਂ ਨਾਲ ਮੁੜ ਤੋਂ ਦੁਵੱਲੀ ਵਪਾਰਕ ਸੰਧੀ ਕੀਤੀ ਜਿਸ ਦੀ ਵੱਡੀ ਮਾਰ ਇਨ੍ਹਾਂ ਗੁਆਂਢੀ ਦੇਸ਼ਾਂ ਨੂੰ ਝੱਲਣੀ ਪਈ।

ਮੈਕਸੀਕੋ ਸਰਹੱਦ ਤੋਂ ਵੱਡੇ ਪੱਧਰ 'ਤੇ ਘੁਸਪੈਠ ਰੋਕਣ ਲਈ ਕੰਧ ਕੱਢਣ ਦਾ ਫ਼ੈਸਲਾ ਲਿਆ ਅਤੇ ਉਸ ਦਾ ਖ਼ਰਚਾ ਜਬਰੀ ਮੈਕਸੀਕੋ ਸਰਕਾਰ 'ਤੇ ਪਾਇਆ। ਪਰ ਉਹ ਪੂਰੀ ਨਹੀਂ ਹੋ ਸਕੀ ਅਤੇ ਜੋਅ ਬਾਈਡਨ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਉਹ ਪ੍ਰਾਜੈਕਟ ਠੱਪ ਕਰ ਦਿੱਤਾ ਗਿਆ। ਉਸ ਨੇ ਪੈਰਿਸ ਵਾਤਾਵਰਨ ਸੰਧੀ 'ਚੋਂ ਪੈਰ ਪਿਛਾਂਹ ਖਿੱਚ ਲਏ ਅਤੇ ਈਰਾਨ ਨਾਲ ਕੀਤਾ ਪਰਮਾਣੂ ਸਮਝੌਤਾ ਤੋੜ ਲਿਆ। ਟਰੰਪ ਅਕਸਰ ਜੀ-7 ਅਤੇ ਜੀ-20 ਕਾਨਫਰੰਸਾਂ ਵਿਚ ਵਿਸ਼ਵ ਆਗੂਆਂ ਨਾਲ ਝੇਡਾਂ ਕਰਦਾ ਵੇਖਿਆ ਜਾਂਦਾ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਥਾਣੇਦਾਰੀ ਵਰਤਾਅ ਕਰਦਾ। ਕਾਨਫਰੰਸਾਂ ਵਿੱਚੇ ਛੱਡ ਕੇ ਦੌੜ ਜਾਂਦਾ। ਉਸ ਦਾ ਪਤਾ ਨਹੀਂ ਕਿ ਕਦੋਂ ਕੀ ਬੋਲ ਦੇਵੇ। ਰਾਸ਼ਟਰਪਤੀ ਬਣਨ ਤੋਂ ਬਾਅਦ ਉਸ ਨੇ ਆਪਣੀ ਟੈਕਸ ਰਿਟਰਨ ਭਰਨੀ ਬੰਦ ਕਰ ਦਿੱਤੀ ਸੀ। ਹੁਣ ਇਹ ਮਾਮਲਾ ਵੀ ਅਦਾਲਤ ਵਿਚ ਹੈ। ਦਰਅਸਲ, ਉਹ ਆਪਣੇ-ਆਪ ਨੂੰ ਕਾਨੂੰਨ ਤੋਂ ਉੱਪਰ ਸਮਝਦਾ ਸੀ। ਉਸ ਨੇ ਆਪਣੇ ਕਾਰਜਕਾਲ ਵੇਲੇ ਗ਼ਰੀਬ ਅਤੇ ਆਮ ਲੋਕਾਂ ਦਾ ਭਵਿੱਖ ਸੁਧਾਰਨ ਲਈ ਕੁਝ ਨਹੀਂ ਕੀਤਾ। ਅਮੀਰ ਲੋਕਾਂ 'ਤੇ ਟੈਕਸ ਲਾਉਣ ਦੀ ਥਾਂ ਦੇਸ਼ ਸਿਰ ਕਰਜ਼ੇ ਦੀ ਪੰਡ ਭਾਰੀ ਕੀਤੀ।

ਦਰਅਸਲ, ਡੋਨਾਲਡ ਟਰੰਪ ਕਿਸੇ ਵੀ ਜਨਤਕ ਅਹੁਦੇ ਲਈ ਅਯੋਗ ਹੈ। ਉਸ ਨੂੰ ਸੰਨ 2019 ਵਿਚ ਸੱਤਾ ਦੇ ਦੁਰਉਪਯੋਗ ਲਈ ਸੈਨੇਟ ਵੱਲੋਂ ਦੋਸ਼ੀ ਠਹਿਰਾਇਆ ਜਾਣਾ ਚਾਹੀਦਾ ਸੀ। ਇਵੇਂ ਹੀ 6 ਜਨਵਰੀ 2021 ਨੂੰ ਦੇਸ਼ ਅੰਦਰ ਬਗ਼ਾਵਤ ਭੜਕਾਉਣ ਲਈ ਜੇਲ੍ਹ ਸੁੱਟਿਆ ਜਾਣਾ ਚਾਹੀਦਾ ਸੀ। ਦੇਸ਼ ਦੇ 15-20 ਜਗੀਰਦਾਰੂ, ਨਸਲਪ੍ਰਸਤ, ਗ਼ੈਰ-ਗੋਰਾ ਨਫ਼ਰਤ ਨਾਲ ਲਬਰੇਜ਼ ਰਾਜਾਂ ਨੂੰ ਉਸ ਦੀ ਅੰਨ੍ਹੇਵਾਹ ਹਮਾਇਤ ਬੰਦ ਕਰਨੀ ਚਾਹੀਦੀ ਹੈ। ਅਜੇ ਪਹਿਲੀਆਂ ਪ੍ਰਾਇਮਰੀ ਚੋਣਾਂ ਵਿਚ ਸਾਲ ਪਿਆ ਹੈ, ਰਿਪਬਲਿਕਨ ਪਾਰਟੀ ਨੂੰ ਅੱਗੇ ਹੋ ਕੇ ਉਸ ਦੀ ਪੇਸ਼ਬੰਦੀ ਰੋਕਣੀ ਚਾਹੀਦੀ ਹੈ।ਅਮਰੀਕੀ ਨਾਗਰਿਕਾਂ ਨੂੰ ਲੋਕਸ਼ਾਹੀ ਦੀ ਰਾਖੀ ਖ਼ਾਤਰ 'ਕਾਨੂੰਨ ਦੇ ਰਾਜ' ਵਿਚ ਵਿਸ਼ਵਾਸ ਕਰਨ ਵਾਲੀ ਸਿਆਸੀ ਲੀਡਰਸ਼ਿਪ ਨੂੰ ਪੂਰੀ ਸ਼ਿੱਦਤ ਨਾਲ ਅੱਗੇ ਲਿਆਉਣਾ ਪਵੇਗਾ। ਸੰਵਿਧਾਨਕ ਮਾਹਿਰ, ਬੁੱਧੀਜੀਵੀ ਤੇ ਅਮਰੀਕੀ ਲੋਕਤੰਤਰ ਦੇ ਪਹਿਰੇਦਾਰਾਂ ਦਾ ਸੁਝਾਅ ਹੈ ਕਿ ਅਮਰੀਕੀ ਕਾਂਗਰਸ ਨੂੰ 'ਚੋਣ ਗਿਣਤੀ ਕਾਨੂੰਨ' ਵਿਚ ਅਜਿਹੀ ਸੋਧ ਦੀ ਲੋੜ ਹੈ ਕਿ ਭਵਿੱਖ ਵਿਚ ਕੋਈ ਰਾਸ਼ਟਰਪਤੀ ਚੋਣਾਂ ਦਾ ਉਮੀਦਵਾਰ ਰਾਜਾਂ ਵੱਲੋਂ ਐਲਾਨੇ ਚੋਣ ਨਤੀਜਿਆਂ ਨੂੰ ਚੁਣੌਤੀ ਦੇਣ ਦਾ ਅਧਿਕਾਰ ਨਾ ਰੱਖੇ। ਰਿਪਬਲਿਕਨ ਪਾਰਟੀ ਨੂੰ ਟਰੰਪ ਵਰਗੇ ਅਯੋਗ, ਨਫ਼ਰਤੀ, ਹਿੰਸਕ, ਨਸਲਵਾਦੀ ਵਿਅਕਤੀ ਨੂੰ ਮੁੜ ਤੋਂ ਅੱਗੇ ਨਾ ਲਿਆ ਕੇ ਪਿਛਲੀ ਗ਼ਲਤੀ ਸੁਧਾਰਨੀ ਹੋਵੇਗੀ। ਡੈਮੋਕ੍ਰੇਟਾਂ ਨੂੰ ਵੀ ਕਿਸੇ ਨੌਜਵਾਨ, ਸੂਝਵਾਨ, ਲੋਕ ਸ਼ਾਹੀ ਪ੍ਰਤੀ ਵਚਨਬੱਧ ਉਮੀਦਵਾਰ ਨੂੰ ਬੁੱਢੀ ਲੀਡਰਸ਼ਿਪ ਨਾਲੋਂ ਤਰਜੀਹ ਦੇਣੀ ਪਵੇਗੀ। ਅਮਰੀਕਾ, ਅਮਰੀਕੀ ਲੋਕਾਂ, ਲੋਕਤੰਤਰ ਅਤੇ ਲੋਕਤੰਤਰੀ ਸੰਸਥਾਵਾਂ ਦੀ ਬਿਹਤਰੀ ਤੇ ਸੁਰੱਖਿਆ ਇਵੇਂ ਹੀ ਸੰਭਵ ਹੋ ਸਕੇਗੀ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com